
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 7 ISSUE - 37
December 26, 2018

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ








(1) PK Chumber with Mr. Kashmir Singh Heera (India Market),
(2) Maharishi Valmik Sabha USA (Yuba City),
(3) Sri Guru Ravidass Sabha Yuba City with Great Ghadri Baba Babu Mangu Ram Muggowalia's book in California.

## ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿਚ ਸ਼ਹੀਦੀ ਜੋੜ ਮੇਲ ਆਰੰਭ

### ਦੇਸ਼-ਵਿਦੇਸ਼ ਤੋਂ ਭਾਰੀ ਗਿਣਤੀ ਵਿਚ ਸੰਗਤ ਪੁੱਜੀ

**ਫਤਹਿਗੜ੍ਹ ਸਾਹਿਬ (ਬਿਊਰੋ)–** ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਅਤੇ ਮਾਤਾ ਗੁਜਰੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਭਲਕੇ ਬੁੱਧਵਾਰ 26 ਦਸੰਬਰ ਤੋਂ ਸ਼ੁਰੂ ਹੋ ਗਈ ਸ਼ਹੀਦੀ ਸਭਾ ਲਈ ਦੇਸ਼ ਵਿਦੇਸ਼ ਤੋਂ ਵੱਡੀ ਗਿਣਤੀ ਸੰਗਤ ਦੀ ਆਮਦ ਸ਼ੁਰੂ ਹੋ ਗਈ ਹੈ। ਪਹਿਲੇ ਦਿਨ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਰਧਾਲੂ ਇਤਿਹਾਸਕ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ, ਸ੍ਰੀ ਜੋਤੀ ਸਰੂਪ ਸਾਹਿਬ ਅਤੇ ਹੋਰ ਗੁਰਦੁਆਰਿਆਂ ਵਿਖੇ ਨਤਮਸਤਕ ਹੋਏ। ਦੁਪਹਿਰ ਸਮੇਂ ਅਕਾਲੀ ਦਲ ਟਕਸਾਲੀ ਦੇ ਪ੍ਰਧਾਨ ਰਣਜੀਤ ਸਿੰਘ ਬ੍ਰਹਮਪੁਰਾ, ਸਕੱਤਰ ਜਨਰਲ ਸੇਵਾ ਸਿੰਘ ਸੇਖਵਾਂ, ਸੀਨੀਅਰ ਮੀਤ ਪ੍ਰਧਾਨ ਰਤਨ ਸਿੰਘ ਅਜਨਾਲਾ, ਮੀਤ ਪ੍ਰਧਾਨ ਉਜਾਗਰ ਸਿੰਘ ਬਡਾਲੀ, ਮੀਤ ਪ੍ਰਧਾਨ ਮਹਿੰਦਰ ਸਿੰਘ ਹੁਸੈਨਪੁਰਾ, ਸਾਬਕਾ ਵਿਧਾਇਕ ਮਨਮੋਹਨ ਸਿੰਘ ਸਖਿਆਲਾ, ਜਥੇ. ਮੱਖਣ ਸਿੰਘ, ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਆਦਿ



ਨੇ ਗੁਰਦੁਆਰਾ ਸਾਹਿਬ ਮੱਥਾ ਟੇਕਿਆ। ਸ਼੍ਰੋਮਣੀ ਅਕਾਲੀ ਦਲ ਟਕਸਾਲੀ ਦੇ ਆਗੂਆਂ ਨੇ ਇਸ ਮੌਕੇ ਸਿਆਸੀ ਗੱਲਬਾਤ ਤੋਂ ਇਨਕਾਰ ਕਰਦਿਆਂ ਕਿਹਾ ਕਿ ਉਹ ਇਥੇ ਸ਼ਹੀਦੀ ਸਭਾ ਵਿੱਚ ਨਤਮਸਤਕ ਹੋਣ ਲਈ ਆਏ ਹਨ। ਆਗੂਆਂ ਨੇ ਸ਼ਹੀਦੀ ਸਭਾ ਮੌਕੇ ਸਿਆਸੀ ਕਾਨਫੰਰਸਾਂ ਨਾ ਕਰਨ ਦੇ ਫੈਸਲੇ ਨੂੰ ਸਹੀ ਦੱਸਿਆ। ਜਦੋਂ ਉਨ੍ਹਾਂ ਨੂੰ ਪੁੱਛਿਆ ਕਿ ਅਕਾਲੀ ਦਲ ਅੰਮ੍ਰਿਤਸਰ ਵਲੋਂ ਕਾਨਫੰਰਸ ਕੀਤੀ ਜਾ ਰਹੀ ਹੈ ਤਾਂ ਉਨ੍ਹਾਂ ਕਿਹਾ ਕਿ ਅਜਿਹਾ ਨਹੀਂ ਕੀਤਾ ਜਾਣਾ ਚਾਹੀਦਾ। ਉਨ੍ਹਾਂ ਅਕਾਲੀ ਦਲ ਟਕਸਾਲੀ ਨੂੰ ਹੀ ਅਸਲ ਅਕਾਲੀ ਦਲ ਦੱਸਿਆ। ਉਧਰ ਵੱਡੀ ਗਿਣਤੀ ਸੰਗਤਾਂ ਦੀ ਆਮਦ ਨੂੰ ਮੁੱਖ ਰਖ ਕੇ ਸ਼ਰਧਾਲੂਆਂ ਵਲੋਂ ਲੰਗਰ ਚਾਲੂ ਕਰ ਦਿੱਤੇ ਗਏ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਅਤੇ ਮੈਨੇਜਰ ਅਮਰਜੀਤ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਸ਼ਰਧਾਲੂਆਂ ਦੀ ਸਹੂਲਤ ਲਈ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ ਅਤੇ ਸੰਗਤਾਂ ਨੂੰ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਇਸ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ ਨੇ ਵੀ ਸ਼ਹੀਦੀ ਸਭਾ ਦੇ ਸਾਰੇ ਪ੍ਰਬੰਧ ਮੁਕੰਮਲ ਕੀਤੇ ਜਾਣ ਦੀ ਪੁਸ਼ਟੀ ਕੀਤੀ ਹੈ।

## 65 ਅਮਰੀਕੀ ਯੂਨੀਵਰਸਿਟੀਆਂ ਵੀਜ਼ਾ ਤਬਦੀਲੀਆਂ ਦੇ ਵਿਰੋਧ ਵਿਚ ਅਦਾਲਤ ਪਹੁੰਚੀਆਂ

**ਵਾਸ਼ਿੰਗਟਨ (ਬਿਊਰੋ)–** ਅਮਰੀਕਾ ਦੀ ਹਾਰਵਰਡ ਅਤੇ ਐਮਆਈਟੀ ਯੂਨੀਵਰਸਿਟੀ ਸਮੇਤ ਪ੍ਰਮੁੱਖ 65 ਯੂਨੀਵਰਸਿਟੀਆਂ ਨੇ ਟਰੰਪ ਪ੍ਰਸ਼ਾਸਨ ਵੱਲੋਂ ਵਿਦੇਸ਼ੀ ਵਿਦਿਆਰਥੀਆਂ ਲਈ ਤਿਆਰ ਨਵੀਂ ਵੀਜ਼ਾ ਨੀਤੀ ਦਾ ਵਿਰੋਧ ਕਰਦਿਆਂ ਅਦਾਲਤ ਵਿਚ ਇਸ ਨੂੰ ਚੁਣੌਤੀ ਦਿੱਤੀ ਹੈ। ਇਨ੍ਹਾਂ 'ਵਰਸਿਟੀਆਂ ਦਾ ਆਖਣਾ ਹੈ ਕਿ ਇਸ ਨਵੀਂ ਨੀਤੀ ਦਾ ਅਮਰੀਕਾ ਦੀ ਉੱਚ ਸਿੱਖਿਆ ਪ੍ਰਣਾਲੀ ਉੱਤੇ ਬਹੁਤ ਮਾੜਾ ਪ੍ਰਭਾਵ ਪਵੇਗਾ। ਟਰੰਪ ਪ੍ਰਸ਼ਾਸਨ ਵੱਲੋਂ ਅਗਸਤ ਵਿਚ ਐਲਾਨੀ ਨਵੀਂ ਨੀਤੀ ਤਹਿਤ ਵੀਜ਼ਾ ਖਤਮ ਹੋਣ ਤੋਂ ਬਾਅਦ ਰਹਿਣ 'ਤੇ ਪਾਬੰਦੀ ਲਾਈ ਗਈ ਹੈ।

ਇਸ ਤਬਦੀਲੀ ਤੋਂ ਪਹਿਲਾਂ ਸਰਕਾਰ ਵੱਲੋਂ ਕਿਸੇ ਵਿਅਕਤੀ ਨੂੰ ਵੀਜ਼ਾ ਖਤਮ



ਹੋਣ ਸਬੰਧੀ ਸਰਕਾਰੀ ਤੌਰ ਉੱਤੇ ਪੱਤਰ ਜਾਰੀ ਕਰਨ ਵਾਲੇ ਦਿਨ ਤੋਂ ਉਸ ਦੀ ਉਸ ਮੁਲਕ ਵਿਚ ਮੌਜੂਦਗੀ ਨੂੰ ਗੈਰਕਾਨੂੰਨੀ ਮੰਨਿਆ ਜਾਂਦਾ ਸੀ। ਨਵੇਂ ਨਿਯਮਾਂ ਤਹਿਤ ਅੰਦਰੂਨੀ ਸੁਰੱਖਿਆ ਵਿਭਾਗ ਵੱਲੋਂ ਕਿਸੇ ਦੀ ਗੈਰਕਾਨੂੰਨੀ ਮੌਜੂਦਗੀ ਲਈ ਤਰੀਕਾਂ ਨਿਰਧਾਰਿਤ ਕੀਤੀਆਂ ਜਾ ਸਕਦੀਆਂ ਹਨ ਜੋ ਕਿ ਕਿਸੇ ਵਿਦਿਆਰਥੀ ਦੇ ਡਿਗਰੀ ਪ੍ਰੋਗਰਾਮ ਮੁੱਕਣ ਜਾਂ ਕਿਸੇ ਵਿਅਕਤੀ ਦਾ ਵੀਜ਼ਾ ਮੁੱਕਣ ਵਾਲੇ ਦਿਨ ਤੋਂ ਸ਼ੁਰੂ ਹੋ ਸਕਦੀਆਂ ਹਨ।

ਹਾਰਵਰਡ, ਐੱਮਆਈਟੀ, ਯੇਲ ਅਤੇ ਪ੍ਰਿੰਸਟਨ ਯੂਨੀਵਰਸਿਟੀਆਂ ਨੇ ਇਸ ਵਿਵਸਥਾ ਦਾ ਵਿਰੋਧ ਕਰਦਿਆਂ ਅਦਾਲਤ


**(ਬਾਕੀ ਸਫਾ 17 'ਤੇ)**




MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

6930 65TH STREET # 115 SACRAMENTO CA 95823
Sandeep Jony Bagga


RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

Raja

SWEETS & CATERING

AUTHORIZED CATERER FOR MAJOR 5-STAR HOTELS



ITEMS SERVING

All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE

Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE

Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook — rajasweetsandcatering
Follow us on Twitter — rajasweets



ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

Kash FABRICS



ਸਾਡੀ ਸਪੈਸ਼ਲਟੀ

* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।

Appointments & Walk-Ins Welcome
Tuesday - Sunday: 11 AM - 8 PM



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

Threading Salon

Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



KASH FABRICS

ONE STOP SHOPPING CENTRE

29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com

Like us on Facebook | Follow us on Instagram



INDIA MARKET

SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

CHAAT PLATE ONLY FOR $2.99

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..



ਕਸ਼ਮੀਰ ਸਿੰਘ ਹੀਰਾ




ਬਰਿੰਦਰ ਬੰਗੜ

Super Eyebrow Threading Now Open

Eyebrow Threading & Henna Tattoo

7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142

Email: IndiaMarketRoseville@gmail.com



INDIA BAZAAR



Jai Ram Gaught
Harjit Gaught (Happy)

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS

CALL TO HAPPY
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਕੈਨੇਡਾ ’ਚ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਸਮਾਗਮ ਦੀ ਸ਼ੁਰੂਆਤ

**ਸਰੀ (ਬਿਊਰੋ)–** ਗੁਰੂ ਨਾਨਕ ਦੇਵ ਜੀ ਦੇ 550ਵੇਂ ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮਾਂ ਦੀ ਕੈਨੇਡਾ ’ਚ ਸ਼ੁਰੂਆਤ ਸੈਮੀਨਾਰ ਅਤੇ ਪੁਸਤਕ ਰਿਲੀਜ਼ ਸਮਾਰੋਹ ਦੇ ਰੂਪ ’ਚ ਕੀਤੀ ਗਈ, ਜੋ ਕਿ ਗੁਰੂ ਨਾਨਕ ਸਿੱਖ ਸੀਨੀਅਰ ਸੈਂਟਰ ਸਰੀ–ਡੈਲਟਾ ਵਿਖੇ ਹੋਈ। ਇਸ ਮੌਕੇ ਪ੍ਰੋ: ਬਲਵਿੰਦਰ ਪਾਲ ਸਿੰਘ ਦੀਆਂ ਸੰਪਾਦਿਤ ਦੋ ਪੁਸਤਕਾਂ ’ਜਬੈ ਬਾਣ ਲਾਗਯੋ’ ’ਤੇ ’ਜਗਤੁ ਜਲੰਦਾ ਰਖਿ ਲੈ’ ਰਿਲੀਜ਼ ਕੀਤੀਆਂ। ਇਹ ਪ੍ਰਬੰਧ ਗੁਰੂ ਨਾਨਕ ਫਾਊਡੇਸ਼ਨ ਕੈਨੇਡਾ ਵਲੋਂ ਕੀਤਾ ਗਿਆ।ਇਸ ਸਮਾਗਮ ਵਿਚ ਕੈਨੇਡਾ ਦੀਆਂ ਸਿਖ ਸੰਗਤਾ ਗੁਰਦੁਆਰਾ ਪ੍ਰਬੰਧਕਾਂ ,ਸਿਖ ਚਿੰਤਕਾਂ, ਅੰਬੇਦਕਰੀ ਚਿੰਤਕਾਂ ਤੇ ਖਬੇ ਪਖੀ ਲੇਖਕਾਂ ਨੇ ਰਲਕੇ ਸਮਾਜ ਤੇ ਪੰਜਾਬ ਦੀ ਭਲਾਈ ਲਈ ਚਲਣ, ਜਾਤੀਵਾਦ ਵਿਰੁਧ ਅਵਾਜ਼ ਉਠਾਉਣ ਦਾ ਫੈਸਲਾ ਕੀਤਾ ਤੇ ਕਰਤਾਰਪੁਰ ਖੁਲੇ ਲਾਂਘੇ ਦਾ ਸਮਰਥਨ ਕੀਤਾ। ਇਸ ਮੌਕੇ ਡਾਕਟਰ ਗੁਰਵਿੰਦਰ ਸਿੰਘ ਧਾਲੀਵਾਲ ਨੇ ਪੁਸਤਕਾਂ ਬਾਰੇ ਤੇ ਗੁਰੂ ਨਾਨਕ ਸਾਹਿਬ ਦੇ ਚਿੰਤਨ ਦੀ ਮਹੱਤਤਾ ਅਤੇ ਸਿੱਖ ਇਤਿਹਾਸ ’ਤੇ ਕੀਤੇ ਜਾ ਰਹੇ ਹਮਲਿਆਂ ਬਾਰੇ ਅਹਿਮ ਜਾਣਕਾਰੀ ਦਿੱਤੀ। ਪਾਕਿਸਤਾਨ ਤੋਂ ਪੁੱਜੇ ਮੁੱਖ ਮਹਿਮਾਨ ਸਾਬਕਾ ਸੰਸਦੀ ਸਕੱਤਰ ਜਨਾਬ ਰਾਏ ਅਜ਼ੀਜ਼ ਉਲਾ ਖਾਨ ਨੇ ਕਿਹਾ ਕਿ ਭਾਰਤ–ਪਾਕਿ ਨੇ ਖੁੱਲ੍ਹੇ ਲਾਂਘੇ ਬਾਰੇ ਦੋਸਤੀ ਕਰਕੇ ਅਹਿਮ ਰੋਲ ਨਿਭਾਇਆ ਤੇ ਹੁਣ ਵਾਘਾ ਬਾਰਡਰ ਵੀ ਖੁੱਲਣਾ ਚਾਹੀਦਾ ਹੈ। ਉਹਨਾਂ ਭਾਰਤ–ਪਾਕਿ ਨੂੰ ਵਪਾਰਕ ਮੰਡੀ ਵਜੋਂ ਉਭਾਰਨ ਤੇ ਜ਼ੋਰ ਦਿੱਤਾ।ਜਿਸ ਨਾਲ ਸਬੰਧ ਮਜ਼ਬੂਤ ਹੋਣਗੇ, ਉੱਥੇ ਰੋਜ਼ਗਾਰ, ਆਰਥਿਕ ਅਤੇ ਧਾਰਮਿਕ ਰਸਤੇ ਨਾਲ ਦੋਸਤੀ ਤੇ ਸ਼ਾਂਤੀ ਦਾ ਪੈਗਾਮ ਵੀ ਰਾਹ ਵਧੀਆ ਅਖਤਿਆਰ ਕਰੇਗਾ।



ਸਿਖ ਚਿੰਤਕ ਤੇ ਪੱਤਰਕਾਰ ਪ੍ਰੋ.ਬਲਵਿੰਦਰ ਪਾਲ ਸਿੰਘ ਨੇ ਕਿਹਾ ਕਿ ਗੁਰੂ ਨਾਨਕ ਸਾਹਿਬ ਦਾ ਜਾਤੀ ਰਹਿਤ ਸਮਾਜ ਸਿਰਜਣ ਦੇ ਅਮਲ ਤੋਂ ਬਿਨਾਂ ਸਿਖ ਧਰਮ ਦਾ ਮਿਸ਼ਨ ਅਧੂਰਾ ਹੈ। ਗੁਰੂ ਨਾਨਕ ਦੇ ਵਿਚਾਰ ’ਵਿਦਿਆ ਵੀਚਾਰੀ ਤਾਂ; ਪਰਉਪਕਾਰੀ ਅਰਥਾਤ ਪੜ੍ਹੇ ਲਿਖੇ ਸਮਾਜ ਦੀ ਸਿਰਜਣਾ ਕੀਤੇ ਬਿਨਾਂ ਸਿਖ ਕੌਮ ਨੂੰ ਵਿਸ਼ਵ ਦਾ ਧਰਮ ਨਹੀਂ ਬਣਾਇਆ ਜਾ ਸਕਦਾ। ਕਰਤਾਰਪੁਰ ਖੁਲੇ ਲਾਂਘੇ ਬਾਰੇ ਉਹਨਾਂ ਕਿਹਾ ਕਿ ਸ਼ਾਂਤੀ ,ਪਰੇਮ ਤੇ ਸਰਬਤ ਦਾ ਭਲਾ ਗੁਰੂ ਨਾਨਕ ਦਾ ਮਿਸ਼ਨ ਹੈ। ਗੁਰੂ ਨਾਨਕ ਦੇ ਸਿੱਖ ਦੋ ਦੇਸ਼ਾਂ ਵਿੱਚ ਇਕ ਸਾਂਝਦਾਰੀ ਦਾ ਸਵੱਬ ਬਣ ਸਕਦੇ ਹਨ।ਉਹਨਾਂ ਕਿਹਾ ਕਿ ਇਸ ਖਿੱਤੇ ਵਿੱਚ ਸਿੱਖਾਂ ਨੂੰ ਦੋ ਨੇਸ਼ਨਾਂ ਵਿਚਕਾਰ ਦੋਸਤੀ ਦੇ ਪੁਲ ਵਜੋਂ ਵੀ ਦੇਖ ਸਕਦੇ ਹਾਂ ਤੇ ਸਾਨੂੰ ਪੰਜਾਬੀਆਂ ਨੂੰ ਦੋਹਾਂ ਦੇਸਾਂ ਦੇ ਸੰਬੰਧ ਹੋਰ ਮਜਬੂਤ ਕਰਨ ਵਿਚ ਅਹਿਮ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਵਿਸ਼ਵ ਸਿੱਖ ਸੰਸਥਾ ਦੇ ਬਾਨੀ ਪ੍ਰਧਾਨ ਗਿਆਨ ਸਿੰਘ ਸੰਧੂ ਨੇ ਕਿਹਾ ਕਿ ਲੋੜ ਹੈ ਅਜਿਹੇ ਸੈਮੀਨਾਰ ਅਤੇ ਵਿੱਦਿਆਕ ਸਮਾਗਮ ਹੋਰਨਾਂ ਭਾਈਚਾਰਿਆਂ ਅਤੇ ਵਿੱਦਿਆਕ ਅਦਾਰਿਆਂ ’ਚ ਵੀ ਲਗਾਤਾਰ ਕੀਤੇ ਜਾਣ। ਇਸ ਮੌਕੇ ਡਾ. ਪੂਰਨ ਸਿੰਘ ਨੇ ਕਿਹਾ ਕਿ ਗੁਰਦੁਆਰੇ ਸਿੱਖ ਬੌਧਿਕਤਾ ਤੇ ਗੁਰੂ ਗਰੰਥ ਸਾਹਿਬ ਦੀ ਵਿਚਾਰਧਾਰਾ ਫੈਲਾਉਣ ਦਾ ਕੇਂਦਰ ਹੋਣੇ ਚਾਹੀਦੇ ਹਨ। ਅੰਬੇਦਕਰੀ ਨੇਤਾ ਤੇ ਚਿੰਤਕ ਕਮਲੇਸ਼ ਅਹੀਰ ਨੇ ਕਿਹਾ ਕਿ ਅਸੀਂ ਪ੍ਰੋ. ਬਲਵਿੰਦਰਪਾਲ ਸਿੰਘ ਨਾਲ ਹਰ ਪਖੋਂ ਖੜੇ ਹਾਂ।ਉਹਨਾਂ ਨੇ ਜਾਤੀਵਾਦ ਵਿਰੁਧ ਮੁਹਿੰਮ ਚਲਾਈ ਹੈ ਅਤੇ ਸਿਖ ਤੇ ਬਹੁਜਨ ਭਾਈਚਾਰੇ ਨੂੰ ਇਕਮੁਠ ਕਰਨ ਦਾ ਯਤਨ ਕਰ ਰਹੇ ਹਨ ਤੇ ਬਹੁਜਨ ਭਾਈਚਾਰੇ ਬਾਰੇ ਲਿਖ ਰਹੇ ਹਨਪ੍ਰਸਿੱਧ ਸਾਹਿਤਕਾਰ ਗਿਆਨੀ ਕੇਵਲ ਸਿੰਘ ਨਿਰਦੋਸ਼ ਨੇ ਕਿਹਾ ਕਿ ਕੌਮੀ ਏਕਤਾ ਦੇ ਨਾਲ ਸਿੱਖ ਲਈ ਸ਼ਬਦ ਗੁਰੂ ਦਾ ਗਿਆਨ ਜ਼ਰੂਰੀ ਹੈ। ਇੰਡੋ–ਕੈਨੇਡੀਅਨ ਸੀਨੀਅਰ ਸੈਂਟਰ ਸੁਸਾਇਟੀ ਦੇ ਜਨਰਲ ਸਕੱਤਰ ਹਰਚੰਦ ਸਿੰਘ ਗਿੱਲ ਨੇ ਸੈਮੀਨਾਰ ਲਈ ਸੁਸਾਇਟੀ ਵਲੋਂ ਦਿੱਤੇ ਸਹਿਯੋਗ ਅਤੇ ਆਏ ਸਾਰੇ ਮਹਿਮਾਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਸਮਾਗਮ ਦਾ ਸੰਚਾਲਨ ਮਨਮੋਹਣ ਸਿੰਘ ਸਮਰਾ ਨੇ ਕੀਤਾ। ਇਸ ਮੌਕੇ ’ਤੇ ਹਾਜ਼ਰ ਸ਼ਖਸੀਅਤਾਂ ’ਚ ਸਰੀ ਸੈਂਟਰ ਤੋਂ ਐਮ.ਪੀ. ਰਣਦੀਪ ਸਿੰਘ ਸਰਾਏ, ਮੋਤਾ ਸਿੰਘ ਝੀਤਾ, ਡਾ. ਗੁਰਨਾਮ ਸਿੰਘ ਸੰਘੇੜਾ, ਦਸਤਾਰ ਦਾ ਕੇਸ ਜਿੱਤਣ ਵਾਲੇ ਅਵਤਾਰ ਸਿੰਘ ਢਿੱਲੋਂ, ਪ੍ਰਿੰਸੀਪਲ ਕਸ਼ਮੀਰਾ ਸਿੰਘ, ਕੇਂਦਰੀ ਪੰਜਾਬੀ ਸਭਾ ਉੱਤਰੀ ਅਮਰੀਕਾ ਦੇ ਮੀਤ ਪ੍ਰਧਾਨ ਪ੍ਰਿਤਪਾਲ ਸਿੰਘ ਗਿੱਲ, ਪੰਜਾਬੀ ਲੇਖਕ ਮੰਚ ਦੇ ਅਮਰੀਕ ਪਲਾਹੀ, ਹਰਪਾਲ ਸਿੰਘ ਲੱਖਾ, ਜਗਤਾਰ ਸਿੰਘ ਸੰਧੂ, ਪ੍ਰੋਫੈਸਰ ਗੋਬਿੰਦਰ ਸਿੰਘ, ਸਾਇੰਸਦਾਨ ਡਾ. ਜਗਜੀਤ ਸਿੰਘ ਵੈਨਕੂਵਰ, ਜਥੇਦਾਰ ਮਨਜੀਤ ਸਿੰਘ ਧਾਮੀ, ਸਰਦਾਰ ਗੁਰਲਾਲ ਸਿੰਘ ਸੰਪਾਦਕ ਪੰਜਾਬੀ ਟ੍ਰਿਬਿਊਨ, ਚਿੰਤਕ ਤੇ ਪਤਰਕਾਰ ਬਖਸ਼ਿੰਦਰ, ਸੁਖਵਿੰਦਰ ਸਿੰਘ ਚੋਹਲਾ, ਗੋਲਡੀ ਦਿਉਲ ਤੋਂ ਇਲਾਵਾ ਵੱਡੀ ਗਿਣਤੀ ’ਚ ਅਹਿਮ ਸ਼ਖਸੀਅਤਾਂ ਹਾਜ਼ਰ ਸਨ।

## ਗੁਰਦਵਾਰਾ ਸਿੰਘ ਸਭਾ ਫਰਿਜ਼ਨੋ ਵਿਖੇ ਭਾਈ ਸਰਬਜੀਤ ਸਿੰਘ ਧੂੰਦਾ 28 ਦਸੰਬਰ ਤੋਂ ਲੈਕੇ ਇੱਕ ਜਨਵਰੀ ਤੱਕ ਹਾਜ਼ਰੀ ਭਰਨਗੇ

**ਫਰਿਜ਼ਨੋ (ਕੈਲੇਫੋਰ–ਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਸਿੱਖ ਪੰਥ ਦੇ ਮਹਾਨ ਵਿਦਵਾਨ ਭਾਈ ਸਰਬਜੀਤ ਸਿੰਘ ਧੂੰਦਾ ਸ਼ਬਦ ਗੁਰੂ ਨਾਲ ਸੰਗਤ ਨੂੰ ਜੋੜਨ ਲਈ ਅਤੇ ਪਖੰਡਵਾਦ ਤੇ ਵਹਿਮਾਂ ਭਰਮਾਂ ਵਿੱਚੋਂ ਸੰਗਤ ਨੂੰ ਕੱਢਣ ਲਈ 28 ਦਸੰਬਰ ਤੋਂ ਲੈਕੇ 1 ਜਨਵਰੀ ਤੱਕ ਫਰਿਜ਼ਨੋ ਦੇ ਗੁਰਦਵਾਰਾ ਸਿੰਘ ਸ਼ਭਾ ਵਿਖੇ ਕਥਾ ਕਰਨਗੇ। ਉਹਨਾਂ ਦੇ ਦੀਵਾਨਾ ਦਾ ਵੇਰਵਾ ਇਸ ਪ੍ਰਕਾਰ ਹੈ – 28 ਅਤੇ



29 ਦਸੰਬਰ ਸ਼ਾਮੀ 6 ਤੋਂ 8 ਵਜੇ। 30 ਦਸੰਬਰ ਦਿਨ ਐਤਵਾਰ ਦੁਪਹਿਰ 12 ਤੋਂ 1 ਵਜੇ ਦਰਮਿਆਨ, 31 ਦਸੰਬਰ ਰਾਤ 10 ਤੋਂ 11 ਵਜੇ ਅਤੇ 1 ਜਨਵਰੀ ਦੁਪਹਿਰ 12 ਤੋਂ 1 ਵਜੇ ਦਰਮਿਆਨ ਉਹ ਸੰਗਤ ਨੂੰ ਕਥਾ ਦੁਆਰਾਂ ਨਿਹਾਲ ਕਰਨਗੇ। ਗੁਰੂ ਘਰ ਦਾ ਪਤਾ 4827 North Parkway Drive Fresno CA 93722 ਵਧੇਰੇ ਜਾਣਕਾਰੀ ਲਈ ਫ਼ੋਨ – 559-779-2286

## ਅਕਾਲੀ ਦਲ ਅੰਮਿਤਸਰ ਦੇ ਆਗੂ ਮੁਖਤਿਆਰ ਸਿੰਘ ਤੱਖਰ ਨਹੀਂ ਰਹੇ

**ਕੈਲੀਫੋਰਨੀਆ (ਬਿਊਰੋ ਸਰਵਿਸ)–** ਸ੍ਰ ਜਸਵੀਰ ਸਿੰਘ ਤੱਖਰ ਸੀਨੀਅਰ ਵਾਇਸ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਮਾਲਕ ਏ ਏ ਏ ਆਟੋ ਬਾਡੀ ਵਰਕਸ) ਦੇ ਪਿਤਾ ਸ੍ਰ ਮੁਖਤਿਆਰ ਸਿੰਘ ਤੱਖਰ ਪਿੰਡ ਰਾਮੂ ਵਾਲ ਜਿਲ੍ਹਾ ਜਲੰਧਰ ਸਵਰਗ ਸੁਧਾਰ ਗਏ ਹਨ। ਉਹ 76 ਸਾਲਾਂ ਦੇ ਸਨ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ 510-755-2132 ਤੇ 917-513-5513 ਉਪਰ ਸੰਪਰਕ ਕੀਤਾ ਜਾ ਸਕਦਾ ਹੈ। ਸ੍ਰ ਪਰਮਜੀਤ ਸਿੰਘ ਦਾਖਾ, ਸੁਦੇਸ਼ ਅਟਵਾਲ, ਕੁਲਦੀਪ ਸਿੰਘ ਢੀਂਡਸਾ ਤੇ ਬੂਟਾ ਸਿੰਘ ਬਾਸੀ ਸੰਪਾਦਕ ਸਾਂਝੀ ਸੋਚ, ਪ੍ਰੇਮ ਕੁਮਾਰ ਚੁੰਬਰ, ਮੁੱਖ ਸੰਪਾਦਕ ਦੇਸ਼ ਦੁਆਬਾ, ਕਸਮੀਰ ਸਿੰਘ ਧੁੱਗਾ (ਕੈਸ਼ ਫੈਬਰਿਕਸ ਵਾਲੇ), ਸੁਰਿੰਦਰ



ਕੋਕਾ (ਤੰਦੂਰ ਰੈਸਟੋਰੈਂਟ), ਦਲਜੀਤ ਸਿੰਘ ਅਤੇ ਸੁਖਵਿੰਦਰ ਸਿੰਘ (ਫੇਅਰਫੀਲਡ ਵਾਲੇ), ਸੁਦੇਸ਼ ਸਿੰਘ ਅਟਵਾਲ, ਪ੍ਰਧਾਨ (ਇੰਟਰਨੈਸ਼ਨਲ ਗਦਰ ਮੈਮੋਰੀਅਲ ਸੰਸਥਾ, ਹੇਵਰਡ) ਅਤੇ ਸ ਰੇਸ਼ਮ ਸਿੰਘ (ਐਲ ਏ) ਸੀਨੀਅਰ ਮੀਤ ਪ੍ਰਧਾਨ ਸ੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਯੂ ਐਸ ਏ) ਨੇ ਸ੍ਰ ਮੁਖਤਿਆਰ ਸਿੰਘ ਦੇ ਵਿਛੋੜੇ ਉਪਰ ਦੁੱਖ ਪ੍ਰਗਟ ਕਰਦਿਆਂ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ ਹੈ ਤੇ ਪ੍ਰਮਾਤਮਾ ਅੱਗੇ ਪ੍ਰਾਰਥਨਾ ਕੀਤੀ ਹੈ ਕਿ ਉਹ ਤੱਖਰ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ਣ।


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ

WE PROVIDE ALL TRUCKING RELATED PERMITS AND SERVICES



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# ਗੁਰੂ ਨਾਨਕ ਸਿੱਖ ਟੈਂਪਲ ਸਨਵਾਕੀਨ ਵਿਖੇ ਸ਼ਹੀਦੀ ਸਮਾਗਮ ਹੋਏ

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਸੈਂਟਰਲ ਵੈਲੀ ਕੈਲੀਫੋਰਨੀਆਂ ਵਿੱਚ ਸ਼ਹਿਰ ਸਨਵਾਕੀਨ ਦੇ ਸਭ ਤੋਂ ਪੁਰਾਤਨ ਗੁਰਦੁਆਰਾ 'ਗੁਰੂ ਨਾਨਕ ਸਿੱਖ ਟੈਂਪਲ' ਵਿੱਚ ਇਲਾਕੇ ਭਰ ਦੀਆ ਸੰਗਤਾਂ ਵੱਲੋਂ ਰਲ ਸ੍ਰੀ ਗੁਰੂ ਗੋਬੰਦ ਸਿੰਘ ਜੀ ਦੇ ਪਰਿਵਾਰ ਵਿਛੋੜੇ ਅਤੇ ਸ਼ਹਿਜ਼ਾਦਿਆਂ ਦੀ ਸ਼ਹਾਦਤ ਨੂੰ ਯਾਦ ਕਰਦੇ ਹੋਏ 'ਸ਼ਹੀਦੀ ਸਮਾਗਮ' ਕਰਵਾਏ ਗਏ। ਜਿਸ ਦੌਰਾਨ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਵਿਸਾਲ ਦੀਵਾਨ ਸਜਾਏ ਗਏ। ਜਿੰਨ੍ਹਾਂ ਵਿੱਚ ਗੁਰੂਘਰ ਦੇ ਹਜ਼ੂਰੀ ਰਾਗੀ ਭਾਈ ਰਣਜੀਤ ਸਿੰਘ ਨੇ ਗੁਰਬਾਣੀ ਕੀਰਤਨ ਅਤੇ ਇਤਿਹਾਸ ਰਾਹੀ ਹਾਜ਼ਰੀ ਭਰੀ। ਉਪਰੰਤ ਪ੍ਰਸਿੱਧ ਕਵੀ ਅਤੇ ਪਿਸ਼ੌਰਾ ਸਿੰਘ ਢਿੱਲੋ ਨੇ ਦਸਮੇਸ਼ ਪਿਤਾ ਦੇ ਪਰਿਵਾਰ ਵਿਛੋੜੇ ਅਤੇ ਕੁਰਬਾਨੀਆਂ ਦਾ ਇਤਿਹਾਸ ਸੰਖੇਪ ਸੰਗਤਾਂ ਨਾਲ ਸਾਂਝਾ ਕਰਦੇ ਹੋਏ ਕਵਿਤਾਵਾਂ ਸਾਂਝੀਆਂ ਕੀਤੀਆਂ। ਇਸ ਸਮੇਂ ਬੁਲੰਦ ਆਵਾਜ਼ ਦੀ ਮਾਲਕ ਕੈਲੀਫੋਰਨੀਆਂ ਦੀ ਪ੍ਰਸਿੱਧ ਗਾਇਕਾ ਅਤੇ ਰੇਡੀਓ ਹੋਸ਼ਟ ਬੀਬੀ ਜੋਤ ਰਣਜੀਤ ਨੇ ਸਾਹਿਬਜ਼ਾਦਿਆਂ ਦੀਆਂ ਸ਼ਹੀਦੀ ਵਾਰਾ ਗਾ ਸੰਗਤਾਂ ਨੂੰ ਨਿਹਾਲ ਕੀਤਾ। ਇਸੇ ਸਮਾਗਮ ਦੌਰਾਨ ਗੁਰੂਘਰ ਵੱਲੋਂ ਸਥਾਨਿਕ 'ਗੁਰੂ ਨਾਨਕ ਸਪੋਰਟਸ ਕਲੱਬ' ਦੇ ਮੈਂਬਰ ਅਤੇ ਉੱਘੇ ਵੈਟਰਨ ਅੰਤਰ-ਰਾਸ਼ਟਰੀ ਖਿਡਾਰੀ ਸ. ਗੁਰਬਖਸ਼ ਸਿੰਘ ਨੂੰ ਵਿਦੇਸਾਂ ਵਿੱਚ ਹੋਈਆ ਖੇਡਾਂ ਵਿੱਚ ਮੱਲਾਂ ਮਾਰਨ ਅਤੇ ਤਗਮੇ ਜਿੱਤ ਸਿੱਖੀ ਅਤੇ ਪੰਜਾਬੀਅਤ ਦਾ ਨਾਮ ਰੋਸ਼ਨ ਕਰਨ ਬਦਲੇ ਸਨਮਾਨਤ ਕੀਤਾ ਗਿਆ। ਸਮਾਗਮ ਦੌਰਾਨ ਗੁਰੂਘਰ ਦੇ ਬੁਲਾਰੇ ਗੁਰਬਿੰਦਰ ਸਿੰਘ ਧਾਲੀਵਾਲ ਨੇ ਸਮੂੰਹ ਸੰਗਤਾਂ ਦਾ ਇਹੋ ਜਿਹੇ ਮਹਾਨ ਸਮਾਗਮ ਰਲ ਮਨਾਉਣ 'ਤੇ ਧੰਨਵਾਦ ਕੀਤਾ ਅਤੇ ਸਿੱਖ ਕੌਸ਼ਲ ਆਫ ਕੈਲੀਫੋਰਨੀਆਂ' ਦੇ ਅਣਥੱਕ ਯਤਨਾਂ ਸਦਕਾ ਸਕੂਲਾਂ ਵਿੱਚ ਪੰਜਾਬੀ ਬੋਲੀ ਅਤੇ ਸਿੱਖ ਇਤਿਹਾਸ ਦੀ ਪੜਾਈ ਨੂੰ ਮਾਨਤਾ ਮਿਲਣ ਦੀ ਵਧਾਈ ਦਿੱਤੀ।

ਸਮਾਗਮ ਦੌਰਾਨ ਹੋਰ ਵੀ ਬਹੁਤ ਸਾਰੇ ਬੁਲਾਇਆ ਅਤੇ ਬੁੱਧੀ-ਜੀਵੀਆਂ ਨੇ ਹਾਜ਼ਰੀ ਭਰੀ। ਇੰਨ੍ਹਾਂ ਵਿਸ਼ੇਸ਼ ਪ੍ਰੋਗਰਾਮਾ ਦੀ ਸੇਵਾ ਸਮੂੰਹ ਧਾਲੀਵਾਲ ਪਰਿਵਾਰ ਵੱਲੋਂ ਸੀ। ਜਿਸ ਵਿੱਚ ਇਲਾਕੇ ਦੀਆਂ ਸੰਗਤਾਂ ਗੁਰੂਘਰ ਵਿਖੇ ਨਤਮਸਤਕ ਹੋਈਆ ਅਤੇ ਗੁਰੂ ਦਾ ਲੰਗਰ ਅਤੁੱਟ ਵਰਤਿਆ।



# ਭਾਰਤੀ ਰਾਜਦੂਤ ਨਵਤੇਜ ਸਿੰਘ ਸਰਨਾ ਨੂੰ ਸੇਵਾ ਮੁਕਤੀ 'ਤੇ ਅਮਰੀਕੀ ਵਿਦੇਸ਼ ਵਿਭਾਗ ਵੱਲੋਂ ਨਿੱਘੀ ਵਿਦਾਇਗੀ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)—** ਭਾਰਤੀ ਰਾਜਦੂਤ ਨਵਤੇਜ ਸਿੰਘ ਸਰਨਾ ਜੋ 31 ਦਸੰਬਰ ਨੂੰ ਸੇਵਾ ਮੁਕਤ ਹੋ ਰਹੇ ਹਨ, ਨੂੰ ਅਮਰੀਕੀ ਵਿਦੇਸ਼ ਵਿਭਾਗ ਨੇ ਨਿੱਘੀ ਵਿਦਾਇਗੀ ਦਿੱਤੀ। ਇਸ ਸਬੰਧੀ ਸਮਾਗਮ ਵਾਸਿੰਗਟਨ, ਡੀ ਸੀ ਦੇ ਬਲੇਅਰ ਹਾਊਸ ਵਿਚ ਹੋਇਆ, ਬਲੇਅਰ ਹਾਊਸ ਅਮਰੀਕੀ ਰਾਸ਼ਟਰਪਤੀ ਦਾ ਸਰਕਾਰੀ ਗੈਸਟ ਹਾਊਸ ਹੈ। ਸਰਨਾ ਨੇ ਆਪਣੇ 38 ਸਾਲ ਦੇ ਕਰੀਅਰ ਦੌਰਾਨ ਕੂਟਨੀਤੀ ਨਾਲ ਜੁੜੇ ਵੱਖ ਵੱਖ ਵਿਭਾਗਾਂ ਵਿੱਚ ਕੰਮ ਕੀਤਾ। ਸਮਾਗਮ ਦੌਰਾਨ ਅੰਬੈਸਡਰ ਸੀਨ ਲਾਲਰ ਚੀਫ ਪ੍ਰੋਟੋਕੋਲ ਅਮਰੀਕਾ ਨੇ ਸਰਨਾ ਦੀ ਜਾਣ ਪਛਾਣ ਕਰਵਾਈ। ਭਾਰਤ ਦੇ ਵੈਸਟ ਕੋਸਟ ਦੇ ਕੌਂਸਲ ਜਨਰਲ ਸੰਜੇ ਪਾਂਡਾ ਨੇ ਸਰਨਾ ਵੱਲੋਂ ਲੰਬੇ ਕੈਰੀਅਰ ਦੌਰਾਨ ਨਭਾਈਆਂ ਸੇਵਾਵਾਂ ਦੀ ਸ਼ਲਾਘਾ ਕੀਤੀ। ਵਿਦੇਸ਼ ਵਿਭਾਗ ਵਿੱਚ ਦੱਖਣ ਤੇ ਕੇਂਦਰੀ ਏਸ਼ੀਆ ਦੇ ਪਿੰਸੀਪਲ ਡਿਪਟੀ ਸਹਾਇਕ ਸਕੱਤਰ ਅਲਾਈਸ ਵੈਲਜ ਨੇ ਸਰਨਾ ਵੱਲੋਂ ਆਪਣੇ ਕਾਰਜਕਾਲ ਦੌਰਾਨ ਕੀਤੀਆਂ ਪ੍ਰਾਪਤੀਆਂ ਬਾਰੇ ਦੱਸਿਆ। ਉਨਾਂ ਨੇ ਜੂਨ 2017 ਵਿੱਚ ਜਦੋਂ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵਿਚਾਲੇ ਇਥੇ ਮੀਟਿੰਗ ਹੋਈ ਸੀ, ਉਸ ਸਮੇਂ ਸਰਨਾ ਵੱਲੋਂ ਨਿਭਾਈ ਭੂਮਿਕਾ ਦਾ ਉਚੇਚੇ ਤੌਰ 'ਤੇ ਜਿਕਰ ਕੀਤਾ। ਸਰਨਾ ਨੇ ਕਿਹਾ ਕਿ ਜੂਨ 2017 ਵਿੱਚ ਸ੍ਰੀ ਮੋਦੀ ਤੇ ਟਰੰਪ ਵਿਚਾਲੇ ਹੋਈ ਮੀਟਿੰਗ ਅਮਰੀਕਾ ਵਿਚ ਉਨਾਂ ਦੇ ਕੈਰੀਅਰ ਦਾ ਸਿਖਰ ਸੀ। ਇਸ ਮੀਟਿੰਗ ਦੇ ਸਿੱਟੇ ਬਹੁਤ ਹੀ ਸਾਰਥਕ ਨਿਕਲੇ ਸਨ ਤੇ ਦੋਨਾਂ ਦੇਸ਼ਾਂ ਵਿਚਾਲੇ ਰੱਖਿਆ ਸਮੇਤ ਹੋਰ ਖੇਤਰਾਂ ਵਿਚ ਸਬੰਧ ਮਜਬੂਤ ਹੋਏ ਹਨ। ਸਰਨਾ ਨੇ ਕਿਹਾ ' ਅੱਜ ਅਸੀਂ ਪਿਛੇ ਮੁੜਕੇ ਵੇਖ ਸਕਦੇ ਹਾਂ ਤੇ ਕਹਿ ਸਕਦੇ ਹਾਂ ਬਹੁਤ ਵਧੀਆ ਹੋਇਆ, ਅਸੀਂ ਸੁਹਿਰਦ ਰਣਨੀਤਕਿ ਕੌਮਾਂਤਰੀ ਭਾਈਵਾਲ ਹਾਂ।'' ਵਿਦਾਇਗੀ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਅਮਰੀਕੀ ਵਿਦੇਸ਼ ਵਿਭਾਗ ਦੇ ਉੱਚ ਅਧਿਕਾਰੀ ਹਾਜਰ ਸਨ।





# ਵਿਸ਼ਵ ਪੰਜਾਬੀ ਸਹਿਤ ਅਕਾਡਮੀ ਵੱਲੋਂ ਨਾਵਲ ਰਿਸ਼ਤੇ ਨਾਤਿਆਂ ਦੇ ਰੰਗ ਲੋਕ ਅਰਪਣ



**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਵਿਸ਼ਵ ਸਹਿਤ ਅਕਾਡਮੀ ਫਰਿਜ਼ਨੋ ਵੱਲੋਂ ਉੱਘੇ ਨਾਵਲਕਾਰ ਸ. ਹਰਨਾਮ ਸਿੰਘ ਦਾ ਲਿਖਿਆ ਨਾਵਲ 'ਰਿਸ਼ਤੇ ਨਾਤਿਆਂ ਦੇ ਰੰਗ' ਫਰਿਜ਼ਨੋ ਦੇ ਗੁਰਦਵਾਰਾ ਸਿੰਘ ਸਭਾ ਵਿਖੇ ਲੋਕ ਅਰਪਣ ਕੀਤਾ ਗਿਆ। ਇਹ ਨਾਵਲ ਲੋਕ ਗੀਤ ਪ੍ਰਕਾਸ਼ਨ ਦੁਆਰਾ ਪ੍ਰਕਾਸ਼ਤ ਕੀਤਾ ਗਿਆ ਗਿਆ। ਇਸ ਮੌਕੇ ਬੋਲਣ ਵਾਲੇ ਬੁਲਾਰਿਆਂ ਨੇ ਸ. ਹਰਨਾਮ ਸਿੰਘ ਦੇ ਨਾਵਲ ਦੀ ਭਰਵੀ ਤਰੀਫ ਕੀਤੀ ਤੇ ਕਿਹਾ ਕਿ ਸਮਾਜਿਕ ਤੇ ਪਰਿਵਾਰਕ ਰਿਸ਼ਤਿਆਂ ਦੀ ਬਾਤ ਪਾਉਂਦਾ ਇਹ ਨਾਵਲ ਬਹੁਤ ਸਰਲ ਭਾਸ਼ਾ ਵਿੱਚ ਲਿਖਿਆ ਗਿਆ ਹੈ ਤੇ ਪਾਠਕ ਨੂੰ ਉਂਗਲ ਫੜਕੇ ਨਾਲ ਤੋਰਨ ਦੀ ਸਮਰੱਥਾ ਰੱਖਦਾ ਹੈ। ਇਸ ਨਾਵਲ ਵਿੱਚ ਪੇਂਡੂ ਸੱਭਿਆਚਾਰ ਅਤੇ ਰਿਸ਼ਤਿਆਂ ਦੀ ਤਸਵੀਰ ਲੇਖਕ ਨੇ ਬਾਕਮਾਲ ਖਿੱਚੀ ਹੈ। ਵੱਖੋ ਵੱਖ ਪਾਤਰਾਂ ਦੇ ਸੁਭਾਅ ਦਾ ਨਕਸ਼ਾ ਜਿਵੇਂ ਲੇਖਕ ਨੇ ਖਿੱਚਿਆ ਉਹ ਕਾਬਲੇ ਤਰੀਫ ਹੈ। ਇਥੇ ਇਹ ਵੀ ਜਿਕਰਯੋਗ ਹੈ ਕਿ ਇਸ ਨਾਵਲ ਤੋਂ ਪਹਿਲਾ ਲੇਖਕ ਹਰਨਾਮ ਸਿੰਘ ਦੀ ਪੁਸਤਕ 'ਲੱਸੀ ਦਾ ਛਿੱਟਾ' ਵੀ ਬਹੁਤ ਮਕਬੂਲ ਹੋਈ ਸੀ। ਇਸ ਮੌਕੇ ਸਟੇਜ ਸੰਚਾਲਨ ਉੱਘੇ ਸ਼ਾਇਰ ਹਰਜਿੰਦਰ ਕੰਗ ਨੇ ਬਾਖੂਬੀ ਕੀਤਾ।

ਇਸ ਮੌਕੇ ਬੋਲਣ ਵਾਲੇ ਬੁਲਾਰਿਆਂ ਵਿੱਚ ਸਾਧੂ ਸਿੰਘ ਸੰਘਾ, ਕਰਮ ਸਿੰਘ ਮਾਨ, ਅਵਤਾਰ ਗੋਂਦਾਰਾ, ਸੰਤੋਖ ਮਨਿਹਾਸ. ਡਾ. ਗੁਰੂਮੇਲ ਸਿੱਧੂ, ਦਲਜੀਤ ਰਿਆੜ, ਸੁੱਖੀ ਧਾਲੀਵਾਲ, ਹਰਜਿੰਦਰ ਢੇਸੀ ਅਤੇ ਅਸ਼ਰਫ ਗਿੱਲ ਆਦਿ ਨੇ ਆਪਣੇ ਵਿਚਾਰ ਰੱਖੇ। ਅਖੀਰ ਵਿੱਚ ਲੇਖਕ ਹਰਨਾਮ ਸਿੰਘ ਨੇ ਸਭਨਾਂ ਦਾ ਧੰਨਵਾਦ ਕੀਤਾ।







ਡਾ ਅਜੀਤਪਾਲ ਸਿੰਘ MD ਦੀ ਪ੍ਰੇਰਨਾ ਸਦਕਾ ਰੈਂਕਰ ਸਕਿਉਰਟੀ ਦੇ ਇੰਚਾਰਜ ਕੇਪਟਨ ਗੁਰਦਾਸ ਸਿੰਘ ਮਾਨ ਨੇ ਸਰਕਾਰੀ ਕੰਨਿਆ ਸੇਕੰਡਰੀ ਸਕੂਲ ਵਿੱਚ ਸੱਠ ਗਰਿਬ ਵਿਦਿਆਰਥਣਾਂ ਨੂੰ ਠੰਢ ਤੋਂ ਬਚਾਅ ਲਈ ਚੌਦਾਂ ਹਜ਼ਾਰ ਰੁਪਏ ਦੀਆਂ ਗਰਮ ਜਰਸੀਆਂ ਦਾਨ ਕੀਤੀਆਂ।


A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics

9:00 AM to 6:00 PM Mon-Sat

Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

# 34 ਸਾਲਾਂ ਬਾਅਦ 84 ਸਿੱਖ ਕਤਲੇਆਮ ਦੇ ਪੀੜ੍ਹਤ ਪਰਿਵਾਰਾਂ ਨੂੰ ਮਿਲਿਆ ਇਨਸਾਫ਼ ਨਹੀ ਬਲਕਿ ਬੇਇਨਸਾਫ਼ੀ: ਏਜੀਪੀਸੀ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮਾਣਯੋਗ ਅਦਾਲਤ ਵੱਲੋਂ 84 ਸਿੱਖ ਦੰਗਿਆਂ ਦੇ ਮੁੱਖ ਦੋਸ਼ੀ ਸੱਜਣ ਕੁਮਾਰ ਨੂੰ ਉਮਰ ਭਰ ਸਜ਼ਾ ਸੁਣਾਏ ਜਾਣ ਦੇ ਫ਼ੈਸਲੇ ਸਬੰਧੀ ਕਿਹਾ ਕਿ 34 ਸਾਲਾਂ ਬਾਅਦ ਸਿੱਖ ਕਤਲੇਆਮ ਦੀ ਪੀੜਤ ਪਰਿਵਾਰਾਂ ਦੇ ਨਾਲ ਇਨਸਾਫ਼ ਨਹੀਂ, ਬਲਕਿ ਬੇਇਨਸਾਫ਼ੀ ਹੋਈ ਹੈ।

ਉਨਾਂ ਕਿਹਾ ਕਿ ਉਹ ਮਾਣਯੋਗ ਅਦਾਲਤ ਦੇ ਫ਼ੈਸਲੇ ਦਾ ਸਵਾਗਤ ਕਰਦੇ ਹਨ ਪਰ ਹਜ਼ਾਰਾਂ ਬੇਕਸੂਰ ਸਿੱਖਾਂ ਨੂੰ ਮੌਤ ਦੇ ਘਾਟ ਉਤਾਰਣ ਦਾ ਕਾਰਨ ਬਣੇ ਮੁੱਖ ਦੋਸ਼ੀਆਂ ’ਚੋਂ ਸਿਰਫ਼ ਇਕ ਨੂੰ ਸਜ਼ਾ ਮਿਲਣਾ ਪੀੜਤਾਂ ਦੇ ਜਖ਼ਮਾਂ ’ਤੇ ਲੂਣ ਛਿੜਕਣਾ ਹੈ। ਉਨਾਂ ਕਿਹਾ ਕਿ ਇੰਨਾਂ ਲੰਮਾ ਬੀਤ ਜਾਣ ਦੇ ਬਾਵਜੂਦ ਵੀ ਫ਼ਾਂਸੀ ਦੇ ਹੱਕਦਾਰ ਦੋਸ਼ੀਆਂ ਨੂੰ ਉਮਰ ਕੈਦ ਦੀ ਕਾਰਾਵਾਸ ਹੋਣਾ ਸਿੱਖ ਕਤਲੇਆਮ ਦੇ ਪੀੜਤਾਂ ਨਾਲ ਮਜ਼ਾਕ ਹੈ।ਏਜੀਪੀਸੀ ਦੇ ਪ੍ਰਧਾਨ ਸ: ਜੇ. ਐਸ. ਹੋਠੀ ਅਤੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਸਾਂਝੇ ਤੌਰ ’ਤੇ ਗੱਲਬਾਤ ਕਰਦਿਆਂ ਕਿਹਾ ਕਿ ਉਹ ਮਾਣਯੋਗ ਅਦਾਲਤ ਦੇ ਫ਼ੈਸਲੇ ਦਾ ਸਵਾਗਤ ਕਰਦੇ ਹਨ ਪਰ ਫ਼ਾਂਸੀ ਦੇ ਹੱਕਦਾਰ ਦੋਸ਼ੀਆਂ ਨੂੰ 34 ਸਾਲਾਂ ਦਾ ਲੰਮਾ ਸਮਾਂ ਬੀਤ ਜਾਣ ਦੇ ਬਾਵਜੂਦ ਨਾਮਾਤਰ ਸਜ਼ਾ ਦੇਣਾ ਪੀੜਤਾਂ ਨਾਲ ਮਜ਼ਾਕ ਕੀਤਾ ਗਿਆ ਹੈ। ਉਨਾਂ ਕਿਹਾ ਕਿ ਸਿੱਖ ਕਤਲੇਆਮ ਦੇ ਹੋਰਨਾਂ ਦੋਸ਼ੀਆਂ ਜਿਨਾਂ’ਚ ਜਗਦੀਸ਼ ਟਾਈਟਲਰ ਵੀ ਸ਼ਾਮਿਲ ਹੈ, ਨੂੰ ਜਦੋਂ ਤੱਕ ਫ਼ਾਂਸੀ ਦੀ ਸਜ਼ਾ ਮੁੱਕਰਰ ਨਹੀਂ ਕੀਤੀ ਜਾਂਦੀ ਹੈ, ਤਦ ਤੱਕ ਸਿੱਖਾਂ ਦੇ ਹਿਰਦੇ ਸ਼ਾਂਤ ਨਹੀਂ ਹੋਣਗੇ।

ਉਨਾਂ ਕਿਹਾ ਕਿ ਭਾਰਤ ’ਚ ਲੰਬਾ ਸਮਾਂ ਕਾਂਗਰਸ ਸਰਕਾਰ ਸੱਤਾ ’ਚ ਰਹੀ ਹੈ, ਜਿਨਾਂ ਨੇ ਹਮੇਸ਼ਾਂ ਦੋਸ਼ੀਆਂ ਨੂੰ ਬਚ-ਾਉਣ ਅਤੇ ਉਨਾਂ ਨਾਲ ਖੜਨ ਪੈਰਵਾਈ ਕੀਤੀ। ਉਨਾਂ ਕਿਹਾ ਕਿ ਕਈ ਸੱਤਾ ’ਚ ਆਈ ਕਾਂਗਰਸੀ ਸਰਕਾਰ ਨੇ ਕਦੇ ਵੀ ਸਿੱਖਾਂ ਨੂੰ ਇਨਸਾਫ਼ ਦਿਵਾਉਣ ਲਈ ਆਪਣੀ ਜਿੰਮੇਵਾਰੀ ਨੂੰ ਸਹੀ ਢੰਗ ਨਾਲ ਨਹੀਂ ਨਿਭਾਇਆ ਅਤੇ ਜਦੋਂ ਕਿ 84 ਦੰਗਿਆ ਦੇ ਕੇਸ ਦੀ ਜਾਂਚ ਹੋਈ ਉਸ ਸਮੇਂ ਕੋਈ ਨਾ ਕੋਈ ਕਾਰਨ ਕਹਿਣ ਕੇ ਕੇਸ ਨੂੰ ਉਲਝਾਉਣ ਅਤੇ ਸਮਾਂ ਟਪਾਉਂਦੀ ਰਹੀ। ਉਨਾਂ ਕਿਹਾ ਕਿ ਕਾਂਗਰਸ ਸਰਕਾਰ ਅਤੇ ਵੱਡੇ ਨੇਤਾਵਾਂ ਨੇ 84 ਕਤਲੇਆਮ ਦੀ ਹੋ ਰਹੀ ਜਾਂਚ ’ਚ ਆਪਣੇ ਆਗੂਆਂ ਨੂੰ ਬਚਾਇਆ ਹੈ, ਜਿਸ ਕਰਕੇ ਸਿੱਖਾਂ ਨੂੰ ਨਿਆ ਨਹੀਂ ਮਿਲਿਆ।

ਉਨਾਂ ਕਿਹਾ ਕਿ ਇਸ ਫ਼ੈਸਲੇ ਨੇ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਆਸ ਦੀ ਕਿਰਨ ਦਿੱਤੀ ਹੈ, ਕਿਉਂਕਿ ਇਹ ਕੇਸ ਦਿੱਲੀ ਕੈਂਟ ਦੇ ਇਕ ਪਰਿਵਾਰ ਦੇ 5 ਮੈਂਬਰਾਂ ਦੇ ਕਤਲ ਨਾਲ ਸਬੰਧਿਤ ਹੈ।ਉਨਾਂ ਨੇ ਇਸ ਗੱਲ ’ਤੇ ਆਸ ਪ੍ਰਗਟ ਕਰਦਿਆ ਕਿਹਾ ਕਿ ਸਿੱਖ ਕਤਲੇਆਮ ’ਚ ਸ਼ਾਮਿਲ ਹੋਰਨਾਂ ਵਿਅਕਤੀਆਂ ਨੂੰ ਜਲਦੀ ਹੀ ਉਨਾਂ ਦੇ ਭਿਆਨਕ ਅਤੇ ਘਿਨੌਣੇ ਕੰਮਾਂ ਲਈ ਮਾਣਯੋਗ ਅਦਾਲਤ ਫ਼ਾਂਸੀ ਦੀ ਸਜ਼ਾ ਮੁਕਰਰ ਕਰੇਗੀ, ਜਿਸ ਨਾਲ ਲੰਮੇਂ ਸਮੇਂ ਤੋਂ ਇਨਸਾਫ਼ ਲਈ ਜਦੋ-ਜਹਿਦ ਕਰ ਰਹੇ ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਦੇ ਹਿਰਦੇ ਸ਼ਾਂਤ ਹੋਣਗੇ।

# ਭਾਰਤੀ ਨੂੰ ਜਹਾਜ਼ ਵਿਚ ਔਰਤ ਨਾਲ ਛੇੜ-ਛਾੜ ਕਰਨ ਦੇ ਦੋਸ਼ ਵਿਚ 9 ਸਾਲ ਦੀ ਜੇਲ੍ਹ



**ਕੈਲੇਫੋਰਨੀਆ (ਹੁਸਨ ਲੜੋਆ ਬੰਗਾ)–** ਇਕ ਅਮਰੀਕੀ ਅਦਾਲਤ ਵੱਲੋਂ ਅਮਰੀਕਾ ਵਿਚ ਵਰਕ ਵੀਜ਼ੇ ਉਪਰ ਰਹਿ ਰਹੇ ਇਕ ਭਾਰਤੀ ਨ ਂ ਜਹਾਜ਼ ਵਿਚ ਸੁੱਤੀ ਪਈ ਇਕ ਔਰਤ ਉਪਰ ਸਰੀਰਕ ਸ਼ੋਸ਼ਣ ਦੇ ਇਰਾਦੇ ਨਾਲ ਹਮਲਾ ਕਰਨ ਦੇ ਦੋਸ਼ ਵਿਚ 9 ਸਾਲ ਦੀ ਸਜ਼ਾ ਸੁਣਾਈ ਗਈ ਹੈ। ਇਸ ਸਾਲ ਜਨਵਰੀ ਵਿਚ ਪ੍ਰਭੂ ਰਾਮਾਮੂਰਤੀ ਨਾਮੀ ਵਿਅਕਤੀ ਆਪਣੀ ਪਤਨੀ ਨਾਲ ਸਪਿਰਟ ਏਅਰਲਾਈਨਜ਼ ਦੇ ਜਹਾਜ਼ ਵਿਚ ਲਾਸ ਵੇਗਾਸ ਤੋਂ ਸਵਾਰ ਹੋਇਆ ਸੀ। ਇਹ ਜਹਾਜ਼ ਡੈਟਰਾਇਟ ਜਾ ਰਿਹਾ ਸੀ। ਉਹ ਆਪਣੀ ਪਤਨੀ ਤੇ ਇਕ ਹੋਰ ਔਰਤ ਦੇ ਵਿਚਕਾਰ ਬੈਠਾ ਸੀ। 23 ਸਾਲਾ ਔਰਤ ਨੇ ਦੋਸ਼ ਲਾਇਆ ਕਿ ਦੋਸ਼ੀ ਨੇ ਰਾਤ ਵੇਲੇ ਉਸ ਨਾਲ ਛੇੜ-ਛਾੜ ਕੀਤੀ। ਉਸ ਦੀ ਪੈਂਟ ਦੀ ਜ਼ਿੱਪ ਖੁਲੀ ਹੋਈ ਸੀ ਤੇ ਕਮੀਜ਼ ਦੇ ਬਟਨ ਵੀ ਖੁਲੇ ਹੋਏ ਸਨ। ਸਜ਼ਾ ਪੂਰੀ ਹੋਣ ’ਤੇ ਉਸ ਨੂੰ ਭਾਰਤ ਵਾਪਸ ਭੇਜ ਦਿੱਤਾ ਜਾਵੇਗਾ। ਇਸਤਗਾਸਾ ਪੱਖ ਨੇ ਦੋਸ਼ੀ ਨੂੰ 11 ਸਾਲ ਸਜ਼ਾ ਦੇਣ ਦੀ ਵਕਾਲਤ ਕੀਤੀ ਸੀ ਪਰ ਜੱਜ ਟੈਰੈਂਸ ਬਰਗ ਨੇ 9 ਸਾਲ ਦੀ ਸਜ਼ਾ ਸੁਣਾਉਂਦਿਆਂ ਕਿਹਾ ਕਿ ਉਸ ਨੂੰ ਆਸ ਹੈ ਕਿ ਇਹ ਸਜ਼ਾ ਹੋਰ ਲੋਕਾਂ ਨੂੰ ਅਜਿਹਾ ਗੁਨਾਹ ਕਰਨ ਤੋਂ ਰੋਕਣ ਲਈ ਕਾਫੀ ਹੈ।

# ਰਾਜਸੀ ਸ਼ਰਨ ਮੰਗਣ ਵਾਲੇ ਅਨੇਕਾਂ ਭਾਰਤੀਆਂ ਸਮੇਤ 124 ਪ੍ਰਵਾਸੀ ਜੇਲ੍ਹ ਵਿਚੋਂ ਰਿਹਾਅ



**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–**ਗੈਰ ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖਲ ਹੋਏ 124 ਪ੍ਰਵਾਸੀਆਂ ਜਿਨ੍ਹਾਂ ਨੂੰ ਰਸਮੀ ਤੌਰ ’ਤੇ ਸ਼ੇਰੀਡਨ ਓਰਗੇਨ ਸੰਘੀ ਸੁਧਾਰ ਕੇਂਦਰ (ਜੇਲ੍ਹ) ਵਿਚ ਰਖਿਆ ਗਿਆ ਸੀ, ਨੂੰ ਬੌਂਡ ਭਰਨ ’ਤੇ ਰਿਹਾਅ ਕਰ ਦਿੱਤਾ ਗਿਆ ਹੈ। ਅਮਰੀਕਨ ਸਿਵਲ ਲਿਬਰਟੀਜ਼ ਯੂਨੀਅਨ ਨੇ ਪ੍ਰਵਾਸੀਆਂ ਦੀ ਰਿਹਾਈ ਲਈ ਦਾਇਰ ਪਟੀਸ਼ਨ ਵਿਚ ਕਿਹਾ ਸੀ ਕਿ ਗ੍ਰਿਫਤਾਰ ਪ੍ਰਵਾਸੀਆਂ ਵਿਚ ਬਹੁਤ ਸਾਰੇ ਸਿੱਖ ਧਰਮ ਨਾਲ ਸਬੰਧ ਰੱਖਣ ਵਾਲੇ ਵਿਅਕਤੀ ਹਨ, ਜੋ ਸ਼ੇਰੀਡਨ ਸੁਧਾਰ ਕੇਂਦਰ ਵਿਚ ਆਪਣੀਆਂ ਧਾਰਮਿਕ ਰਵਾਇਤਾਂ ਨਿਭਾਉਣ ’ਚ ਅਸਮਰਥ ਹਨ। ਅਮਰੀਕਨ ਸਿਵਲ ਲਿਬਰਟੀਜ਼ ਯੂਨੀਅਨ ਅਨੁਸਾਰ ਰਾਜਸੀ ਸ਼ਰਨ ਮੰਗਣ ਵਾਲੇ 124 ਪ੍ਰਵਾਸੀਆਂ ਨੂੰ ਸ਼ੇਰੀਡਨ ਓਰਗੇਨ ਜੇਲ੍ਹ ਵਿਚੋਂ ਬਾਹਰ ਜਾਣ ਦੀ ਇਜਾਜ਼ਤ ਦੇ ਦਿੱਤੀ ਗਈ ਹੈ। ਉਹ ਹੁਣ ਆਪਣੇ ਕੇਸਾਂ ਦੀ ਅਦਾਲਤਾਂ ਵਿਚ ਪੈਰਵਾਈ ਕਰ ਸਕਣਗੇ। ਯੂਨੀਅਨ ਨੇ ਜਾਰੀ ਬਿਆਨ ਵਿਚ ਕਿਹਾ ਹੈ ਕਿ ਇਸ ਸਮੇਂ ਕੋਈ ਵੀ ਪ੍ਰਵਾਸੀ ਸ਼ੇਰੀਡਨ ਜੇਲ੍ਹ ਵਿਚ ਬੰਦ ਨਹੀਂ ਹੈ। ਸਾਰੇ ਪ੍ਰਵਾਸੀ ਰਿਹਾਅ ਹੋ ਚੁੱਕੇ ਹਨ। ਇਨ੍ਹਾਂ ਵਿਚ ਅਨੇਕਾਂ ਪੰਜਾਬੀਆਂ ਸਮੇਤ ਭਾਰਤੀ ਸ਼ਾਮਿਲ ਹਨ।


## ‘ਦੇਸ਼ ਦੁਆਬਾ’

### ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ “ਦੇਸ਼ ਦੁਆਬਾ” ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ ’ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ

ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

1-916-947-8920 (ਫੋਨ), 1-916-238-1393 (ਫੈਕਸ)

E-mail : deshdoaba@yahoo.com

www.deshdoaba.com www.ambedkartimes.com


# ਸਿਆਟਲ ਵਿਚ ਫਿਲਮ ਅਦਾਕਾਰ, ਗਾਇਕ ਤੇ ਡਾਇਰੈਕਟਰ ਗਿੱਪੀ ਗਰੇਵਾਲ ਦਾ ਸਵਾਗਤ



**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਪੰਜਾਬੀ ਫਿਲਮਾਂ ਨੂੰ ਮੁੜ ਸੁਰਜੀਤ ਕਰਨ ਵਾਲੇ ਅਦਾਕਾਰ, ਨਾਮਵਰ ਗਾਇਕ ਤੇ ਡਾਇਰੈਕਟਰ ਗਿੱਪੀ ਗਰੇਵਾਲ ਦਾ ਸਿਆਟਲ ਵਿਚ ਨਿੱਘਾ ਸਵਾਗਤ ਕੀਤਾ ਗਿਆ। ਗਿੱਪੀ ਗਰੇਵਾਲ ਆਪਣੀ ਧਰਮ ਪਤਨੀ ਰਣਨੀਤ ਕੌਰ ਨਾਲ ਆਪਣੇ ਦੋਸਤ ਮੰਜੇ ਬਿਸਤਰੇ, ਮਿਰਜ਼ਾ ਤੇ ਕਪਤਾਨ ਫਿਲਮ ਵਿਚ ਬਤੌਰ ਵਿਲੇਨ ਕੰਮ ਕਰ ਚੁੱਕੇ ਜਗਪ੍ਰੀਤ ਸਿੰਘ ਜੱਗੀ ਦਾ ਹਰਲੀਨ ਕੌਰ ਨਾਲ ਵਿਆਹ ਤੇ ਸਮਾਗਮਾਂ ਵਿਚ ਸ਼ਾਮਲ ਹੋਣ ਲਈ ਪਹੁੰਚੇ, ਜਿੱਥੇ ਪੰਜਾਬੀ ਭਾਈਚਾਰੇ ਦੀਆਂ ਮਾਣ-ਮੱਤੀਆਂ ਸ਼ਖਸੀਅਤਾਂ ਨੇ ਫਿਲਮ ਸਟਾਰ ਗਿੱਪੀ ਗਰੇਵਾਲ ਦਾ ਫਿਲਮ ’ਅਰਦਾਸ, ਕੈਰੀ ਔਨ ਜੱਟਾ, ਮਿਰਜ਼ਾ’ ਵਿਚ ਅਦਾਕਾਰ ਦੇ ਤੌਰ ਤੇ ਕੰਮ ਕਰਨ ਦੀ ਸ਼ਲਾਘਾ ਕੀਤੀ। ਡਾ. ਪ੍ਰਭਜੋਤ ਸਿੱਧੂ ਨੇ ਦੱਸਿਆ ਕਿ ਪੰਜਾਬੀ ਫਿਲਮ ਇੰਡਸਟਰੀ ਬੁਰੀ ਤਰ੍ਹਾਂ ਖਤਮ ਹੋ ਚੁੱਕੀ ਸੀ ਜਿਸ ਨੂੰ ਗਿੱਪੀ ਗਰੇਵਾਲ ਨੇ ਮੁੜ ਸੁਰਜੀਤ ਕਰ ਦਿੱਤਾ। ਡਾ. ਸਿੱਧੂ ਨੇ ਦੱਸਿਆ ਕਿ ਗਿੱਪੀ ਗਰੇਵਾਲ ਬਤੌਰ ਡਾਇਰੈਕਟਰ ਤੇ ਅਦਾਕਰ ਦਾਜ ਦਹੇਜ ਵਰਗੀਆਂ ਬੁਰਾਈਆਂ ਨੂੰ ਦੂਰ ਕਰਨ ਤੇ ਸਮਾਜ ਨੂੰ ਸੇਧ ਦੇਣ ਵਾਲੀਆਂ ਫਿਲਮਾਂ ਬਣਾਈਆਂ ਹਨ। ਅਰਦਾਸ ਫਿਲਮ ਵਿਚ ਹਰੇਕ ਸਿੱਖ ਨੂੰ ਬਾਣੀ ਨਾਲ ਜੁੜਨ ਲਈ ਪ੍ਰੇਰਿਤ ਕੀਤਾ ਹੈ। ਗਿੱਪੀ ਗਰੇਵਾਲ ਬਤੌਰ ਗਾਇਕ ਵੀ ਦਰਸ਼ਕਾਂ ਦੇ ਹਰਮਨ ਪਿਆਰੇ ਬਣੇ ਹਨ।

# ਹੈਰੀ ਸਿੱਧੂ ਨੇ ਅਨਾਹੀਮ ਸ਼ਹਿਰ ਦੇ ਮੇਅਰ ਵਜੋਂ ਸਹੁੰ ਚੁੱਕ ਕੇ ਰਚਿਆ ਇਤਿਹਾਸ




**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਦੱਖਣੀ ਕੈਲੀਫੋਰਨੀਆ ਵਿਚ ਉਸ ਸਮੇਂ ਇਤਿਹਾਸ ਰਚਿਆ ਗਿਆ ਜਦੋਂ ਇਸ ਸ਼ਹਿਰ ਚ ਪਹਿਲੇ ਸਿੱਖ ਪੰਜਾਬੀ ਹੈਰੀ ਸਿੱਧੂ ਨੇ ਅਨਾਹੀਮ ਸ਼ਹਿਰ ਦੇ ਮੇਅਰ ਵਜੋਂ ਸਹੁੰ ਚੱਕੀ। ਪੰਜਾਬੀਆਂ ਲਈ ਇਹ ਬਹੁਤ ਹੀ ਮਾਣ ਵਾਲੀ ਗੱਲ ਹੈ ਕਿ ਸਿੱਧੂ ਭਾਰਤੀ ਮੂਲ ਦਾ ਪਹਿਲਾ ਅਮਰੀਕੀ ਹੈ ਜੋ ਕੈਲੀਫੋਰਨੀਆ ਦੇ ਸਭ ਤੋਂ ਵਧ ਆਬਾਦੀ ਵਾਲੇ 10 ਵੇਂ ਸ਼ਹਿਰ ਅਨਾਹੀਮ ਦਾ ਮੇਅਰ ਬਣਿਆ ਹੈ। ਸਹੁੰ ਚੁੱਕ ਸਮਾਗਮ ਸਿਟੀ ਹਾਲ ਵਿਚ ਹੋਇਆ ਜੋ ਖਚਾ ਖਚ ਭਰਿਆ ਹੋਇਆ ਸੀ। ਉਨਾਂ ਨੂੰ ਅਹੁੱਦੇ ਦੀ ਸਹੁੰ ਉਰੇਂਜ ਕਾਊਂਟੀ ਦੇ ਸੁਪੀਰੀਅਰ ਕੋਰਟ ਜੱਜ ਮੈਗਨ ਵੈਗਨਰ ਨੇ ਚੁੱਕਾਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਿੱਧੂ ਦੇ ਪਰਿਵਾਰਕ ਮੈਂਬਰ ਅਤੇ ਸਿੱਖ ਪੰਜਾਬੀ ਭਾਈਚਾਰੇ ਦੇ ਲੋਕ ਵੀ ਹਾਜਰ ਸਨ। ਸਹੁੰ ਚੁੱਕਣ ਦੀ ਰਸਮ ਖਤਮ ਹੋਣ ਤੇ ਜੋ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦੇ ਜੈਕਾਰੇ ਵੀ ਲਾਏ ਗਏ। ਇਸ ਮੌਕੇ ਸਿੱਧੂ ਨੇ ਕਿਹਾ ਕਿ ਮੈਂ 44 ਸਾਲ ਪਹਿਲਾਂ ਭਾਰਤ ਤੋਂ ਇਸ ਮਹਾਨ ਦੇਸ਼ ਵਿਚ ਆਇਆ ਸੀ। ਇਥੇ ਆ ਕੇ ਆਸ ਨਾਲੋਂ ਵਧ ਪ੍ਰਾਪਤੀ ਹੋਈ ਹੈ। ਉਨਾਂ ਕਿਹਾ ਕਿ ਮੇਅਰ ਵਜੋਂ ਅਨਾਹੀਮ ਨੂੰ ਸੁਪਨਿਆਂ ਦਾ ਸ਼ਹਿਰ ਬਣਾਉਣਾ ਮੇਰਾ ਮਿਸ਼ਨ ਹੋਵੇਗਾ।

# ਕੰਜਿਊਮਰ ਰਾਈਟਸ ਪ੍ਰੋਟੈਕਸ਼ਨ ਸੰਸਥਾ ਵੱਲੋਂ ਉਪਭੋਗਤਾ ਦਿਵਸ ਮਨਾਇਆ



**ਗੜਸ਼ੰਕਰ–** ਕੰਜਿਊਮਰ ਰਾਈਟਸ ਪ੍ਰੋਟੈਕਸ਼ਨ ਸੰਸਥਾ ਪੰਜਾਬ ਵੱਲੋਂ ਜ਼ਿਲ੍ਹਾ ਹੁਸ਼ਿਆਰਪੁਰ ਦੇ ਕਸਬਾ ਗੜਸ਼ੰਕਰ ਵਿਖੇ ਉਪਭੋਗਤਾ ਦਿਵਸ ਮਨਾਇਆ ਗਿਆ, ਜਿਸ ਨੂੰ ਜ਼ਿਲ੍ਹਾ ਹੁਸ਼ਿਆਰਪੁਰ ਦੇ ਪ੍ਰਧਾਨ ਇੰਦਰਜੀਤ ਵਰਿਆਣਾ ਅਤੇ ਮਹਿਲਾ ਪ੍ਰਧਾਨ ਪੂਜਾ ਵੱਲੋਂ ਆਰਗੇਨਾਈਜ਼ ਕੀਤਾ ਗਿਆ। ਇਸ ਮੌਕੇ ਪੰਜਾਬ ਪ੍ਰਧਾਨ ਭੁਪਿੰਦਰ ਕੁਮਾਰ ਵਿਸ਼ੇਸ਼ ਤੌਰ ’ਤੇ ਸ਼ਾਮਲ ਹੋਏ। ਵੱਖ ਵੱਖ ਇਲਾਕਿਆਂ ਤੋਂ ਵਿਸ਼ੇਸ਼ ਕਰਕੇ ਨੌਜਵਾਨ ਇਸ ਮੌਕੇ ਸ਼ਾਮਲ ਹੋਏ।ਪੰਜਾਬ ਕਮੇਟੀ ਦੇ ਅਹੁਦੇਦਾਰ ਵਿਜੇ ਕੁਮਾਰ, ਅਲੋਕ ਕੁਮਾਰ ਰਾਣਾ, ਦੁਸ਼ਅੰਤ ਦੀਪਾ, ਪਿਆਰੇ ਲਾਲ, ਚਰਨ ਰਾਮ, ਦਲਵੀਰ ਰਾਣਾ ਵੀ ਹਾਜ਼ਰ ਸਨ।

ਦੇਸ਼ ਦੁਆਬਾ

# ਕੜਾਕੇ ਦੀ ਠੰਡ ਵਿਚ ਪੰਚਾਇਤ ਚੋਣਾਂ ਦੀ ਗਰਮੀ

ਪੰਜਾਬ ਵਿਚ 30 ਦਸੰਬਰ ਨੂੰ ਹੋਣ ਵਾਲੀਆਂ ਪੰਚਾਇਤ ਚੋਣਾਂ ਦੇ ਲਈ ਪਿੰਡਾਂ ਵਿਚ ਸਰਗਰਮੀਆਂ ਸਿਖਰ ਤੇ ਪਹੁੰਚ ਗਈਆਂ ਹਨ। ਜਿਉਂ-ਜਿਉਂ ਚੋਣ ਪ੍ਰਚਾਰ ਵਧਿਆ ਹੈ, ਇਕ ਦੂਜੇ ਤੇ ਦੋਸ਼ਾਂ ਦਾ ਸਿਲਸਿਲਾ ਵੀ ਵੱਧ ਗਿਆ ਹੈ। ਕਈ ਪਿੰਡਾਂ ਵਿਚ ਤਾਂ ਚੋਣਾਂ ਤੋਂ ਪਹਿਲਾਂ ਹੀ ਲੜਾਈਆਂ ਝਗੜੇ ਹੋ ਗਏ ਹਨ। ਇਸ ਵਾਰ ਰਿਜ਼ਰਵ ਪਿੰਡਾਂ ਅਤੇ ਹਲਕਿਆਂ ਵਿਚ ਵੀ ਸਰਗਰਮੀ ਬਹੁਤ ਵੱਧ ਗਈਆਂ ਹਨ। ਇੱਧਰ ਆਮ ਲੋਕੀ ਇਸ ਸ਼ੰਕੇ ਦਾ ਸ਼ਿਕਾਰ ਵੀ ਹਨ ਕਿ ਕਿਤੇ ਧਾਂਦਲੀਆਂ ਦਾ ਸਹਾਰਾ ਲੈ ਕੇ ਸੱਤਾਧਾਰੀ ਧਿਰ ਆਪਣਾ ਕੱਦ ਵਧਾਉਣ ਲਈ ਕੁਝ ਗਲਤ ਨਾ ਕਰੇ, ਨਾਲ ਹੀ ਵਿਰੋਧੀ ਪਾਰਟੀਆਂ ਦੇ ਇਹ ਵੀ ਸ਼ੰਕੇ ਹਨ ਕਿ ਇਸ ਵਾਰ ਸੱਤਾਧਾਰੀ ਪਾਰਟੀ ਆਪਣੇ ਵਿਰੋਧੀਆਂ ਦੇ ਪਰਚੇ ਹੀ ਰੱਦ ਕਰਵਾ ਰਹੀ ਹੈ। ਪਿੰਡਾਂ ਵਿਚ ਨਸ਼ਿਆਂ ਦੀ ਵੰਡ, ਲੜਾਈਆਂ-ਝਗੜੇ ਬਹੁਤ ਵੱਧ ਗਏ ਹਨ। ਇਹ ਚੋਣਾਂ ਕਿਉਂਕਿ ਇਕ ਕਿਸਮ ਦੀਆਂ ਸਮਾਜਿਕ ਚੋਣਾਂ ਹੁੰਦੀਆਂ ਹਨ ਪਰ ਇਹਨਾਂ ਵਿਚ ਸਿਆਸੀ ਦਖਲ ਦੇ ਕਾਰਨ ਹੁਣ ਇਹ ਚੋਣਾਂ ਚੌਧਰ ਦੀ ਭੁੱਖ ਦਾ ਵਸੀਲਾ ਬਣਦੀਆਂ ਜਾ ਰਹੀਆਂ ਹਨ। ਪੰਜਾਬ ਰਾਜ ਚੋਣ ਕਮਿਸ਼ਨ ਕੋਲ 2 ਹਜ਼ਾਰ ਤੋਂ ਵੱਧ ਸ਼ਿਕਾਇਤਾਂ ਅਜਿਹੀਆਂ ਪਹੁੰਚੀਆਂ ਹਨ, ਜਿਹਨਾਂ ਵਿਚ ਜਬਰੀ ਪਰਚੇ ਰੱਦ ਕਰਵਾਉਣ ਦੇ ਦੋਸ਼ ਲੱਗੇ ਹਨ। ਇਸ ਤੋਂ ਇਲਾਵਾ 136 ਪਟੀਸ਼ਨਾਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੀ ਪਹੁੰਚ ਗਈਆਂ ਹਨ, ਜਿਸ ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਹੋ ਚੁੱਕਾ ਹੈ। ਅਦਾਲਤ ਨੇ ਹੁਕਮ ਦਿੱਤੇ ਹਨ ਕਿ ਸਾਰੇ ਪਟੀਸ਼ਨਰਾਂ ਦੀਆਂ ਨਾਮਜ਼ਦਗੀਆਂ ਸਬੰਧੀ ਮੈਮੋਰੰਡਮ 'ਤੇ ਯੋਗ ਅਧਿਕਾਰੀ 48 ਘੰਟਿਆਂ ਵਿਚ ਫੈਸਲਾ ਲੈਣ। ਇਸ ਦਰਮਿਆਨ ਚੋਣ ਕਮਿਸ਼ਨ ਨੇ ਸਖ਼ਤੀ ਦਿਖਾਉਂਦਿਆਂ ਮੋਗਾ ਦੇ ਡਿਪਟੀ ਕਮਿਸ਼ਨਰ ਤੋਂ ਜਿਲ੍ਹਾ ਚੋਣ ਅਫਸਰ ਦਾ ਚਾਰਜ ਖੋਹ ਲਿਆ ਹੈ। ਅਜਿਹਾ ਪਹਿਲੀ ਵਾਰ ਹੋਇਆ ਹੈ, ਜਦੋਂ ਕਿਸੇ ਡਿਪਟੀ ਕਮਿਸ਼ਨਰ ਵਿਰੁੱਧ ਕਾਰਵਾਈ ਕੀਤੀ ਗਈ ਹੋਵੇ। ਚੋਣ ਕਮਿਸ਼ਨ ਨੇ ਇਸ ਡਿਪਟੀ ਕਮਿਸ਼ਨਰ ਨੂੰ ਬਦਲਣ ਦੀ ਵੀ ਮੰਗ ਕੀਤੀ ਹੈ। ਇੱਧਰ ਗੁਰਦਾਸਪੁਰ ਤੋਂ ਅਜਿਹੀਆਂ ਰਿਪੋਰਟਾਂ ਆਈਆਂ ਹਨ ਕਿ ਰਾਖਵੇਂਕਰਨ ਵਿਚ ਘਪਲਾ ਕਰ ਦਿੱਤਾ ਜਿਸ ਕਰਨ ਇਕ ਡੀ. ਡੀ. ਪੀ. ਓ., ਰੀਡਰ, ਪੰਚਾਇਤ ਸਕੱਤਰ, ਕੰਪਿਊਟਰ ਅਪਰੇਟਰ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਸੂਬੇ ਦੀਆਂ 13276 ਪੰਚਾਇਤਾਂ ਦੇ ਗਠਨ ਲਈ 7 ਦਸੰਬਰ ਨੂੰ ਗਜ਼ਟ ਜਾਰੀ ਹੋਇਆ ਸੀ। ਹੁਣ ਤੱਕ ਸਰਪੰਚੀ ਲਈ 28375 ਅਤੇ ਮੈਂਬਰ ਪੰਚਾਇਤ ਲਈ 104027 ਉਮੀਦਵਾਰ ਚੋਣ ਮੈਦਾਨ ਵਿਚ ਹਨ। ਇਸ ਦਰਮਿਆਨ 1863 ਸਰਪੰਚ ਅਤੇ 22203 ਪੰਚ ਬਿਨਾਂ ਮੁਕਾਬਲਾ ਵੀ ਚੁਣੇ ਗਏ ਹਨ। ਹੁਣ ਚੋਣਾਂ ਵਾਲੇ ਦਿਨ ਨੂੰ ਲੈ ਕੇ ਸ਼ੰਕੇ ਖੜ੍ਹੇ ਕੀਤੇ ਜਾ ਰਹੇ ਹਨ ਕਿ ਕਿਤੇ ਚੋਣਾਂ ਦਰਮਿਆਨ ਲੜਾਈ-ਝਗੜੇ ਨਾ ਵੱਧ ਜਾਣ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਵੱਡੇ ਸਾਕੇ ਵਰਤਾਉਣ ਵਾਲੀਆਂ ਬਹਾਦਰ ਜਿੰਦਾਂ ਲਈ ਸ਼ਰਧਾ ਦੇ ਫੁੱਲ!



ਅਵਤਾਰ ਸਿੰਘ ਮਿਸ਼ਨਰੀ
510-432-5827

ਗੁਰਮਤਿ ਵਿੱਚ ਗਿਆਨਮਈ ਸ਼ਰਧਾ ਪ੍ਰਵਾਨ ਨਾ ਕਿ ਅੰਨ੍ਹੀ ਸ਼ਰਧਾ ਤੇ ਮਿਥ। ਸਾਹਿਬਜ਼ਾਦਿਆਂ ਨਾਲ ਵਾਪਰਿਆ ਸਾਕਾ ਯਥਾਰਥ ਤੇ ਇਤਿਹਾਸਕ ਹੈ। ਸਾਕਾ ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦਾ ਅਰਥ ਸ਼ਕ-ਸੰਮਤ ਅਤੇ ਸਾਕੇ ਬਹੁ ਵਚਨ ਸ਼ਬਦ ਹੈ। ਸਾਕਾ ਤੋਂ ਭਾਵ ਹੈ ਕਿ ਕੋਈ ਐਸਾ ਕਰਮ ਜੋ ਇਤਿਹਾਸ ਵਿੱਚ ਪ੍ਰਸਿੱਧ ਰਹਿਣ ਲਾਇਕ ਹੋਵੇ। ਸਿੱਖਾਂ ਤੋਂ ਪਹਿਲੇ ਵੀ ਸਾਕੇ ਵਰਤੇ, ਹਰੇਕ ਸੱਚ ਦੇ ਪੁਜਾਰੀ ਨਾਲ ਕੋਈ ਨਾਂ ਕੋਈ ਸਾਕਾ ਵਰਤਿਆ ਹੀ ਹੈ ਜਿਵੇਂ ਮਨਸੂਰ, ਸਰਮਦ ਅਤੇ ਗੇਲੀਲੀਓ ਵਰਗੇ ਉੱਚਕੋਟੀ ਦੇ ਸੂਫੀ ਅਤੇ ਵਿਗਿਆਨੀ ਇਸ ਦੀ ਢੁੱਕਵੀਂ ਮਿਸਾਲ ਹਨ। ਪਰ ਜੋ ਛੋਟੀ ਜਿਹੀ ਸਿੱਖ ਕੌਮ ਨੇ ਲਾਸਾਨੀ ਸਾਕੇ ਵਰਤਾਏ ਅਤੇ ਹੰਡਾਏ ਉਹ ਬੇਹੱਦ ਲਾਮਿਸਾਲ ਹਨ। ਸਿੱਖ ਧਰਮ ਦੇ ਬਾਨੀ ਗੁਰੂ ਬਾਬਾ ਨਾਨਕ ਜੀ ਨੇ ਪੁਜਾਰੀਵਾਦ, ਬ੍ਰਾਹਮਣੀ ਕਰਮਕਾਂਡ, ਅਖੌਤੀ ਰੀਤਾਂ ਰਸਮਾਂ, ਸਰਕਾਰੀ ਜ਼ੁਲਮ ਅਤੇ ਅਨਿਆਇੰ ਵਿਰੁੱਧ ਉੱਠ ਖੜੇ ਹੋਣ ਅਤੇ ਤਰਕਸ਼ੀਲ ਯਥਾਰਥ ਗਿਆਨ ਦਾ ਸਾਕਾ ਵਰਤਾਇਆ। ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਸਾਹਿਬ ਨੇ ਅਸਹਿ ਤੇ ਅਕਹਿ ਕਸ਼ਟ ਸਹਾਰਦੇ ਹੋਏ ਸ਼ਬਦ ਗੁਰੂ ਦੀ ਸ਼ਾਨ ਅਤੇ "ਸਭੇ ਸਾਂਝੀਵਾਲ ਸਦਾਇਨ" ਦੇ ਸਿਧਾਂਤ ਲਈ ਸ਼ਹੀਦੀ ਸਾਕਾ ਵਰਤਾਇਆ। ਗੁਰੂ ਤੇਗ ਬਹਾਦਰ ਜੀ ਨੇ ਮਜ਼ਲੂਮਾਂ ਦਾ ਧਰਮ ਬਚਾਉਣ ਲਈ ਆਪਾ ਵਾਰਿਆ, ਸਿੱਖ ਦੇਗਾਂ ਵਿੱਚ ਉਬਲੇ ਅਤੇ ਆਰਿਆਂ ਨਾਲ ਚੀਰੇ ਗਏ, ਇਉਂ ਸਾਕਿਆਂ ਦੀ ਲੜੀ ਚੱਲ ਪਈ। ਇਸੇ ਸਾਕਾ ਲੜੀ ਦੇ ਅਨਮੋਲ ਹੀਰੇ, ਗੁਰਮਤਿ ਗਾਨੇ ਦੇ ਸੱਚੇ ਸੁੱਚੇ ਮੋਤੀ, ਗੁਰੂ ਗੋਬਿੰਦ ਸਿੰਘ ਜੀ ਦੇ ਲਖ਼ਤੇ ਜ਼ਿਗਰ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫ਼ਤਿਹ ਸਿੰਘ ਚਾਰੇ ਸਾਹਿਬਜ਼ਾਦਿਆਂ ਨੇ ਕ੍ਰਮਵਾਰ ਚਮਕੌਰ ਸਾਹਿਬ ਅਤੇ ਸਰਹਿੰਦ ਵਿਖੇ ਲਾਮਿਸਾਲ ਸਾਕੇ ਵਰਤਾ, ਵਿਲੱਖਣ ਇਤਿਹਾਸ ਸਿਰਜ ਦਿੱਤਾ।



ਸਾਹਿਬਜ਼ਾਦਾ ਫਾਰਸੀ ਦਾ ਸ਼ਬਦ ਹੈ ਜਿਸ ਦੀ ਸੰਗਿਆ ਹੈ- ਬਾਦਸ਼ਾਹਜਾਦਹ, ਰਾਜਕੁਮਾਰ, ਸੁਆਮੀ ਦਾ ਬੇਟਾ ਅਤੇ ਸਿੱਖਾਂ ਵਿੱਚ ਗੁਰੂ ਸਪੁੱਤ੍ਰ ਹੈ। ਸਹਿਬਜ਼ਾਦੇ ਪੁੱਤਰਾਂ ਨੂੰ ਵੀ ਕਿਹਾ ਜਾਂਦਾ ਹੈ, ਕਈ ਵਾਰ ਸਿਆਣੇ ਲੋਕ ਇੱਕ ਦੂਜੇ ਦਾ ਹਾਲ-ਚਾਲ ਪੁੱਛਦੇ ਸਮੇ ਕਹਿੰਦੇ ਹਨ ਤੁਹਾਡੇ ਸਾਹਿਬਜ਼ਾਦਿਆਂ ਦਾ ਕੀ ਹਾਲ ਹੈ? ਸੁੱਖ ਨਾਲ ਆਪ ਜੀ ਦੇ ਕਿੰਨ੍ਹੇ ਸਾਹਿਬਜ਼ਾਦੇ ਹਨ? ਪਰ ਆਂਮ ਤੌਰਤੇ ਸਾਹਿਬਜ਼ਾਦੇ ਲਕਬ ਗੁਰੂ ਸਪੁੱਤ੍ਰਾਂ ਲਈ ਹੀ ਢੁਕਵਾਂ ਹੈ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਜੀ ਦੇ ਦਸਵੇਂ ਜਾਂਨਸ਼ੀਨ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਪੁੱਤਰ ਸਨ ਜਿਨ੍ਹਾਂ ਨੂੰ ਸਿੱਖ ਸੰਗਤਾਂ ਸਤਿਕਾਰ ਨਾਲ ਸਾਹਿਬਜ਼ਾਦੇ ਅਤੇ ਬਾਬਾ ਸ਼ਬਦਾਂ ਨਾਲ ਸੰਬੋਧਨ ਕਰਦੀਆਂ ਹਨ। ਚਾਰੇ ਸਾਹਿਜ਼ਾਦਿਆਂ ਦੀ ਮਾਂ ਮਾਤਾ ਜੀਤ ਕੌਰ ਹੀ ਹੈ ਜਿਨ੍ਹਾਂ ਨੂੰ ਸੁੰਦਰ ਸ਼ਕਲ ਹੋਣ ਕਰਕੇ ਮਾਤਾ ਸੁੰਦਰੀ ਨਾਮ ਨਾਲ ਵੀ ਪੁਕਾਰਿਆ ਜਾਂਦਾ ਹੈ। ਪੁਰਾਣੇ ਸਮੇਂ ਜਦ ਲੜਕੀ ਵਿਆਹ ਕੇ ਸਹੁਰੇ ਘਰ ਜਾਂਦੀ ਸੀ ਤਾਂ ਸਹੁਰੇ ਉਸ ਦਾ ਨਵਾਂ ਨਾਂ ਰੱਖਦੇ ਸਨ। ਇਸ ਕਰਕੇ ਇਤਿਹਾਸਕਾਰਾਂ ਨੂੰ ਦੋ ਮਾਤਾਵਾਂ ਹੋਣ ਦਾ ਟਪਲਾ ਲੱਗਾ ਹੈ। ਵੈਸੇ ਵੀ ਗੁਰੂ ਘਰ ਵਿੱਚ ਇੱਕ ਨਾਰੀ ਨੂੰ ਹੀ ਮਾਨਤਾ ਹੈ-ਏਕਾ ਨਾਰੀ ਸਦਾ ਜਤੀ ਪਰ ਨਾਰੀ ਧੀ ਭੈਣ ਵਖਾਣੈ॥ (ਭਾ.ਗੁ) ਬਹੁ ਪਤਨੀ ਵਿਆਹ ਇਸਲਾਮ ਵਿੱਚ ਹੈ ਸਿੱਖ ਧਰਮ ਵਿੱਚ ਨਹੀਂ। ਫਿਰ ਗੁਰੂ ਸਾਹਿਬ ਕੋਈ ਕਾਮੀ ਪੁਰਖ ਨਹੀਂ ਸਨ ਜੋ ਬਹੁ ਪਤਨੀ ਵਿਆਹ ਕਰਦੇ। ਕਈ ਕਹਿੰਦੇ ਹਨ ਕਿ ਗੁਰੂ ਸਾਹਿਬ ਰਾਜਾ ਯੋਗੀ ਸਨ ਇਸ ਦਾ ਮਤਲਵ ਇਹ ਨਹੀਂ ਕਿ ਉਹ ਦੁਨਿਆਵੀ ਰਾਜਿਆਂ ਵਰਗੇ ਅਜਾਸ਼ ਸਨ? ਜੇ ਐਸਾ ਗੁਰਮਤਿ ਵਿੱਚ ਪ੍ਰਵਾਨ ਹੁੰਦਾ ਤਾਂ ਸਿੱਖਾਂ ਦੀਆਂ ਵੀ ਕਈ-ਕਈ ਪਤਨੀਆਂ ਹੁੰਦੀਆਂ। ਇਹ ਗਲਤੀ ਮਹਾਂਰਾਜਾ ਰਣਜੀਤ ਸਿੰਘ ਨੇ ਕੀਤੀ ਹੈ ਜਾਂ ਨਹੀਂ ਇਤਿਹਾਸ ਵਿੱਚ ਰਲਾ ਹੈ। ਸਿੱਖ ਰਹਿਤ ਮਰਯਾਦਾ ਵਿੱਚ ਵੀ ਲਿਖਿਆ ਹੈ ਕਿ ਆਮ ਹਾਲਤਾਂ ਵਿੱਚ ਸਿੱਖ ਇੱਕ ਹੀ ਪਤਨੀ ਨਾਲ ਵਿਆਹ ਕਰੇ, ਹਾਂ ਜੇ ਕਿਸੇ ਖਾਸ ਹਾਲਤ ਵਿੱਚ ਪਹਿਲੀ ਪਤਨੀ ਚੜ੍ਹਾਈ ਕਰ ਜਾਵੇ ਜਾਂ ਸੰਤਾਨ ਨਾਂ ਹੋਵੇ ਤਾਂ ਕੁਲ ਜਾਰੀ ਰੱਖਣ ਵਾਸਤੇ ਦੂਜਾ ਵਿਆਹ ਕੀਤਾ ਜਾ ਸਕਦਾ ਹੈ ਨਾਂ ਕਿ ਐਸ਼ੋ-ਇਸ਼ਰਤ ਲਈ। ਗੁਰੂ ਸਾਹਿਬ ਜੋ ਉਪਦੇਸ਼ ਸਿੱਖਾਂ ਨੂੰ ਦਿੰਦੇ ਸਨ ਉਸਦੇ ਉਹ ਆਪ ਧਾਰਨੀ ਸਨ। ਆਪਾਂ ਗੁਰਬਾਣੀ ਸਿਧਾਂਤ ਨੂੰ ਮੁੱਖ ਰੱਖਣਾ ਹੈ ਨਾਂ ਕਿ ਸਾਖੀਆਂ ਜਾਂ ਸੁਣੀਆਂ ਸੁਣਾਈਆਂ ਗੱਲਾਂ ਨੂੰ। ਰੱਬੀ ਭਗਤਾਂ ਅਤੇ ਸਿੱਖ ਗੁਰੂ ਸਹਿਬਾਨਾਂ ਦਾ ਜੀਵਨ ਗੁਰਬਾਣੀ ਵਿੱਚੋਂ ਹੀ ਪ੍ਰਗਟ ਹੁੰਦਾ ਹੈ। ਸਿੱਖ ਧਰਮ ਨਾਰੀ ਤੇ ਪੁਰਸ਼ ਨੂੰ ਬਰਾਬਰ ਮਾਨਤਾ ਦਿੰਦਾ ਹੈ। ਜੇ ਪੁਰਸ਼ ਵੱਧ ਵਿਆਹ ਕਰਵਾ ਸਕਦਾ ਹੈ ਤਾਂ ਫਿਰ ਨਾਰੀ ਕਿਉਂ ਨਹੀਂ? ਇਤਿਹਾਸ ਪੜ੍ਹਦੇ ਤੇ ਵਾਚਦੇ ਸਮੇਂ ਗੁਰਮਤਿ ਸਿਧਾਂਤਾਂ ਦੀ ਪਰਖ ਜਰੂਰੀ ਹੈ। ਜਿਵੇਂ ਸੁਨਿਆਰਾ ਸੋਨੇ ਦੀ ਪਰਖ ਕਰਕੇ ਖੋਟ ਪ੍ਰਵਾਨ ਨਹੀਂ ਕਰਦਾ, ਇਵੇਂ ਹੀ ਸਿੱਖ ਇਤਿਹਾਸ ਰੂਪੀ ਸੋਨੇ ਵਿੱਚ ਪੈ ਚੁੱਕੀ ਖੋਟ ਨੂੰ ਗੁਰਬਾਣੀ ਦੀ ਕਸਵੱਟੀ ਤੇ ਪਰਖਣ ਦੀ ਅਤਿਅੰਤ ਲੋੜ ਹੈ।

ਸਾਹਿਬਜ਼ਾਦਿਆਂ ਦੀ ਪਾਲਣਾ ਪੋਸ਼ਣਾ ਅਤੇ ਪੜ੍ਹਾਈ ਮਾਤਾ ਗੁਜਰੀ ਜੀ ਅਤੇ ਮਾਮਾ ਕ੍ਰਿਪਾਲ ਚੰਦ ਦੀ ਦੇਖ-ਰੇਖ ਵਿੱਚ ਹੋਈ। ਸਾਹਿਬਜ਼ਾਦਿਆਂ ਦਾ ਪਿਛੋਕੜ ਅਤੇ ਵਰਤਮਾਨ ਗੁਰੂ ਘਰ ਵਿੱਚ ਹੀ ਹੋਇਆ। ਜਿੱਥੇ ਬਾਕੀ ਗੁਰੂ ਸਹਿਬਾਨਾਂ ਦੇ ਕੁਝ ਸਾਹਿਬਜ਼ਾਦੇ ਗੁਰੂ ਘਰ ਤੋਂ ਬਾਗੀ ਵੀ ਰਹੇ ਓਥੇ ਗੁਰੂ ਗੋਬਿੰਦ ਸਿੰਘ ਜੀ ਦੇ ਹੋਣਹਾਰ ਸਪੁੱਤਰ ਗੁਰੂ ਜੀ ਦੀ ਆਗਿਆ ਦਾ ਪਾਲਣ ਕਰਦੇ ਹੋਏ ਹੀ ਅੱਣਖ ਦੀ ਜ਼ਿੰਦਗੀ ਜੀਏ ਅਤੇ ਜ਼ਾਲਮਾਂ ਨਾਲ ਲੋਹਾ ਲੈਂਦੇ ਹੋਏ ਸ਼ਹੀਦ ਹੋਏ। ਸਾਹਿਬਜ਼ਾਦਿਆਂ ਦੀ ਸਾਰੀ ਜਿੰਦਗੀ ਹੀ ਜੰਗਾਂ ਯੁੱਧਾਂ ਵਿੱਚ ਲੰਘੀ। ਉਹ ਆਮ ਬੱਚਿਆਂ ਵਾਂਗ ਸੁੱਖਾਂ ਤੇ ਲਾਡਾਂ ਭਰਿਆ ਬਚਪਨ ਨਹੀਂ ਮਾਨ ਸਕੇ।

ਉਸ ਵੇਲੇ ਜ਼ਾਲਮ ਮੁਗਲਾਂ ਅਤੇ ਉਨ੍ਹਾਂ ਦੇ ਝੋਲੀ ਚੁੱਕ ਹਿੰਦੂ ਪਹਾੜੀ ਰਾਜਿਆਂ ਨਾਲ ਜੋ ਗੁਰੂ ਦੀ ਅਗਵਾਈ ਵਿੱਚ ਸਿੱਖਾਂ ਦੀਆਂ ਜੰਗਾਂ ਹੋਈਆਂ, ਉਹ ਉਨ੍ਹਾਂ ਨੇ ਆਪਣੀ ਅੱਖੀਂ ਦੇਖੀਆਂ ਤੇ ਹੰਡਾਈਆਂ। ਇਸ ਲਈ ਉਨ੍ਹਾਂ ਨੂੰ ਵਿਰਸੇ ਵਿੱਚ ਹੀ ਅਜਿਹੇ ਬੀਰ ਰਸੀ ਕਾਰਨਾਮਿਆਂ ਦੀ ਗੁੜ੍ਹਤੀ ਮਿਲਦੀ ਰਹੀ। ਜਿਵੇਂ ਸ਼ੇਰ ਦੇ ਬੱਚੇ ਸ਼ੇਰ ਹੀ ਹੁੰਦੇ ਹਨ ਓਵੇਂ ਸ਼ੇਰ-ਮਰਦ ਗੁਰੂ ਗੋਬਿੰਦ ਸਿੰਘ ਜੀ ਦੇ ਬੱਚੇ ਵੀ ਸ਼ੇਰ ਸਨ।

ਪਾਠਕ ਜਨੋ! ਦੇਖੋ ਭਰ ਜਵਾਨੀ ਅਤੇ ਬਚਪਨ ਵਿੱਚ ਗੁਰੂ ਕੇ ਲਾਲ ਧਰਮ, ਅਣਖ ਅਤੇ ਇਜ਼ਤ ਆਬਰੂ ਖਾਤਰ ਗੁਰੂ ਪੰਥ ਦਾ ਕੌਮੀ ਮਹਿਲ ਉਸਾਰਨ ਲਈ ਹੱਸ-ਹੱਸ ਕੁਰਬਾਨ ਹੋ ਗਏ, ਜ਼ਾਲਮ ਮੁਗਲੀਆ ਸਰਕਾਰ ਦੀ ਈਨ ਨਹੀਂ ਮੰਨੀ ਪਰ ਅੱਜ ਦੇ ਨਕਲੀ ਬਾਬੇ, ਉਨ੍ਹਾਂ ਬੀਰ ਬਹਾਦਰ ਬਾਬਿਆਂ ਦੀਆਂ ਅਸਲੀ ਯਾਦਗਾਰਾਂ ਉੱਤੇ ਬਦਨੀਤੀ ਦਾ ਕੁਹਾੜਾ ਚਲਾ ਕੇ ਅਸਲੀ ਨਾਮੋਂ-ਨਿਸ਼ਾਨ ਹੀ ਮਿਟਾਈ ਜਾ ਰਹੇ ਹਨ। ਸਿੱਖ ਪੰਥ ਨੂੰ ਇਧਰ ਫੌਰੀ ਧਿਆਨ ਦੇਣਾ ਚਾਹੀਦਾ ਹੈ ਨਹੀਂ ਤਾਂ ਇਹ ਸਰਕਾਰਾਂ ਦੇ ਵੋਟ ਬੈਂਕ ਲਈ ਪ੍ਰਮੋਟ ਕੀਤੇ ਹੋਏ ਨਕਲੀ ਬਾਬੇ ਸ਼ਹੀਦਾਂ ਦੀਆਂ ਅਸਲੀ ਯਾਦਾਂ ਦਾ ਪੁਰਜਾ-ਪੁਰਜਾ ਕੱਟ ਦੇਣਗੇ ਅਤੇ ਸਿੱਖ ਸਿਧਾਂਤਾਂ ਨੂੰ ਬਦਨੀਤੀ ਦੀਆਂ ਨੀਹਾਂ ਵਿੱਚ ਚਿਣਦੇ ਹੋਏ ਉਨ੍ਹਾਂ ਉੱਪਰ ਬ੍ਰਾਹਮਣਵਾਦ, ਮਿਥਿਹਾਸ ਅਤੇ ਪਾਖੰਡਵਾਦ ਦਾ ਗਿਲਾਫ ਚੜ੍ਹਾ ਦੇਣਗੇ। ਜਰਾ ਸੋਚੋ! ਜੇ ਛੋਟੀ ਉੱਮਰ ਵਿੱਚ ਸਾਹਿਬਜ਼ਾਦੇ ਸੁਚੇਤ ਸਨ ਤਾਂ ਸਾਨੂੰ ਵੀ ਉਨ੍ਹਾਂ ਦੇ ਜੀਵਨ ਤੋਂ ਸਿਖਿਆ ਲੈ ਕੇ, ਅਜੋਕੇ ਬ੍ਰਾਹਮਣ ਅਤੇ ਸੰਤ-ਬਾਬਾਵਾਦ ਤੋਂ ਸੁਚੇਤ ਹੋਣਾ ਚਾਹੀਦਾ ਹੈ। ਇਹ ਹੀ ਸੱਚੀ ਸ਼ਰਧਾਂਜਲੀ ਹੋਵੇਗੀ ਉਨ੍ਹਾਂ ਬੀਰ ਬਹਾਦਰ ਗੁਰੂ ਕੇ ਲਾਲਾਂ ਨੂੰ ਕਿ ਅਸੀਂ ਵੀ ਆਪਣੇ ਬੱਚਿਆਂ ਨੂੰ ਸਾਹਿਬਜ਼ਾਦਿਆਂ ਦੀਆਂ ਬੀਰ ਗਾਥਾਵਾਂ ਪੜ੍ਹਾ-ਸੁਣਾ ਕੇ ਯੂਨੀਵਰਸਲ ਸਿੱਖ ਧਰਮ ਦੇ ਵਿਰਸੇ ਨਾਲ ਜੋੜੀਏ ਤਾਂ ਕਿ ਸਾਡੇ ਬੱਚੇ ਵੀ ਸਿੱਖੀ ਸਿਧਾਂਤਾਂ ਦੇ ਧਾਰਨੀ, ਮਾਡਲ ਅਤੇ ਪ੍ਰਚਾਰਕ ਬਣ ਕੇ, ਸਿੱਖ ਕੌਮ ਦਾ ਸਿਰ ਉੱਚਾ ਕਰ ਸਕਣ। ਐਸੀਆਂ ਬੀਰ ਬਹਾਦਰ ਜਿੰਦਾਂ ਜਿੰਨ੍ਹਾਂ ਨੇ ਬਹੁਤ ਵੱਡੀ ਮੁਗਲੀਆ ਹਕੂਮਤ ਦੀ ਈਨ ਨਹੀਂ ਮੰਨੀ ਤੇ ਮੁਗਲਾਂ ਦੇ ਜ਼ਾਲਮ ਰਾਜ ਦੀਆਂ ਜੜਾਂ ਪੰਜਾਬ ਤੇ ਭਾਰਤ ਚੋਂ ਪੁੱਟਦੇ ਹੋਏ, ਬੀਰ ਰਸੀ ਅੰਦਾਜ਼ ਵਿੱਚ ਸ਼ਹਦਤਾਂ ਦੇ ਜਾਮ ਪੀਤੇ ਅਜਿਹੇ ਹੋਣਹਾਰ ਪ੍ਰਵਾਨਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕੋਟਿ ਕੋਟਿ ਪ੍ਰਨਾਮ!


# ਪੰਜਾਬ ਭਵਨ ਸਰ੍ਹੀ ਦੇ ਸੁੱਖੀ ਬਾਠ ਹੋਣਗੇ 'ਛਣਕਾਟਾ ਵੰਗਾਂ ਦਾ' ਪ੍ਰੋਗਰਾਮ ਦੇ ਮੁੱਖ ਮਹਿਮਾਨ

## ਚੰਨੀ ਸਿੰਘ, ਮੋਨਾ ਸਿੰਘ, ਹਰਮਨਦੀਪ ਤੇ ਮਨਿੰਦਰ ਦਿਓਲ ਪੇਸ਼ ਕਰਨਗੇ ਪੰਜਾਬੀ ਗਾਇਕੀ ਦੇ ਰੰਗ

**ਫਰੀਮਾਂਟ (ਬਿਓਰੋ)-** ਇੱਕੀ ਇੰਟਰਨੈਸ਼ਨਲ ਐਂਟਰੇਟਨਮੈਂਟ ਵਲੋਂ ਸ. ਅਮੋਲਕ ਸਿੰਘ ਗਾਖਲ, ਮੱਖਣ ਸਿੰਘ ਬੈਂਸ ਅਤੇ ਐੱਸ.ਅਸ਼ੋਕ ਭੌਰਾ ਦੀ ਅਗਵਾਈ 'ਚ 6 ਜਨਵਰੀ 2019 ਦਿਨ ਐਤਵਾਰ ਨੂੰ ਪੈਰਾਡਾਈਜ਼ ਬਾਲਰੂਮ 4100 ਪਰਿਆਲਟਾ ਬੁੱਲੇਵਾਰਡ ਛੇਵੇਂ ਛਣਕਾਟਾ ਵੰਗਾਂ ਦਾ ਪ੍ਰੋਗਰਾਮ 'ਚ ਪੰਜਾਬ ਭਵਨ ਸਰ੍ਹੀ ਦੇ ਸੰਚਾਲਕ ਅਤੇ ਇਸ ਵੇਲੇ ਕੌਮਾਂਤਰੀ ਪੰਜਾਬੀ ਸੱਭਿਆਚਾਰਕ ਸਰਗਰਮੀਆਂ 'ਚ ਇਨ੍ਹੀਂ ਦਿਨੀਂ ਅਹਿਮ ਭੂਮਿਕਾ ਨਿਭਾਅ ਰਹੇ ਸੁੱਖੀ ਬਾਠ ਪ੍ਰੋਗਰਾਮ ਦੇ ਮੁੱਖ ਮਹਿਮਾਨ ਹੋਣਗੇ। ਸ੍ਰ. ਅਮੋਲਕ ਸਿੰਘ ਗਾਖਲ ਤੇ ਮੱਖਣ ਸਿੰਘ ਬੈਂਸ ਨੇ ਸਾਂਝੇ ਰੂਪ ਵਿਚ ਸਮੂਹ ਪੰਜਾਬੀਆਂ ਨੂੰ ਇਸ ਪ੍ਰੋਗਰਾਮ ਵਿਚ ਸ਼ਾਮਿਲ ਹੋਣ ਦੀ ਬੇਨਤੀ ਕਰਦਿਆਂ ਕਿਹਾ ਕਿ ਆਧੁਨਿਕ ਇਲੈਕ-ਟ੍ਰਾਨਿਕ ਸੁਵਿਧਾਵਾਂ ਨਾਲ ਪੰਜਾਬ ਦੇ ਅਮੀਰ ਵਿਰਾਸਤੀ ਸੱਭਿਆਚਾਰਕ ਰੰਗਾਂ ਨੂੰ ਇਕ ਮੰਚ 'ਤੇ ਇਸ ਪ੍ਰੋਗਰਾਮ ਰਾਹੀਂ ਪੇਸ਼ ਕੀਤਾ ਜਾਂਦਾ ਹੈ ਜੋ ਕਿ ਪੰਜਾਬੀ ਭੈਣਾਂ ਭਰਾਵਾਂ ਲਈ ਜਾਂ ਬਜ਼ੁਰਗਾਂ ਲਈ ਨਾ ਸਿਰਫ ਇਕ ਮਨੋਰੰਜਕਦਾਇਕ ਪ੍ਰੋਗਰਾਮ ਹੈ ਸਗੋਂ ਬੱਚਿਆਂ ਨੂੰ ਪੰਜਾਬੀ ਸੱਭਿਆਚਾਰ ਨਾਲ ਜੋੜਨ ਦਾ ਵੀ ਇਕ ਤਰ੍ਹਾਂ ਨਾਲ ਸੂਤਰਧਾਰ ਪ੍ਰੋਗਰਾਮ ਬਣ ਗਿਆ ਹੈ। ਇਸ ਮੌਕੇ 'ਭਾਬੀਏ ਨੀ ਭਾਬੀਏ' ਫੇਮ ਕਲਾਕਾਰ ਚੰਨੀ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਬਾਲੀਵੁੱਡ ਗਾਇਕਾ ਮੋਨਾ ਸਿੰਘ, ਪੰਜਾਬੀਆਂ 'ਚ ਬੁਲੰਦ ਅਵਾਜ਼ ਕਰਕੇ ਜਾਣੀ ਜਾਂਦੀ ਯੁਵਾ ਗਾਇਕਾ ਹਰਮਨਦੀਪ ਤੇ 'ਮੈਂ ਸੁਣਿਆ ਮੇਰੇ ਖਤ ਤੇ ਫੋਟੋਆਂ' ਨਾਲ ਪੰਜਾਬੀ ਗਾਇਕੀ ਦੇ ਖੇਤਰ 'ਚ ਬਹੁਚਰਚਿਤ ਰਹੀ ਗਾਇਕਾ ਮਨਿੰਦਰ ਦਿਓਲ ਆਉਣ ਵਾਲੇ ਦਰਸ਼ਕਾਂ ਦਾ ਗੀਤ ਸੰਗੀਤ ਨਾਲ ਮਨੋਰੰਜਨ ਕਰਨਗੇ। ਅਜੇ ਭੰਗੜਾ ਅਕੈਡਮੀ ਦੇ ਬੱਚਿਆਂ ਦਾ ਗਿੱਧਾ ਭੰਗੜਾ, ਯੂ.ਸੀ. ਡੇਵਿਸ ਤੇ 'ਬੇਏਰੀਆ ਧਮਕ' ਅਤੇ 'ਪੰਜਾਬੀ ਧੜਕਣ ਅਕੈਡਮੀ' ਦੀਆਂ ਕੁੜੀਆਂ ਗਿੱਧਾ ਪੇਸ਼ ਕਰਨਗੀਆਂ। ਮਲਵਈ ਗਿੱਧੇ ਦੀ ਪੇਸ਼ਕਾਰੀ ਵੀ ਇਸੇ ਮੰਚ ਤੋਂ ਪਹਿਲੀ ਵਾਰ ਵੇਖਣ ਨੂੰ ਮਿਲੇਗੀ। ਕੋਰੀਓਗ੍ਰਾਫੀ ਦੇ ਨਾਲ ਨਾਲ ਸਥਾਨਕ 'ਆਪਣਾ ਸੰਗੀਤ' ਦੇ ਅਨੂਪ ਚੀਮਾ, ਬੁਲੰਦ ਆਵਾਜ਼ ਵਾਲੇ ਸੱਤੀ ਪਾਬਲਾ ਅਤੇ ਕੈਲੀ ਜੱਸ ਵੀ ਗਾਇਕੀ ਦੀਆਂ ਪਰਤਾਂ ਫੋਲਣਗੇ।









The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
ਅਦਾਰਾ ਦੇਸ਼ ਦੁਆਰਾ ਇਸ ਅਖਬਾਰ ਵਿਚ ਛਪੇ ਇਸ਼ਤਿਹਾਰਾਂ 'ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਬੇਅ ਏਰੀਆ ਵਲੋਂ ਆਯੋਜਿਤ ਸੁਰਮਈ ਸ਼ਾਮ ਸਾਹਾਂ ਵਿਚ ਕੇਸਰ ਘੋਲ ਗਈ





ਫ਼ਰੀਮਾਂਟ- ਬੀਤੇ ਦਿਨੀਂ ਇੰਡੀਅਨ ਗੋਲਡਨ ਕੁਜੀਨ ਫ਼ਰੀਮਾਂਟ ਵਿਖੇ ਵਿਪਸਾਅ ਬੇ ਏਰੀਆ ਵਲੋ ਇਕ ਸੰਗੀਤਕ ਮਹਿਫ਼ਲ ਆਯੋਜਿਤ ਕੀਤੀ ਗਈ ਭਰਪੂਰ ਅਨੰਦ ਮਾਣਿਆਂ। ਇਹ ਸ਼ਾਮ ਹਾਜ਼ਰ ਸਰੋਤਿਆਂ ਦੇ ਸਾਹਾਂ ਵਿਚ ਕੇਸਰ ਘੋਲ ਗਈ। ਇਹ ਮਹਿਫ਼ਲ ਅਕਾਦਮੀ ਦੇ ਪ੍ਰਧਾਨ ਪ੍ਰੋ. ਸੁਖਵਿੰਦਰ ਕੰਬੋਜ ਦੀ ਪ੍ਰਧਾਨਗੀ ਹੇਠ ਹੋਈ। ਹਾਜ਼ਰ ਸਰੋਤਿਆਂ ਨੂੰ ਜੀਅ ਆਇਆਂ ਕਹਿੰਦੇ ਹੋਏ ਪ੍ਰੋ. ਕੰਬੋਜ ਨੇ ਵਿਪਸਾਅ ਦੀ ਮੈਂਬਰ ਨੀਲਮ ਸੈਣੀ ਨੂੰ ਮੰਚ ਸੰਚਾਲਨ ਲਈ ਸੱਦਾ ਦਿੱਤਾ। ਨੀਲਮ ਸੈਣੀ ਨੇ ਸੰਗੀਤ ਦੇ ਮਹੱਤਵ ਨੂੰ ਦਰਸਾਉਂਦਿਆਂ ਪ੍ਰਸਿੱਧ ਗਾਇਕ ਸੁਖਦੇਵ ਸਾਹਿਲ ਨੂੰ ਬਾਬਾ ਬੁੱਲ੍ਹੇ ਸ਼ਾਹ ਦੀ ਕਾਫ਼ੀ ਨਾਲ ਇਸ ਮਹਿਫ਼ਲ ਦਾ ਆਗਾਜ਼ ਕਰਨ ਲਈ ਦਾਅਵਤ ਦਿੱਤੀ। ਇਸ ਉਪਰੰਤ ਤਰਤੀਬ ਵਾਰ ਅਕਾਦਮੀ ਦੇ ਹਾਜ਼ਰ ਮੈਂਬਰਾਂ ਪ੍ਰੋ. ਸੁਖਵਿੰਦਰ ਕੰਬੋਜ, ਜਗਜੀਤ ਨੌਸ਼ਿਹਰਵੀ, ਰੇਸ਼ਮ, ਮੇਜਰ ਭੁਪਿੰਦਰ ਦਲੇਰ, ਤਾਰਾ ਸਿੰਘ ਸਾਗਰ, ਪ੍ਰਿੰਸੀਪਲ ਦਰਸ਼ਨ ਸਿੰਘ ਨੱਤ, ਹਰਭਜਨ ਢਿੱਲੋਂ, ਪ੍ਰੋ. ਸੁਖਪਾਲ ਸੰਘੇੜਾ, ਗੁਰਦੀਪ, ਹਰਜਿੰਦਰ ਕੰਗ, ਕੁਲਵਿੰਦਰ ਅਤੇ ਪੰਜਾਬੀ ਸਾਹਿਤ ਸਭਾ ਕੈਲੀਫ਼ੋਰਨੀਆ ਦੇ ਸਾਬਕਾ ਪ੍ਰਧਾਨ ਦਲਵੀਰ ਦਿਲ ਨਿੱਜਰ ਦੀ ਸਾਹਿਤਕ ਦੇਣ ਬਾਰੇ ਕਾਵਿਕ ਢੰਗ ਨਾਲ ਜਾਣ-ਪਛਾਣ ਕਰਵਾਈ ਅਤੇ ਸੁਖਦੇਵ ਸਾਹਿਲ ਨੇ ਇਸੇ ਤਰਤੀਬ ਵਿਚ ਇਨ੍ਹਾਂ ਸ਼ਾਇਰਾਂ ਦੇ ਗੀਤ ਅਤੇ ਗ਼ਜ਼ਲ਼ਾਂ ਦਾ ਗਾਇਨ ਕੀਤਾ। ਇੰਦਰਜੀਤ ਗਰੇਵਾਲ ਨੇ ਆਪਣਾ ਗੀਤ ਗਾ ਕੇ ਵਾਹ-ਵਾਹ ਖੱਟੀ। ਇਸ ਤੋਂ ਇਲਾਵਾ ਇੰਡੀਆ ਤੋਂ ਆਏ ਪ੍ਰਿੰਸੀਪਲ ਪ੍ਰੇਮ ਸਾਹਿਲ ਦੀ ਜਾਣ-ਪਛਾਣ ਉਪਰੰਤ ਉਨ੍ਹਾਂ ਦੇ ਕਾਵਿ ਸੰਗ੍ਰਿਹ ਵਿਚੋਂ ਟੱਪੇ ਵੀ ਪੇਸ਼ ਕੀਤੇ ਗਏ।

ਇਸ ਮਹਿਫ਼ਲ ਵਿਚ ਹਾਜ਼ਰ ਉਚ ਕੋਟੀ ਦੇ ਵਿਦਵਾਨ ਡਾ. ਗੁਰੂਮੇਲ ਸਿੱਧੂ ਅਤੇ ਨੀਲਮ ਸੈਣੀ ਦੀ ਸਾਹਿਤਕ ਜਾਣ-ਪਛਾਣ ਪ੍ਰੋ. ਸੁਖਵਿੰਦਰ ਕੰਬੋਜ ਨੇ ਕਰਵਾਈ ਅਤੇ ਗੀਤ ਗਾਇਨ ਸੁਖਦੇਵ ਸਾਹਿਲ ਨੇ ਕੀਤਾ। ਇਸ ਮੌਕੇ ਅਕਾਦਮੀ ਦੇ ਸਮੂਹ ਮੈਂਬਰਾਂ ਨੇ ਪਿਛਲੇ ਦੋ ਸਾਲਾਂ ਦੇ ਸੁਚੱਜੇ ਸੰਚਾਲਨ ਲਈ ਪ੍ਰੋ. ਕੰਬੋਜ ਦੇ ਗਲ ਵਿਚ ਹਾਰ ਪਾ ਕੇ ਉਨ੍ਹਾਂ ਦਾ ਧੰਨਵਾਦ ਕੀਤਾ। ਇਸ ਮੌਕੇ ਉਨ੍ਹਾਂ ਦਾ ਪੂਰਾ ਪਰਿਵਾਰ ਸ਼ਾਮਿਲ ਸੀ। ਪ੍ਰੋ. ਕੰਬੋਜ ਦੀ ਬੇਟੀ ਰਿਚਾ ਕੰਬੋਜ ਨੇ ਆਪਣੇ ਪਿਤਾ ਜੀ ਦੀ ਸ਼ਖ਼ਸੀਅਤ ਨੂੰ ਬਿਆਨਦੀ ਨਜ਼ਮ ਪੰਜਾਬੀ ਵਿਚ ਲਿਖ ਕੇ ਪੇਸ਼ ਕੀਤੀ। ਪ੍ਰੋ. ਸੁਖਵਿੰਦਰ ਕੰਬੋਜ ਨੇ ਸਮਾਗਮ ਦੇ ਅੰਤ ਵਿਚ ਕਿਹਾ ਕਿ ਨੀਲਮ ਸੈਣੀ ਵਲੋਂ ਅੱਜ ਦੇ ਪ੍ਰੋਗਰਾਮ ਦੀ ਪੇਸ਼ਕਾਰੀ ਆਪਣੇ ਆਪ ਵਿਚ ਇਕ ਮਿਸਾਲ ਹੈ। ਸੁਖਦੇਵ ਸਾਹਿਲ ਦੀ ਸੁਰ ਅਤੇ ਤਾਲ ਨੇ ਸਾਨੂੰ ਸਭ ਨੂੰ ਮੰਤਰ-ਮੁਗਧ ਕੀਤਾ ਹੈ। ਇਹ ਸ਼ਾਮ ਸੱਚਮੁਚ ਸੁਰਮਈ ਹੋ ਨਿੱਬੜੀ ਹੈ। ਉਨ੍ਹਾਂ ਤਬਲਾ ਵਾਦਕ ਸੁਰਜੀਤ ਸਿੰਘ ਬਾਵਾ, ਸਾਊਂਡ ਸਿਸਟਮ ਲਈ ਵਿਜੇ, ਵੀ.ਡੀ.ਓ. ਗ੍ਰਾਫ਼ਰ ਜਸਵੀਰ ਭੰਵਰਾ ਅਤੇ ਗੋਲਡਨ ਇੰਡੀਅਨ ਕੁਜ਼ੀਨ ਦਾ ਧੰਨਵਾਦ ਕੀਤਾ। ਉਨ੍ਹਾਂ ਆਪਣੀ ਟੀਮ ਦੇ ਜਨਰਲ ਸਕੱਤਰ ਕੁਲਵਿੰਦਰ, ਖ਼ਜ਼ਾਨਚੀ ਤਾਰਾ ਸਿੰਘ ਸਾਗਰ ਅਤੇ ਮੈਂਬਰ ਨੀਲਮ ਸੈਣੀ ਦਾ ਹਰ ਤਰ੍ਹਾਂ ਦੇ ਸਹਿਯੋਗ ਲਈ ਧੰਨਵਾਦ ਕੀਤਾ। ਨਵੀਂ ਕਮੇਟੀ ਦੇ ਪ੍ਰਧਾਨ ਸੁਰਿੰਦਰ ਸਿੰਘ ਸੀਰਤ ਜੋ ਅੱਜ ਕਲ੍ਹ ਇੰਡੀਆ ਫ਼ੇਰੀ ਤੇ ਹਨ ਅਤੇ ਮੀਤ ਪ੍ਰਧਾਨ ਮੇਜਰ ਭੁਪਿੰਦਰ ਦਲੇਰ ਨੂੰ ਸ਼ੁੱਭ ਇੱਛਾਵਾਂ ਭੇਂਟ ਕੀਤੀਆਂ। ਨੀਲਮ ਸੈਣੀ ਨੇ ਕਿਹਾ ਕਿ ਅੱਜ ਦੇ ਪ੍ਰੋਗਰਾਮ ਦੀ ਕਾਮਯਾਬੀ ਲਈ ਕੁਲਵਿੰਦਰ ਵੀ ਮੁਬਾਰਕ ਦਾ ਹੱਕਦਾਰ ਹੈ ਕਿਉਂਕਿ ਇਸ ਪ੍ਰੋਗਰਾਮ ਦੀ ਵਿਉਂਤਬੰਦੀ ਵਿਚ ਉਸਨੇ ਪੂਰਾ ਸਹਿਯੋਗ ਦਿੱਤਾ ਹੈ। ਇੱਥੇ ਹੀ ਬੱਸ ਨਹੀਂ ਪਿਛਲੇ ਦੋ ਸਾਲਾਂ ਦੇ ਸਮੁੱਚੇ ਪ੍ਰੋਗਰਮਾਂ ਨੂੰ ਸਫ਼ਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਉਸ ਵਲੋਂ ਨਿਭਾਈ ਭੂਮਿਕਾ ਕਾਬਿਲੇ-ਤਾਰੀਫ਼ ਹੈ। ਇਸ ਮਹਿਫ਼ਲ ਵਿਚ ਹੋਰਾਂ ਤੋਂ ਇਲਾਵਾ ਰਵੀ ਢਿੱਲੋਂ, ਦਰਸ਼ਨ ਸਿੰਘ ਔਜਲਾ, ਸਰਪੰਚ ਮਹਿੰਗਾ ਸਿੰਘ, ਪਰਮਪਾਲ ਸਿੰਘ, ਜਸਲੀਨ ਸਹੋਤਾ, ਰਾਜਵਿੰਦਰ ਸਹੋਤਾ, ਜਸਵਿੰਦਰ ਔਜਲਾ, ਡਾ. ਹਰਮੇਸ਼ ਕੁਮਾਰ. ਐਸ. ਅਸ਼ੋਕ ਭੌਰਾ, ਅਭੀਤਾਬ ਸੈਣੀ, ਮਨਜੀਤ ਪਲੇਹੀ, ਰਿੰਮੀ ਸੰਧੂ, ਜੇਅ ਸੰਧੂ ਅਤੇ ਆਦਿ ਨੇ ਸ਼ਿਰਕਤ ਕੀਤੀ।

# ਇੰਟਰਨੈਟ ਤੇ ਸੋਸਲ ਸਾਈਟਜ਼ ਉਪਰ ਵੀ ਚਾਈਨਾ ਡੋਰ ਦੀ ਵਿਕਰੀ ਬੰਦ ਕੀਤੀ ਜਾਵੇ- ਰਵਿੰਦਰਪਾਲ ਸਿੰਘ ਚਾਹਲ

**ਬਟਾਲਾ (ਬਰਨਾਲ)-** ਜਿਉਂ ਦੀ ਪਤੰਗ ਬਾਜੀ ਦੇ ਦਿਨ ਆਉਦੇ ਹਨ, ਤੇ ਨਾਲ ਹੀ ਹਰ ਪਾਸੇ ਚਾਈਨਾ ਡੋਰ, ਡਰੈਗਨ ਡੋਰ, ਜਾਂ ਜਾਨ ਲੇਵਾ ਡੋਰ ਦੀ ਗੱਲਾਂ ਸੂਰੂ ਹੋ ਜਾਦੀਆ ਹਨ ਤੇ ਨਾਲ ਹੀ ਇਸ ਡੋਰ ਨਾਲ ਹੋਏ ਪਿਛਲੇ ਸਾਲਾਂ ਦੇ ਹਾਦਸਿਆ ਬਾਰੇ ਵੀ ਗੱਲਬਾਤ ਸੂਰੂ ਹੋ ਜਾਂਦੀ ਹੈ ਪਰ ਇਸ ਸਬੰਧੀ ਕੋਈ ਅਮਲ ਜਿਆਦਾ ਨਹੀਂ ਹੁੰਦਾ ਤੇ ਹਾਦਸੇ ਹੁੰਦੇ ਹਨ, ਤੇ ਡੋਰ ਦੀ ਵਰਤੋਂ ਵੀ ਜਾਰੀ ਰਹਿੰਦੀ ਹੈ। ਇਸ ਸਬੰਧੀ ਗੰਭੀਰ ਮਸਲੇ ਸਬੰਧੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਿਆਲਗੜ ਦੇ ਪ੍ਰਿੰਸੀਪਲ ਸ੍ਰੀ ਮਤੀ ਕਮਲੇਸ਼ ਕੌਰ ਨੇ ਦੱਸਿਆ ਕਿ ਸਿਖਿਆ ਵਿਭਾਗ ਪੰਜਾਬ ਇਸ ਵਿਚ ਵਧੀਆ ਤੇ ਪ੍ਰਭਾਵਸ਼ਾਲੀ ਯੋਗਦਾਨ ਪਾ ਸਕਦਾ ਹੈ , ਇਸ ਜਾਨਲੇਵਾ ਡੋਰ ਬਾਰੇ ਸਕੂਲ ਦੀ ਸਵੇਰ ਦੀ ਸਭਾ ਤੇ ਰੈਲੀਆਂ ਤੇ ਸਕੂਲ ਪੱਧਰੀ ਚਾਰਟ ਮੇਕਿੰਗ ਮੁਕਾਬਲੇ ਕਰਵਾ ਦੇ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਜਾਵੇਗਾ ਤਾਂ ਜੋ ਚਾਈਨਾ ਡੋਰ ਨਾਲ ਹੁੰਦੇ ਹਾਦਸੇ ਖਤਮ ਹੋ ਜਾਣ। ਜਾਨਲੇਵਾ ਡੋਰ ਦੇ ਸਬੰਧ ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੀ ਪ੍ਰਿੰਸੀਪਲ ਸ੍ਰੀ ਮਤੀ ਸੁਨੀਤਾ ਸ਼ਰਮਾਂ ਨੇ ਦੱਸਿਆ ਇਸ ਡੋਰ ਦੀ ਵਿਕਰੀ ਤੇ ਪਾਬੰਦੀ ਵੀ ਲਗਾਉਣੀ ਬਣਦੀ ਹੈ ਤਾ ਜੋ ਕੀਮਤੀ ਜਾਨਾ ਦਾ ਬਚਾਅ ਕੀਤਾ ਜਾ ਸਕੇ। ਇਸ ਸਕੂਲ ਦੀ ਮੈਨੇਜਮੈਟ ਦੀ ਮੀਟਿੰਗ ਕਰਕੇ ਮਾਤਾ ਪਿਤਾ



ਨੂੰ ਜਾਗਰੂਕ ਕਰਨ ਦੇ ਨਾਲ ਵਿਦਿਆਰਥੀਆ ਨੂੰ ਜਾਨ ਲੇਵਾ ਡੋਰ ਪ੍ਰਤੀ ਜਾਗਰੂਕ ਕਰਨ ਦੀ ਲੋੜ ਹੈ। ਪ੍ਰਿੰਸੀਪਲ ਤੇ ਉਪ ਜਿਲਾ ਸਿੱਖਿਆ ਅਫਸਰ ਸੈਕੰਡਰੀ ਅਹੁਦੇ ਤੇ ਰਹਿ ਚੁੱਕੇ ਸ੍ਰੀ ਭਾਰਤ ਭੂਸ਼ਨ ਸੇਖਵਾਂ ਨੇ ਦੱਸਿਆ ਚਾਈਨਾ ਡੋਰ ਦੀ ਵਿਕਰੀ ਸਬੰਧੀ ਵਿਦਿਆਰਥੀਆ ਤੇ ਉਹਨਾ ਦੇ ਮਾਤਾ ਨੂੰ ਜਾਗਰੂਕ ਕਰਨ ਦੇ ਨਾਲ ਸਕੂਲ ਮੈਨੇਜਮੈਟ ਕਮੇਟੀਆਂ ਨੂੰ ਵੀ ਜਾਗਰੂਕ ਕੀਤਾ ਜਾਵੇਗਾ। ਮਾਪੇ ਅਧਿਆਪਕ ਪ੍ਰੋਜੈਕਟ ਨੂੰ ਮੁਖ ਰੱਖਦਿਆਂ ਮਾਪਿਆਂ ਦੀਆਂ ਮੀਟਿੰਗਾਂ ਕੀਤੀਆਂ ਜਾਣਗੀਆਂ ਤਾ ਜੋ ਚਾਈਨਾ ਡੋਰ ਦੀ ਵਰਤੋ ਤੇ ਪੂਰਨ ਪਾਬੰਦੀ ਲਗਾਈ ਜਾ ਸਕੇ। ਬਾਕੀ ਇਹ ਡੋਰ ਏਨੀ ਪੱਕੀ ਤੇ ਜਾਣਲੇਵਾ ਹੈ, ਜਿੰਨੀ ਡੋਰ ਖਿਚੀ ਜਾਵੇਗੀ, ਉਹਨਾ ਹੀ ਕੱਟ ਡੂੰਘਾ ਹੁੰਦਾ ਹੈ, ਤੇ ਮੌਤ ਵੀ ਹੋ ਸਕਦੀ ਹੈ। ਸੋ ਸਮਾਜ ਨੂੰ ਚਾਹੀਦਾ ਹੈ ਕਿ ਇਸ ਪ੍ਰਤੀ ਸੁਚੇਤ ਹੋ ਕੇ ਹਰ ਇਕ ਨੂੰ ਜਾਗਰੂਕ ਕੀਤਾ ਜਾਵੇ। ਰਵਿੰਦਰਪਾਲ ਸਿੰਘ ਚਾਹਲ ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੁੱਲਰ ਨੇ ਦੱਸਿਆ ਕਿ ਦੁਕਾਨਾਂ ਆਦਿ ਤੇ ਇਸ ਜਾਨ ਲੇਵਾ ਡੋਰ ਸਬੰਧੀ ਦੀ ਪਾਬੰਦੀ ਬਾਰੇ ਰੈਲੀਆ ਆਦਿ ਕੀਤੀਆ ਜਾਂਦੀ ਹਨ ਜਦਕਿ ਇਸ ਜਾਨ ਲੇਵਾ ਡੋਰ ਦਾ ਵਿਕਰੀ ਇੰਟਰਨੈਂਟ ਦੀ ਸੋਸਲ ਸਾਈਟਾ ਤੇ ਵੀ ਹੋ ਰਹੀ ਹੈ। ਇਸ ਬਾਰੇ ਵੀ ਸਮਾਜ਼ ਨੂੰ ਜਾਗਰੂਕ ਕਰਨ ਦੀ ਲੋੜ ਹੈ। ਸਰਕਾਰਾਂ ਨੂੰ ਚਾਹੀਦਾ ਹੈ ਕਿ ਇੰਟਰਨੈਂਟ ਉਪਰ ਇਸ ਡੋਰ ਦੀ ਵਿਕਰੀ ਬੰਦ ਕਰਵਾਉਣ ਬਾਰੇ ਜਾਗਰੂਕ ਕੀਤਾ ਜਾਵੇ। ਕੋਈ ਬੁਰਾਈ ਸਮਾਜ ਵਿਚੋ ਪੁਟਣੀ ਹੋਵੇ ਤਾਂ ਇਕੱਠੇ ਹੋ ਕਿ ਜਤਨ ਕਰਨ ਦੀ ਲੋੜ ਹੁੰਦੀ ਹੈ , ਇਸ ਸਬੰਧੀ ਸਭ ਤੋਂ ਪ੍ਰਭਾਵਸ਼ਾਲੀ ਭੂਮਿਕਾ ਸਕੂਲ ਹੈਡਮਾਸਟਰਾਂ ਤੇ ਪ੍ਰਿੰਸੀਪਲਾ ਦੇ ਨਾਲ ਨਾਲ ਸਕੂਲ ਦੇ ਸਮੂਹ ਸਟਾਫ ਦੀ ਹੁੰਦੀ ਹੈ, ਤੇ ਇਸ ਚਾਈਨਾ ਡੋਰ ਦੇ ਸਬੰਧ ਜਾਗਰੂਕਤਾ ਬਹੁਤ ਹੀ ਜਰੂਰੀ ਹੈ। ਇਸੇ ਕਰਕੇ ਸਾਰਿਆਂ ਨੂੰ ਇਕ ਜੁੱਟ ਹੋ ਕੇ ਚਾਈਨਾ ਡੋਰ ਦੀ ਵਰਤੋ ਨਾ ਕਰਨ ਬਾਰੇ ਵਿਦਿਆਰਥੀਆਂ ਨੂੰ ਸਮਝਾਉਣ ਦੀ ਲੋੜ ਹੈ। ਸਕੂਲ ਮੁਖੀਆਂ ਦੁਆਰਾ ਦਿਤੇ ਵਿਚਾਰਾਂ ਤੋ ਸਪਸ਼ਟ ਹੋ ਜਾਂਦਾ ਹੈ ਇਸ ਡੋਰ ਦੀ ਵਰਤੋ ਜਾਨ ਲੇਵਾ ਹੈ।



# ਦਾਜ ਅਤੇ ਬੇਲੋੜੀਆਂ ਰਸਮਾਂ ਬਿਨਾਂ ਵਿਆਹ ਕਰਾਉਣ ਵਾਲੀ ਜੋੜੀ ਨੂੰ ਕੀਤਾ ਸਨਮਾਨਿਤ

## ਕੈਪਟਨ ਨਈਅਰ ਵਲੋਂ ਹਰੇਕ ਜੋੜੀ ਨੂੰ ਦਿੱਤੇ ਜਾਂਦੇ ਹਨ 11,000 ਰੁਪਏ

**ਗੜਸ਼ੰਕਰ (ਹੁਸ਼ਿਆਰਪੁਰ)–** ਸ਼੍ਰੀ ਗੁਰੂ ਰਵਿਦਾਸ ਇਤਿਹਾਸਿਕ ਧਰਮ ਸਥਾਨ ਚਰਨ ਛੋਹ ਗੰਗਾ ਸਚਖੰਡ ਸਾਹਿਬ ਸ਼੍ਰੀ ਖੁਰਾਲਗੜ੍ਹ ਤਹਿਸੀਲ ਗੜਸ਼ੰਕਰ ਜ਼ਿਲਾ ਹੁਸ਼ਿਆਰਪੁਰ ਵਿਚ ਲੁਧਿਆਣਾ ਵਾਸੀ ਵਿਜੇ ਕੁਮਾਰ ਅਤੇ ਹੁਸ਼ਿਆਰਪੁਰ ਵਾਸੀ ਮੰਜੂ ਸਰੋਹਾ ਦਾ ਸ਼ੁਭ ਆਨੰਦ ਕਾਰਜ ਹੋਇਆ। ਦਾਜ ਦਹੇਜ ਅਤੇ ਬੇਲੋੜੀਆਂ ਰਸਮਾਂ ਤੋਂ ਬਿਨ੍ਹਾਂ ਇਸ ਸਾਦੇ ਵਿਆਹ ਵਾਲੀ ਜੋੜੀ ਨੂੰ ਕੈਪਟਨ ਬਰਕਤ ਰਾਮ ਨਈਅਰ ਵਾਸੀ ਬਰਮਿੰਘਮ ਇੰਗਲੈਂਡ ਵਲੋਂ ਭੇਜੇ 11000 ਰੁਪਏ ਉਹਨਾਂ ਦੇ ਵੱਡੇ ਭਰਾ ਸ਼੍ਰੀ ਦੇਵ ਰਾਜ ਨਈਅਰ, ਰਿਟਾ. ਈ.ਟੀ.ਓ ਨੇ ਪ੍ਰਬੰਧਕ ਕਮੇਟੀ ਅਤੇ ਗੁਰ ਸੰਗਤਾਂ ਦੀ ਹਾਜ਼ਰੀ ਵਿਚ ਦੇ ਕੇ ਸਨਮਾਨਤ ਕੀਤਾ। ਕੈਪਟਨ ਨਈਅਰ ਵਲੋਂ ਇਹ ਐਲਾਨ ਕੀਤਾ ਹੋਇਆ ਹੈ ਕਿ ਦਾਜ ਦੀ ਲਾਹਨਤ ਨੂੰ ਠੱਲ੍ਹ ਪਾਉਣ ਅਤੇ ਵਿਆਹਾਂ ਦੇ ਬੇਲੋੜੇ ਖਰਚੇ ਬਚਾਉਣ ਲਈ ਜਿਹੜੇ ਨੌਜਵਾਨ ਜੋੜੇ ਇਸ ਮਕੱਦਸ ਸਥਾਨ ’ਤੇ ਆ ਕੇ ਵਿਆਹ ਕਰਵਾਉਣਗੇ ਉਹਨਾਂ ਨੂੰ 11000 ਰੁਪਏ ਸਤਿਕਾਰ ਵਜੋਂ ਇਨਾਮ ਦਿੱਤਾ ਜਾਵੇਗਾ।



ਇਸ ਮੌਕੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਸੰਤ ਸਤਵਿੰਦਰ ਹੀਰਾ ਨੇ ਪ੍ਰਬੰਧਕੀ ਕਮੇਟੀ ਵਲੋਂ ਵਿਆਂਦੜ ਜੋੜੀ ਨੂੰ ਬਿਨਾਂ ਦਾਜ ਅਤੇ ਬੇਲੋੜੀਆਂ ਰਸਮਾਂ ਦੇ ਵਿਆਹ ਕਰਾਉਣ ’ਤੇ ਮੁਬਾਰਕ ਦਿੱਤੀ। ਉਹਨਾਂ ਨੇ ਹਾਜ਼ਰੀਨ ਨੂੰ ਜੋਰ ਦੇ ਕੇ ਕਿਹਾ ਕਿ ਉਹ ਆਪਣੇ ਬੱਚਿਆਂ ਦੀ ਪੜ੍ਹਾਈ ਅਤੇ ਚੰਗੀ ਪਰਵਰਿਸ਼ ਵੱਲ ਖਾਸ ਧਿਆਨ ਦੇਣ। ਇਸ ਮੌਕੇ ਸੰਤ ਸੁਰਿੰਦਰ ਦਾਸ, ਸੰਤ ਰਾਮ ਰਤਨ, ਸੰਤ ਜਗਵਿੰਦਰ ਲਾਂਬਾ, ਸੰਤ ਨਰੰਜਨ ਦਾਸ, ਸੰਤ ਦਿਆਲ ਚੰਦ ਬੰਗਾ, ਸੰਤ ਕਰਮ ਸਿੰਘ, ਸੰਤ ਗਿਰਧਾਰੀ ਲਾਲ, ਸੰਤ ਕਰਮ ਚੰਦ ਡੀ. ਪੀ. ਓ., ਬੀਬੀ ਪ੍ਰਕਾਸ਼ ਕੌਰ, ਬੀਬੀ ਸੱਤਿਆ ਦੇਵੀ, ਪ੍ਰੇਮ ਪਾਲ ਡੁਮੇਲੀ ਜਨਰਲ ਸਕੱਤਰ ਐਸ.ਸੀ. ਬੀ.ਸੀ. ਇੰਪਲਾਈਜ਼ ਫੈਡਰੇਸ਼ਨ, ਜੀਵਨ ਸਿੰਘ ਪ੍ਰਧਾਨ ਐਸ.ਸੀ. ਬੀ.ਸੀ. ਇੰਪਲਾਈਜ਼ ਫੈਡਰੇਸ਼ਨ, ਸ. ਇੰਦਰ ਇਕਬਾਲ ਸਿੰਘ ਅਟਵਾਲ ਸਾਬਕਾ ਐਮ. ਐਲ. ਏ., ਰਾਜ ਕੁਮਾਰ ਹੈਪੀ ਪ੍ਰਧਾਨ ਡਾ. ਅੰਬੇਡਕਰ ਵੈਲਫੇਅਰ ਸੁਸਾਇਟੀ ਲੁਧਿਆਣਾ, ਠੇਕੇਦਾਰ ਭਗਵਾਨ ਸਿੰਘ, ਐਡਵੋਕੇਟ ਰਣਜੀਤ ਕੁਮਾਰ, ਪ੍ਰਚਾਰਕ ਬਲਬੀਰ ਮਹੇ, ਸੀਤਾ ਰਾਮ ਬਾਂਸਲ, ਬਲਵਿੰਦਰ ਕੌਰ ਬਾਂਸਲ, ਰੂਪ ਲਾਲ ਨਈਅਰ, ਮਨਜੀਤ ਬਾਲੀ, ਭਾਈ ਸਾਹਿਬ ਗੁਰਦੀਪ ਸਿੰਘ, ਰਾਣਾ ਸਿੰਘ ਬੋਹਨ ਪੱਟੀ, ਡਾ. ਸੁਰਿੰਦਰ, ਭਾਈ ਪਰਗਟ ਸਿੰਘ, ਬਾਬਾ ਰੋਹਿਤ, ਭਾਈ ਸੁਖਚੈਨ ਸਿੰਘ, ਜਗਦੀਸ਼ ਦੀਸ਼ਾ, ਬਲਰਾਜ ਕਾਹਮਾ, ਲਾਡੀ ਅਤੇ ਵੱਡੀ ਗਿਣਤੀ ਵਿਚ ਗੁਰ ਸੰਗਤਾਂ ਹਾਜ਼ਰ ਸਨ।

# ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਅਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜਥੇਦਾਰ ਹਵਾਰਾ ਦੀ ਅਗਵਾਈ ਹੇਠ ਕੰਮ ਕਰਨ ਲਈ ਵਚਨਬੱਧਤਾ ਦਹੁਰਾਈ

**ਨਿਊਯਾਰਕ (ਹੁਸਨ ਲੜੋਆ ਬੰਗਾ)–** ਈਸਟ ਕੋਸਟ ਅਮਰੀਕਾ ਦੀਆਂ 85 ਗੁਰਦੁਆਰਾ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ ਦੀ ਇੱਕਮੁੱਠਤਾ ਨਾਲ 3 ਸਾਲ ਪਹਿਲਾਂ ਹੋਂਦ ਵਿੱਚ ਆਈ ਈਸਟ ਕੋਸਟ ਸਿੱਖ ਕੋਆਰਡੀਨੇਸ਼ਨ ਕਮੇਟੀ ਵੱਲੋਂ ਸਥਾਨਕ ’ਵਰਲਡ ਫੇਅਰ ਮਰੀਨਾ’ ਵਿਖੇ ਹੋਏ ਨੁਮਾਇੰਦਾ ਇਕੱਠ ਵਿੱਚ ਪਿੱਛਲੇ ਤਿੰਨ ਸਾਲਾਂ ਦਾ ਆਪਣਾ ਲੇਖਾ ਜੋਖਾ ਸੰਗਤਾਂ ਸਾਹਮਣੇ ਰੱਖਿਆ ਗਿਆ ਜਿਸ ਵਿੱਚ ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀ.ਸੀ ਵਿਖੇ ਸਲਾਨਾ ਸਿੱਖ ਡੇ ਪਰੇਡ ਦੀ ਸ਼ੁਰੂਆਤ, ਅਮਰੀਕੀ ਕਾਂਗਰਸ ਵੱਲੋਂ ’ਨੈਸ਼ਨਲ ਸਿੱਖ ਡੇ’ ਨੂੰ ਮਤਾ ਪਾ ਮਾਨਤਾ ਦੇਣੀ, ਸਿੱਖ ਮਸਲਿਆਂ ਵਿੱਚ ਦਖਲਅੰਦਾਜ਼ੀ ਵਿਰੁੱਧ ਭਾਰਤੀ ਨੁਮਾਇੰਦਿਆਂ ਤੇ ਅਮਰੀਕੀ ਗੁਰੂਘਰਾਂ ਵਿੱਚ ਪਾਬੰਦੀ ਅਤੇ 1984 ਦੀ ਸਿੱਖ ਨਸਲਕੁਸ਼ੀ ਨੂੰ ਪੈਨਸਿਲਵੇਨੀਆ ਅਤੇ ਕਨੈਕਟੀਕਟ ਦੀਆਂ ਸਟੇਟ ਅਸੈਂਬਲੀਆਂ ਵੱਲੋਂ ਮਾਨਤਾ ਜਹੇ ਕੀਤੇ ਕੰਮਾਂ ਬਾਰੇ ਵਧੇਰੇ ਜਾਣਕਾਰੀ ਦਿੱਤੀ ਗਈ।

ਇਸ ਨੁਮਾਇੰਦਾ ਇਕੱਠ ਵਿੱਚ ਈਸਟ ਕੋਸਟ ਸਿੱਖ ਕੋਆਰਡੀਨੇਸ਼ਨ ਕਮੇਟੀ ਅਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਾਂਝੇ ਤੌਰ ਤੇ ਸਰਬੱਤ ਖਾਲਸਾ 2015 ਵੱਲੋਂ ਥਾਪੇ ਗਏ ਅਕਾਲ ਤਖਤ ਦੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਦੇ ਦਿਸ਼ਾ ਨਿਰਦੇਸ਼ ਅਤੇ ਅਗਵਾਈ ਹੇਠ ਸੰਘਰਸ਼ ਜਾਰੀ ਰੱਖਣ ਲਈ ਵਚਨਬੱਧਤਾ ਮੁੜ ਦਹੁਰਾਈ ਗਈ। ਕੋਆਰਡੀਨੇਟਰ ਸ.ਹਿੰਮਤ ਸਿੰਘ ਅਤੇ ਹਰਜਿੰਦਰ ਸਿੰਘ ਪਾਈਨ ਹਿੱਲ ਵੱਲੋਂ ਕੋਆਰਡੀਨੇਸ਼ਨ ਕਮੇਟੀ ਦੇ ਕੀਤੇ ਕੰਮਾਂ ਅਤੇ ਅਗਾਂਓ ਦੀ ਰਣਨੀਤੀ ਬਾਰੇ ਵਿਚਾਰ ਸਾਂਝੇ ਕੀਤੇ ਗਏ। ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੁਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਕਿਹਾ ਕਿ ਸਿੱਖਾਂ ਦੇ ਮਸਲਿਆਂ ਦੇ ਹੱਲ ਲਈ ਅਮਰੀਕਨ ਸਿੱਖ ਕਾਕਸ ਵੱਲੋਂ ਅਮਰੀਕੀ ਸਰਕਾਰ ਤੱਕ ਪਹੁੰਚ ਕਰ ਹਰ ਸੰਭਵ ਯਤਨ ਕੀਤਾ ਜਾ ਰਿਹਾ ਹੈ ਅਤੇ ਜਥੇਦਾਰ ਹਵਾਰਾ ਦੀ ਅਗਵਾਈ ਹੇਠ ’ਵਰਲਡ ਸਿੱਖ ਪਾਰਲੀਮੈਂਟ’ ਦੀ ਕਇਮੀ ਵੱਲ ਵਧ ਰਹੇ ਕਦਮ ਸਿੱਖ ਕੌਮ ਲਈ ਇੱਕ ਆਸ ਦੀ ਕਿਰਨ ਹਨ ਜਿਸ ਨੂੰ ਕਾਮਿਯਾਬ ਕਰਨ ਲਈ ਅਸੀਂ ਆਪਸੀ ਮੱਤਭੇਦਾਂ ਤੋਂ ਉੱਪਰ ਉੱਠ ਕੰਮ ਕਰੀਏ। ਖਾਲਿਸਤਾਨ ਅਫੇਅਰਜ਼ ਸੈਂਟਰ ਦੇ ਸੰਚਾਲਕ ਡਾ.ਅਮਰਜੀਤ ਸਿੰਘ ਨੇ ਇਕੱਠ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਜਿੱਥੇ ਅੱਜ ਕੌਮ ਚਮਕੌਰ ਸਾਹਿਬ ਦੇ ਸ਼ਹੀਦਾਂ ਨੂੰ ਯਾਦ ਕਰ ਰਹੀ ਹੈ, 1984 ਵਿੱਚ ਗਿਣਵੇਂ ਸਿੰਘਾਂ ਨੇ ਉਸੇ ਚਮਕੌਰ ਸਾਹਿਬ ਦੇ ਸ਼ਹੀਦਾਂ ਦੀ ਯਾਦ ਤਾਜ਼ਾ ਕਰਵਾਉਂਦਿਆਂ ਜੋ ਅਜ਼ਾਦੀ ਦੇ ਸੰਘਰਸ਼ ਨੂੰ ਬੁਲੰਦੀਆਂ ਤੇ ਲਿਆਂਦਾ ਅੱਜ ਇਹ ਬਾਹਰਲੇ ਸਿੱਖਾਂ ਜ਼ਿੰਮੇ ਹੈ ਕਿ ਅਸੀਂ ਇਸ ਸੰਘਰਸ਼ ਦੀ ਇੱਕਮੁਠਤਾ ਨਾਲ ਅਗਵਾਈ ਕਰੀਏ।

ਇਸ ਇਕੱਤਰਤਾ ਵਿੱਚ ਸਿੱਖਸ ਫਾਰ ਜਸਟਿਸ ਵੱਲੋਂ ਅਵਤਾਰ ਸਿੰਘ ਪੰਨੂੰ ਅਤੇ ਜਗਦੀਪ ਸਿੰਘ, ਅਕਾਲੀ ਦਲ (ਅ) ਵੱਲੋਂ ਸੁਰਜੀਤ ਸਿੰਘ ਕੁਲਾਰ ਅਤੇ ਜੋਗਾ ਸਿੰਘ, ਬਾਬਾ ਮੱਖਣ ਸ਼ਾਹ ਲੁਬਾਣਾ (ਨਿਊਯਾਰਕ) ਵੱਲੋਂ ਕੁਲਦੀਪ ਸਿੰਘ, ਸੰਤ ਸਾਗਰ ਗੁਰੂਘਰ (ਨਿਊਯਾਰਕ) ਵੱਲੋਂ ਬਾਬਾ ਸੱਜਣ ਸਿੰਘ, ਕਨੈਕਟੀਕਟ ਤੋਂ ਵੀਰ ਸਿੰਘ ਮਾਂਗਟ, ਮੈਸੇਚਿਊਸੈਟਸ ਤੋਂ ਗੁਰਨਿੰਦਰ ਸਿੰਘ ਧਾਲੀਵਾਲ, ਵਰਜੀਨੀਆ ਤੋਂ ਭਾਈ ਨਰਿੰਦਰ ਸਿੰਘ (ਸਿੱਖ ਯੂਥ ਆਫ ਅਮਰੀਕਾ) ਅਤੇ ਪਰਮਜੀਤ ਸਿੰਘ, ਇੰਡੀਆਨਾ ਤੋਂ ਭਾਈ ਸੰਤੋਖ ਸਿੰਘ, ਸਿੱਖ ਕਲਚਰਲ ਸੁਸਾਇਟੀ (ਨਿਊਯਾਰਕ) ਤੋਂ ਬਲਾਕਾ ਸਿੰਘ, ਦੁਆਬਾ ਸਿੱਖ ਅਸੋਸੀਏਸ਼ਨ ਤੋਂ ਬਲਜਿੰਦਰ ਸਿੰਘ, ਕਿਰਪਾਲ ਸਿੰਘ ਬਿਲਿੰਗ, ਮਾਤਾ ਸਾਹਿਬ ਕੌਰ (ਲਾਂਗ ਆਇਲੈਂਡ) ਤੋਂ ਬੀਬੀ ਹਰਪਾਲ ਕੌਰ, ਕੌਂਸਲ ਆਫ ਖਾਲਿਸਤਾਨ ਤੋਂ ਡਾ.ਬਖਸ਼ੀਸ਼ ਸਿੰਘ ਸੰਧੂ, ਬਾਬਾ ਬੰਦਾ ਸਿੰਘ ਬਹਾਦਰ ਸਿੱਖ ਅਸੋਸੀਏਸ਼ਨ ਤੋਂ ਟਹਿਲ ਸਿੰਘ ਅਤੇ ਰਜਿੰਦਰ ਸਿੰਘ, ਗੁਰੂ ਰਵੀ ਦਾਸ ਸਭਾ ਸਭਾ (ਨਿਊਯਾਰਕ) ਵੱਲੋਂ ਪਰਮਜੀਤ ਸਿੰਘ ਅਤੇ ਨਿਰਮਲ ਸਿੰਘ, ਫਿਲਾਡਲਫੀਆ ਤੋਂ ਕੇਵਲ ਸਿੰਘ, ਸਿੱਖ ਸੈਂਟਰ ਆਫ ਨਿਓਯਾਰਕ ਤੋਂ ਜਸਪਾਲ ਸਿੰਘ ਅਤੇ ਚਰਨਜੀਤ ਸਮਰਾ, ਪੰਥਕ ਸਿੱਖ ਸੋਸਾਇਟੀ ਆਦਿ ਨੇ ਆਈਆਂ ਸੰਗਤਾਂ ਨਾਲ ਵਿਚਾਰਾਂ ਦੀ ਸਾਂਝ ਪਾਈ।

******

# ਸ਼੍ਰੀ ਗੁਰੂ ਰਵਿਦਾਸ ਟੈਪਲ ਰਿਉ ਲਿੰਡਾ ਵਿਖੇ ਸਾਕਾ ਚਮਕੌਰ ਸਾਹਿਬ ਨੂੰ ਯਾਦ ਕੀਤਾ ਗਿਆ

**ਸੈਕਰਾਮੈਂਟੋ–** ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ, ਬਾਬਾ ਜੀਵਨ ਸਿੰਘ ਜੀ, ਬਾਬਾ ਸੰਗਤ ਸਿੰਘ ਜੀ ਅਤੇ ਸਾਕਾ ਚਮਕੌਰ ਸਾਹਿਬ ਦੇ ਸ਼ਹੀਦਾਂ ਨੂੰ ਸਮ–ਰਪਿਤ ਦਸੰਬਰ 23, 2018 ਐਤਵਾਰ ਦੇ ਦਿਵਾਨ ਸੰਗਤਾਂ ਵਲੋਂ ਸ਼੍ਰੀ ਗੁਰੂ ਰਵਿਦਾਸ ਟੈਪਲ ਰਿਉ ਲਿੰਡਾ (ਸੈਕਰਾਮੈਂਟੋ) ਵਿਖੇ ਸਜਾਏ ਗਏ।

ਜਿਸ ਵਿੱਚ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਉਪਰੰਤ ਗੁਰੂਘਰ ਦੇ ਹਜ਼ੂਰੀ ਰਾਗੀ ਜੱਥੇ ਵਲੋਂ ਸੰਗਤਾਂ ਨੂੰ ਕਥਾ ਕੀਰਤਨ ਨਾਲ ਨਿਹਾਲ ਕੀਤਾ ਅਤੇ ਗੁਰਇਤਿਹਾਸ ਬਾਰੇ ਚਰਚਾ ਕੀਤੀ ਗਈ।ਇਨ੍ਹਾਂ ਦਿਵਾਨਾ ਦੀ ਸੇਵਾ ਮੱਲ, ਢੰਡਾ ਪਰਿਵਾਰ ਅਤੇ ਸਮੂੰਹ ਗੁਰੂਘਰ ਸਾਧਸੰਗਤਿ ਵਲੋਂ ਹੋਈ। ਸ਼੍ਰੀ ਗੁਰੂ ਰਵਿਦਾਸ ਟੈਪਲ ਰਿਉ ਲਿੰਡਾ ਦੀ ਪ੍ਰਬੰਧਕ ਕਮੇਟੀ ਵਲੋਂ ਸਭ ਸੰਗਤ ਦਾ ਹਾਰਦਿਕ ਧੰਨਵਾਦ ਕੀਤਾ ਗਿਆ।

### ਸ਼੍ਰੀ ਗੁਰੂ ਰਵਿਦਾਸ ਟੈਪਲ ਰਿਉ ਲਿੰਡਾ ਵਿਖੇ ਸਾਕਾ ਸਰਹਿੰਦ ਨੂੰ ਸਮਰਪਿਤ ਸਮਾਗਮ

ਧੰਨ ਧੰਨ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ , ਮਾਤਾ ਗੁਜਰ ਕੌਰ ਅਤੇ ਬਾਬਾ ਮੋਤੀ ਰਾਮ ਮਹਿਰਾ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਦਿਵਾਨ ਸੰਗਤਾਂ ਵਲੋਂ ਸ਼੍ਰੀ ਗੁਰੂ ਰਵਿਦਾਸ ਟੈਪਲ ਰਿਉ ਲਿੰਡਾ (ਸੈਕਰਾਮੈਂਟੋ) ਵਿਖੇ ਸਜਾਏ ਜਾ ਰਹੇ ਹਨ ਜੀ।

ਪ੍ਰੋਗਰਾਮ: ਦਸੰਬਰ 30, 2018 ਐਤਵਾਰ ਦੇ ਦੀਵਾਨ ਸਵੇਰੇ 09:30 ਤੋਂ 01:30 ਤੱਕ ਸਜਾਏ ਜਾਣਗੇ। ਜਿਸ ਵਿੱਚ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਉਪਰੰਤ ਗੁਰੂਘਰ ਦੇ ਹਜ਼ੂਰੀ ਰਾਗੀ ਜੱਥੇ ਵਲੋਂ ਸੰਗਤਾਂ ਨੂੰ ਕਥਾ ਕੀਰਤਨ ਨਾਲ ਨਿਹਾਲ ਕੀਤਾ ਜਾਵੇਗਾ ਅਤੇ ਸ਼੍ਰੀ ਸੁਖਦੇਵ ਢਿੱਲੋਂ ਵਲੋਂ ਸਲਾਈਡ ਸ਼ੋਅ ਦੁਆਰਾ ਸੰਗਤਾਂ ਨੂੰ ਗੁਰਇਤਿਹਾਸ ਬਾਰੇ ਜਾਣੂ ਕਰਵਾਇਆ ਜਾਵੇਗਾ।



### ਸ਼੍ਰੀ ਗੁਰੂ ਰਵਿਦਾਸ ਟੈਪਲ ਰਿਉ ਲਿੰਡਾ ਵਿਖੇ ਨਵੇਂ ਸਾਲ ਦੇ ਧਾਰਮਿਕ ਦਿਵਾਨ

ਬੀਤੇ ਸਾਲ ਦਾ ਸ਼ੁਕਰਾਨਾ ਕਰਨ ਲਈ ਅਤੇ ਨਵੇਂ ਸਾਲ ਦੀ ਅਰਦਾਸ ਬੇਨਤੀ ਕਰਨ ਲਈ ਸੋਮਵਾਰ, ਦਸੰਬਰ 31 ਸ਼ਾਮਾਂ ਦੇ ਧਾਰਮਿਕ ਦਿਵਾਨ ਸ਼੍ਰੀ ਗੁਰੂ ਰਵਿਦਾਸ ਟੈਪਲ ਰਿਉ ਲਿੰਡਾ (ਸੈਕਰਾਮੈਂਟੋ) ਵਿਖੇ ਸਜਾਏ ਜਾ ਰਹੇ ਹਨ ਜੀ। ਜਿਨ੍ਹਾਂ ਦੀ ਸੇਵਾ ਸਮੂੰਹ ਸਾਧ ਸੰਗਤਾਂ ਵਲੋਂ ਹੋ ਰਹੀ ਹੈ।

**ਪ੍ਰੋਗਰਾਮ:**

ਦਸੰਬਰ 31, 2018 ਸੋਮਵਾਰ ਦੇ ਦੀਵਾਨ , ਸ਼ਾਮ 06:00 ਵਜੇ ਤੋਂ ਰਾਤ 12:30 ਤੱਕ ਸਜਾਏ ਜਾਣਗੇ।

ਸ਼ਾਮ 06:00 ਤੋਂ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਜਾਪ।

ਸ਼ਾਮ 07:00 ਵਜੇ ਤੋਂ 08:00 ਵਜੇ ਤੱਕ ਗੁਰੂਘਰ ਦੇ ਹਜ਼ੂਰੀ ਰਾਗੀ ਭਾਈ ਗੁਰਦੀਪ ਸਿੰਘ ਜੀ ਦੇ ਜੱਥੇ ਵਲੋਂ ਕੀਰਤਨ।

ਸ਼ਾਮ 08:00 ਵਜੇ ਤੋਂ 09:00 ਵਜੇ ਤੱਕ ਭਾਈ ਹਰਜੀਤਪਾਲ ਸਿੰਘ ਜੀ ਦੇ ਜੱਥੇ ਵਲੋਂ ਕੀਰਤਨ।

ਸ਼ਾਮ 09:00 ਵਜੇ ਤੋਂ 10:00 ਵਜੇ ਤੱਕ ਕਥਾਕਾਰ ਭਾਈ ਬਲਜੀਤ ਸਿੰਘ ਜੀ ਵਲੋਂ ਗੁਰਬਾਣੀ ਦੀ ਕਥਾ।

ਸ਼ਾਮ 10:00 ਵਜੇ ਤੋਂ 11:00 ਵਜੇ ਤੱਕ ਭਾਈ ਸੁਖਜੀਵਨ ਸਿੰਘ ਜੀ ਦੇ ਜੱਥੇ ਵਲੋਂ ਕੀਰਤਨ।

ਸ਼ਾਮ 11:00 ਵਜੇ ਤੋਂ 12:00 ਵਜੇ ਤੱਕ ਗੁਰੂਘਰ ਦੇ ਹਜ਼ੂਰੀ ਰਾਗੀ ਭਾਈ ਜਸਪਾਲ ਸਿੰਘ ਜੀ ਦੇ ਜੱਥੇ ਵਲੋਂ ਕੀਰਤਨ।

ਰਾਤ 12:00 ਵਜੇ ਤੋਂ 12:30 ਵਜੇ ਤੱਕ ਅਰਦਾਸ ਅਤੇ ਹੁਕਮਨਾਮੇ।

ਆਪ ਜੀ ਆਪਣੇ ਪਰਿਵਾਰਾਂ ,ਦੋਸਤਾਂ ਅਤੇ ਰਿਸਤੇਦਾਰਾਂ ਸਾਹਿਤ ਦਰਸ਼ਨ ਦੇਣ ਦੀ ਕਿਰਪਾ ਕਰਨੀ ਜੀ।

*****


## ਸ਼੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਨਵੇਂ ਸਾਲ ‘ਤੇ ਹੋਣ ਵਾਲੇ ਪ੍ਰੋਗਰਾਮ

**ਗੁਰੁ ਪਿਆਰ ਸਾਧ ਸੰਗਤ ਜੀਓ**

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਨਵਾਂ ਸਾਲ 2019 ਦੀ ਆਮਦ ਨੂੰ ਮੁੱਖ ਰੱਖਦੇ ਹੋਏ ਗੁਰੂ ਘਰ ਵਿਚ ਮਹਾਨ ਕੀਰਤਨ ਸਮਾਗਮ ਮਿਤੀ 31 ਦਸੰਬਰ ਦਿਨ ਸੋਮਵਾਰ ਨੂੰ ਕਰਵਾਏ ਜਾ ਰਹੇ ਹਨ, ਜਿਸ ਵਿਚ 31 ਦਸੰਬਰ ਦਿਨ ਸੋਮਵਾਰ ਨੂੰ ਸ਼ਾਮ 5.30 ਵਜੇ ਤੋਂ ਲੈ ਕੇ ਰਾਤੀ 12.30 ਵਜੇ ਤੱਕ ਪੰਥ ਪ੍ਰਸਿੱਧ ਰਾਗੀ, ਢਾਡੀ, ਕਥਾਵਾਚਕ ਹਰਿ ਜੱਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਜੀ ਨੂੰ ਬੜੀ ਨਿਮਰਤਾ ਸਹਿਤ ਬੇਨਤੀ ਹੈ ਕਿ ਇਸ ਮਹਾਨ ਸਮਾਗਮ ਵਿਚ ਹਾਜ਼ਰੀ ਲਗਵਾ ਕੇ ਜੀਵਨ ਸਫਲਾ ਕਰੋ ਜੀ। ਇਸ ਸਮਾਗਮ ਵਿਚ ਜੇ ਕਿਸੇ ਵੀ ਗੁਰਮੁਖ ਪਰਿਵਾਰ ਨੇ ਕੋਈ ਵੀ ਸੇਵਾ ਲੈਣੀ ਹੋਵੇ ਤਾਂ ਉਹ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰ ਸਕਦੇ ਹਨ ਜੀ।


**ਗੁਰੂ ਘਰ 530-674-2564, ਸ੍ਰੀ ਦਲਵਿੰਦਰ ਰੱਲ੍ਹ (ਪ੍ਰਧਾਨ ਗੁਰੂ ਘਰ) 530-933-3938, ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ (ਜਨਰਲ ਸੈਕਟਰੀ) 530-713-1823**

**ਸ੍ਰੀ ਰਾਮ ਸੇਵਕ ਭਾਟੀਆ (ਹੈਡ ਕੈਸ਼ੀਅਰ) 530-701-4370, ਸ੍ਰੀ ਸੁਸ਼ੀਲ ਕੁਮਾਰ 530-415-6743, ਸ੍ਰੀ ਵਿਜੈ ਕੁਮਾਰ 530-300-6208**

**SHRI GURU RAVIDASS TEMPLE 1480 HAYNE AVENUE, YUBA CITY, CA 95993**

# ਸ਼ਹੀਦੀ- ਨਿੱਕੀਆਂ ਜਿੰਦਾਂ" ਗੀਤ ਬੱਚਿਆਂ ਲਾਸਾਨੀ ਸ਼ਹਾਦਤ ਨੂੰ ਸਮਰਪਿਤ- ਮੱਟੂ

ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ,ਬਾਬਾ ਫਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਦੀ ਉਦਾਹਰਣ ਦੁਨੀਆਂ ਚ ਕਿਤੇ ਨਹੀਂ ਮਿਲਦੀ। ਉਹਨਾਂ ਦੀ ਸ਼ਹਾਦਤ ਨੂੰ "ਸ਼ਹੀਦੀ-ਨਿੱਕੀਆਂ ਜਿੰਦਾ" ਗੀਤ ਨਾਲ ਗੀਤਕਾਰ ਸਤਨਾਮ ਸਿੰਘ ਮੱਟੂ ਨੇ ਸਰਧਾਂਜਲੀ ਭੇਂਟ ਕੀਤੀ ਹੈ,ਜੋ ਕਾਬਿਲ-ਏ-ਤਾਰੀਫ਼ ਹੈ। ਇਸ ਪ੍ਰਤੀ ਜਾਣਕਾਰੀ ਸਾਂਝੀ ਕਰਦਿਆਂ ਗੀਤ ਦੇ ਲੇਖਕ ਸਤਨਾਮ ਸਿੰਘ ਮੱਟੂ ਨੇ ਦੱਸਿਆ ਕਿ ਗੀਤ ਛੋਟੇ ਸਾਹਿਬਜਾਦੇ ਅਤੇ ਦਾਦੀ ਮਾਂ ਦੀ ਸ਼ਹਾਦਤ ਨੂੰ ਸਮਰਪਿਤ ਅਤੇ ਉਹਨਾਂ ਦੀ ਵਰਤਾਲਾਪ ਦੀ ਉੱਪਜ ਹੈ।ਇਸ ਗੀਤ ਨੂੰ ਬੁਲੰਦ ਆਵਾਜ਼ ਦੇ ਮਾਲਕ ਗਾਇਕ ਲੱਕੀ ਸਿੰਘ ਦੁਰਗਾਪੁਰੀਆ ਨੇ ਆਪਣੀ ਅਤੇ ਬੁਲੰਦ ਸੁਰੀਲੀ ਆਵਾਜ ਚ ਗਾਇਆ ਹੈ ਅਤੇ ਪੰਜਾਬੀ ਗਾਇਕੀ ਦੇ ਸਟਾਰ ਗਾਇਕ ਜੈਜ਼ੀ ਬੀ ਅਤੇ ਬੌਰਨ ਕਿੰਗ ਰਿਕਾਰਡਜ ਦੀ ਸਾਂਝੀ ਪੇਸ਼ਕਸ਼ ਹੈ।ਇਸਨੂੰ ਸੰਗੀਤਕ ਧੁਨਾਂ ਚ ਦੀਪ ਰੁਆਇਸੀ ਨੇ ਸ਼ਿੰਗਾਰਿਆ ਹੈ।ਇਸ ਗੀਤ ਦੀ ਵੀਡੀਓ ਅਮਨ ਰਾਜੇਵਾਲ ਨੇ ਬਣਾਈ ਹੈ ਅਤੇ ਡਿਜਾਇਨ ਕਰਨ ਚ ਹਰਪ੍ਰੀਤ ਸਿੰਘ ਸਮਾਣਾ ਨੇ ਵਿਸ਼ੇਸ਼ ਯੋਗਦਾਨ ਪਾਇਆ ਹੈ।ਅਜੇ ਸਿੰਘ ਘੋੜਾ ਇਸ ਗੀਤ ਦੇ ਪ੍ਰੋਡਿਊਸਰ ਹਨ। 23 ਦਸੰਬਰ ਨੂੰ ਇਹ ਗੀਤ ਸਾਰੇ ਚੈਨਲਾਂ ਅਤੇ ਸ਼ੋਸ਼ਲ ਸਾਇਟਾਂ ਤੇ ਰਿਲੀਜ਼ ਹੋ ਗਿਆ ਹੈ। ਸਮੂਹਿਕ ਕੀਤੀ ਮਿਹਨਤ ਸਦਕਾ ਗੀਤ ਨੂੰ ਦੇਸ਼ ਵਿਦੇਸ਼ ਚੋਂ ਸਰੋਤਿਆਂ ਦਾ ਬਹੁਤ ਪਿਆਰ ਮਿਲ ਰਿਹਾ ਹੈ।







ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਝੀ (ਨਾਭਾ) ਵਿਖੇ ਨਸ਼ਿਆਂ ਵਿਰੁੱਧ ਜਾਗਰੂਕਤਾ ਕੈਂਪ ਪ੍ਰਿੰਸੀਪਲ ਸ੍ਰੀਮਤੀ ਛਿੰਦਰਪਾਲ ਕੌਰ ਦੀ ਨਿਗਰਾਨੀ ਹੇਠ ਲਗਾਇਆ। ਇਸ ਕੈਂਪ ਵਿਚ ਸ. ਮਾਲਵਿੰਦਰ ਸਿੰਘ ਤੂਰ (ਨੋਡਲ ਅਫਸਰ) ਅਤੇ ਸ. ਕੁਲਵੀਰ ਸਿੰਘ ਦੁਆਰਾ ਲੈਕਚਰ ਰਾਹੀਂ ਬੱਚਿਆਂ ਨੂੰ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਅਤੇ ਪੰਜਾਬ ਸਰਕਾਰ ਦੁਆਰਾ ਚਲਾਏ ਜਾ ਰਹੇ ਬੱਡੀ/ਡੈਪੋ ਪ੍ਰਾਜੈਕਟ ਬਾਰੇ ਦੱਸਿਆ ਗਿਆ। ਸ. ਲਛਮਣ ਸਿੰਘ ਅਤੇ ਸ੍ਰੀ ਬਿਵ ਕੁਮਾਰ ਦੁਆਰਾ ਬੱਚਿਆਂ ਨੂੰ ਸਮਾਜ ਵਿਚ ਚੱਲ ਰਹੇ ਵੱਖ-ਵੱਖ ਕਿਸਮ ਦੇ ਨਸ਼ਿਆਂ ਬਰੇ ਸੁਚੇਤ ਕੀਤਾ।ਮੈਡਮ ਸੋਨੀਆ ਮਹਿਤਾ ਅਤੇ ਮੈਡਮ ਰਮਨਦੀਪ ਦੁਆਰਾ ਲੜਕੀਆਂ ਨੂੰ ਸਮਾਜ ਵਿਚ ਨਸ਼ਿਆਂ ਵਿਰੁੱਧ ਅਹਿਮ ਰੋਲ ਨਿਭਾਉਣ ਸਬੰਧੀ ਜਾਣਕਾਰੀ ਦਿੱਤੀ।

ਇਸ ਸਬੰਧੀ ਸਮਾਜ ਤੱਕ ਬੱਡੀ ਪ੍ਰਾਜੈਕਟ ਦੀ ਆਵਾਜ਼ ਪਹੁੰਚਾਉਣ ਲਈ ਨਸ਼ਿਆਂ ਵਿਰੁੱਧ ਜਾਗਰੂਕਤਾ ਰੈਲੀ ਕੱਢੀ ਗਈ, ਜਿਸਨੂੰ ਐਸ. ਐਚ. ਓ. ਭਵਾਨੀਗੜ੍ਹ ਸ. ਪ੍ਰਿਤਪਾਲ ਸਿੰਘ ਦੁਆਰਾ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਸ ਸਮੇਂ ਹਰਜੀਤ ਸਿੰਘ, ਕਪਿਲ ਭਾਟੀਆ, ਮੈਡਮ ਸੰਦੀਪ ਕੌਰ, ਮੈਡਮ ਰਵਿੰਦਰ ਕੌਰ ਅਤੇ ਮੈਡਮ ਨਵਜੋਤ ਕੌਰ, ਮੈਡਮ ਸੁਖਦੀਪ ਕੌਰ ਆਦਿ ਅਧਿਆਪਕ ਮੌਜੂਦ ਸਨ। **- ਮੇਜਰ ਸਿੰਘ ਨਾਭਾ**

# 84 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਦਿੱਤੀ ਸਜ਼ਾ ਦਾ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਸੁਆਗਤ

**ਜਲੰਧਰ-** 34 ਸਾਲ ਪਹਿਲੇ ਦਿੱਲੀ ਵਿੱਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਹੋਏ ਸਿੱਖਾਂ ਕਤਲੇਆਮ ਸਬੰਧੀ ਦਿੱਲੀ ਉੱਚ ਅਦਾਲਤ ਵਿੱਚ ਚੱਲ ਰਹੇ ਕੇਸਾਂ ਵਿਚੋਂ ਇੱਕ ਕੇਸ ਦੇ ਨਿਪਟਾਰੇ ਵਿੱਚ ਉਸ ਵੇਲੇ ਹਿੰਸਕ ਭੀੜ ਨੂੰ ਉਕਸਾਉਣ ਦੇ ਦੋਸ਼ੀ ਸੱਜਣ ਕੁਮਾਰ ਨੂੰ ਉਮਰ ਕੈਦ ਦੀ ਸਜ਼ਾ ਦੇਣ ਦੇ ਫੈਸਲੇ ਦਾ ਅੱਜ ਹੋਏ ਦੇਸ਼ ਭਗਤ ਯਾਦਗਾਰ ਕਮੇਟੀ ਦੀ ਮੀਟਿੰਗ ਵਿੱਚ ਸੁਆਗਤ ਕੀਤਾ ਹੈ ਅਤੇ ਮੰਗ ਕੀਤੀ ਹੈ ਕਿ ਅਜਿਹੀ ਹੀ ਕਾਰਵਾਈ ਬਾਕੀ ਦੇ ਦੋਸ਼ੀਆਂ 'ਤੇ ਵੀ ਜਲਦ ਹੋਣੀ ਚਾਹੀਦੀ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੀਆਂ ਦੱਸਿਆ ਕਿ ਕਮੇਟੀ ਮਹਿਸੂਸ ਕਰਦੀ ਹੈ ਕਿ ਇਸ ਨਾਲ ਪੀੜਤ ਪਰਿਵਾਰਾਂ ਨੂੰ ਥੋੜ੍ਹੀ ਬਹੁਤ ਤਸੱਲੀ ਹੋਈ ਹੋਵੇਗੀ ਪਰ ਬਾਕੀ ਦੇ ਦੋਸ਼ੀਆਂ ਨੂੰ ਵੀ ਜਲਦ ਸਜ਼ਾ ਸੁਣਾਈ ਜਾਵੇ। ਉਨ੍ਹਾਂ ਨੇ ਮੰਗ ਕੀਤੀ ਅਜੇਹੀ ਸੰਗੀਨ ਅਪਰਾਧ ਰੋਕਣ ਲਈ ਠੋਸ ਕਾਨੂੰਨ ਬਣਾਉਣ ਦੀ ਲੋੜ ਹੈ ਤਾਂ ਜੋ ਅਜਿਹੀਆਂ ਘਟਨਾਵਾਂ ਭਵਿੱਖ ਵਿੱਚ ਦੁਬਾਰਾ ਨਾ ਵਾਪਰਨ। ਉਨ੍ਹਾਂ ਕਿਹਾ ਕਿ ਭਾਵੇਂ ਸਾਡੀ ਕਮੇਟੀ ਇਸ ਗੱਲ ਨਾਲ ਸਹਿਮਤ ਹੈ ਕਿ ਏਹੋ ਜਿਹੇ ਕੇਸ ਵਿੱਚ ਸੱਜਣ ਕੁਮਾਰ ਨੂੰ ਫਾਂਸੀ ਦੀ ਸਜ਼ਾ ਹੋਣੀ ਚਾਹੀਦੀ ਸੀ, ਪਰ ਜਿਨ੍ਹਾਂ ਨੂੰ ਇਨਸਾਫ਼ ਮਿਲ ਗਿਆ ਹੈ ਇਸ ਦੇ ਲਈ ਅਦਾਲਤ ਦਾ ਧੰਨਵਾਦ ਕਰਨਾ ਬਣਦਾ ਹੈ।

ਉਨ੍ਹਾਂ ਦੱਸਿਆ ਕਿ ਸਾਡੀ ਜਾਣਕਾਰੀ ਅਨੁਸਾਰ ਇੱਕ ਬਿੱਲ ਇਸ ਦੇਸ਼ ਵਿੱਚ ਫ਼ਿਰਕੂ ਹਿੰਸਾ ਕਾਰਨ ਪੈਦਾ ਹੁੰਦੇ ਹਾਲਾਤ ਨੂੰ ਰੋਕਣ ਵਾਲਾ ਹਾਲੇ ਵੀ ਪਾਰਲੀਮੈਂਟ ਵਿੱਚ ਪਿਆ ਹੈ, ਉਹ ਪਾਸ ਕੀਤਾ ਜਾਣਾ ਚਾਹੀਦਾ ਹੈ। ਇਸ ਦਾ ਪਾਸ ਹੋਣਾ ਇਸ ਕਰਕੇ ਜ਼ਰੂਰੀ ਹੈ ਕਿ ਉਹ ਸਖ਼ਤ ਬਿੱਲ ਦੇ ਬਾਅਦ ਇਹੋ ਜਿਹੇ ਕਤਲੇਆਮ ਵਰਤਾਉਣ ਵਾਲਿਆਂ ਨੂੰ ਕਾਨੂੰਨੀ ਮਾਰ ਦਾ ਡਰ ਹੋਰ ਵਧੇਰੇ ਰਹੇਗਾ ਤੇ ਸੁੱਖ ਸ਼ਾਂਤੀ ਦੀ ਆਸ ਰੱਖੀ ਜਾ ਸਕੇਗੀ। ਇਹ ਹੰਭਲਾ ਮਾਰਨਾ ਵੀ ਬਹੁਤ ਜ਼ਰੂਰੀ ਹੈ।

## ਕਾਵਿ ਵਿਅੰਗ

# ਪੰਚਾਇਤ ਦੀ ਚੋਣ 'ਤੇ ਰੋਣ?

ਕੋਈ ਵੀ ਗੱਲ ਪੰਜਾਬ ਦੀ ਜਦੋਂ ਕਰੀਏ
ਗੁਰੂਆਂ ਪੀਰਾਂ ਦੀ ਧਰਤਿ ਸਤਿਕਾਰਦੇ ਹਾਂ।

ਵੱਸਦਾ ਰੱਬ ਹੈ ਪਿੰਡਾਂ ਦੇ ਵਿਚ ਕਹਿ ਕੇ
ਜੰਮਣ ਭੁਇੰ ਨੂੰ ਬਹੁਤ ਪਿਆਰਦੇ ਹਾਂ।

ਲੰਗਰ ਲਾਇ ਕੇ ਦਿਨ ਦਿਹਾਰ ਉਤੇ
ਭੇਦ-ਭਾਵ ਤੇ ਵਿਤਕਰੇ ਮਾਰਦੇ ਹਾਂ।

ਚੜ੍ਹਕੇ ਢਹੇ ਸਿਆਸਤੀ ਆਗੂਆਂ ਦੇ
ਵਰਕੇ ਉਦੋਂ ਮੁਹੱਬਤ ਦੇ ਪਾੜਦੇ ਹਾਂ।

ਭੁੱਖ ਚਮਕਦੀ ਦੇਖ ਕੇ ਚੌਧਰਾਂ ਦੀ
ਆਵੇ ਸਿਆਣੀਆਂ ਅੱਖਾਂ 'ਚ ਰੋਣ ਯਾਰੋ।

ਉਡੇ ਖੰਭ ਲਾ ਭ੍ਰਾਤਰੀ ਪਿਆਰ ਕਿੱਥੇ
ਕਰੀਏ ਜਦੋਂ ਪੰਚਾਇਤਾਂ ਦੀ ਚੋਣ ਯਾਰੋ!



**ਤਰਲੋਚਨ ਸਿੰਘ ਦੁਪਾਲਪੁਰ**
001-408-915-1268

# ਵਾਈ.ਐਫ਼ਸੀ. ਕੋਚ ਜਤਿੰਦਰ ਸ਼ਰਮਾ ਦਾ ਦੇਹਾਂਤ

**ਫਗਵਾੜਾ (ਰੱਤੂ)-** ਵਾਈ.ਐਫ.ਸੀ. ਰੁੜਕਾ ਕਲਾਂ ਵਿਖੇ ਪਿਛਲੇ ਕਰੀਬ ਇੱਕ ਦਹਾਕੇ ਤੋਂ ਆਪਣੀਆਂ ਸੇਵਾਵਾਂ ਨਿਭਾ ਰਹੇ ਫੁੱਟਬਾਲ ਕੋਚ ਜਤਿੰਦਰ ਸ਼ਰਮਾਂ ਦਾ ਸ਼ਾਮ ਨੂੰ ਦੇਹਾਂਤ ਹੋ ਗਿਆ। ਉਨ੍ਹਾਂ ਦੇ ਦੇਹਾਂਤ ਦੀ ਖ਼ਬਰ ਮਿਲਦੇ ਹੀ ਪੂਰੇ ਨਗਰ ਰੁੜਕਾ ਕਲਾਂ ਵਿੱਚ ਸ਼ੋਕ ਦੀ ਲਹਿਰ ਫੈਲ ਗਈ। ਪਿਛਲੇ ਦਹਾਕੇ ਦੌਰਾਨ ਹਜ਼ਾਰਾਂ ਦੀ ਗਿਣਤੀ ਵਿੱਚ ਬੱਚੇ ਬੱਚੀਆਂ ਨੇ ਉਨ੍ਹਾਂ ਤੋਂ ਫੁੱਟਬਾਲ ਦੀ ਕੋਚਿੰਗ ਪ੍ਰਾਪਤ ਕੀਤੀ ਗਈ ਹੈ। ਉਹ ਰੁੜਕਾ ਕਲਾਂ ਅਤੇ ਵਾਈ.ਐਫ.ਸੀ. ਦੇ ਪਰਿਵਾਰ ਦਾ ਇੱਕ ਅਟੁੱਟ ਅੰਗ ਬਣ ਚੁੱਕੇ ਸਨ। ਸ਼ਰਮਾਂ ਜੀ ਦਾ ਪਿਛੋਕੜ ਹਿਮਾਚਲ ਪ੍ਰਦੇਸ਼ ਨਾਲ ਹੈ ਅਤੇ ਕੱਲ ਉਨ੍ਹਾਂ ਦਾ ਸਰੀਰ ਉਨ੍ਹਾਂ ਦੇ ਪਰਿਵਾਰ ਨੂੰ ਭੇਜਿਆ ਜਾ ਰਿਹਾ ਹੈ। ਇਸ ਦੌਰਾਨ ਵੱਡੀ ਗਿਣਤੀ ਵਿੱਚ ਦੇਸ਼ ਵਿਦੇਸ਼ ਤੋਂ ਵਾਈ.ਐਫ.ਸੀ. ਨੂੰ ਸ਼ੋਕ ਸੰਦੇਸ਼ ਭੇਜੇ ਗਏ ਹਨ ਜਿਨ੍ਹਾਂ ਵਿੱਚ ਬਲਜੀਤ ਸਿੰਘ ਸੰਧੂ, ਸੁਖਜੀਤ ਸਿੰਘ ਸੰਧੂ, ਬਲਵੀਰ ਸਿੰਘ ਸੰਧੂ, ਜਸਵੀਰ ਸਿੰਘ ਸੰਧੂ, ਅਨਵਰ ਅਲੀ, ਗੈਰੀ ਸੰਧੂ, ਕੁਲਵਿੰਦਰ ਸਿੰਘ ਕਾਲਾ, ਪ੍ਰਦੀਪ ਕੌਲਧਾਰ, ਸੋਹਣ ਰੁੜਕੀ, ਜਸਕਰਨ ਸੰਧੂ, ਗੁਰਮੇਲ ਸਿੰਘ ਸੰਧੂ, ਪਵਿੱਤਰ ਸਿੰਘ, ਚਰਨਜੀਤ ਸਿੰਘ ਸੰਧੂ ਆਦਿ ਸ਼ਾਮਿਲ ਹਨ।




# ਸੁਨੀਲ ਜਾਖੜ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਡੇਰਾ ਬਾਬਾ ਨਾਨਕ ਸਰਹੱਦ ਉੱਪਰ ਲਗਾ ਕੇ ਦੇਣਗੇ ਇੱਕ ਹੋਰ ਦੂਰਬੀਨ

**ਬਟਾਲਾ (ਬਰਨਾਲ)-** ਗੁਰਦਾਸਪੁਰ ਤੋਂ ਲੋਕ ਸਭਾ ਮੈਂਬਰ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਸ੍ਰੀ ਸੁਨੀਲ ਜਾਖੜ ਨੇ ਐਲਾਨ ਕੀਤਾ ਹੈ ਕਿ ਉਹ ਡੇਰਾ ਬਾਬਾ ਨਾਨਕ ਕੌਮਾਂਤਰੀ ਸਰਹੱਦ ਉਪਰ ਬਣੇ ਦਰਸ਼ਨ ਸਥੱਲ ਵਿਖੇ ਆਪਣੇ ਐਮ.ਪੀ. ਲੈਡ ਕੋਟੇ ਵਿਚੋਂ ਇੱਕ ਦੂਰਬੀਨ ਲਗਾ ਕੇ ਦੇਣਗੇ ਤਾਂ ਜੋ ਜਿਹਨਾਂ ਚਿਰ ਕਰਤਾਰਪੁਰ ਸਾਹਿਬ ਕੋਰੀਡੋਰ ਨਹੀਂ ਖੁੱਲਦਾ ਉਹਨਾਂ ਚਿਰ ਸੰਗਤਾਂ ਇਸ ਦੂਰਬੀਨ ਰਾਹੀਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਦੀਦਾਰ ਕਰ ਸਕਣ। ਸ੍ਰੀ ਜਾਖੜ ਨੇ ਕਿਹਾ ਕਿ ਭਾਂਵੇ ਸਰਹੱਦ ਉਪਰ ਪਹਿਲਾਂ ਵੀ ਇੱਕ ਦੂਰਬੀਨ ਲੱਗੀ ਹੋਈ ਹੈ ਪਰ ਉਹ ਪੁਰਾਣੀ ਹੋ ਗਈ ਹੈ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਦੇ ਮੱਦੇਨਜ਼ਰ ਸੰਗਤਾਂ ਵੱਡੀ ਗਿਣਤੀ ਵਿੱਚ ਆਪਣੇ ਇਸ ਵਿਛੜੇ ਗੁਰਧਾਮ ਦੇ ਦਰਸ਼ਨਾਂ ਲਈ ਪਹੁੰਚ ਰਹੀਆਂ ਹਨ, ਜਿਸ ਕਾਰਨ ਇੱਕ ਹੋਰ ਦੂਰਬੀਨ ਲਗਾਉਣ ਦੀ ਜਰੂਰਤ ਹੈ। ਸ੍ਰੀ ਜਾਖੜ ਨੇ ਕਿਹਾ ਕਿ ਉਹ ਆਪਣੇ ਅਖਤਿਆਰੀ ਫੰਡ ਵਿਚੋਂ ਇਹ ਦੂਰਬੀਨ ਲਗਾ ਕੇ ਦੇਣਗੇ ਜੋ ਬਹੁਤ ਜਲਦੀ ਦਰਸ਼ਨ ਸਥੱਲ ਉੱਪਰ ਸਥਾਪਤ ਕਰ ਦਿੱਤੀ ਜਾਵੇਗੀ। ਲੋਕ ਸਭਾ ਮੈਂਬਰ ਸ੍ਰੀ ਸੁਨੀਲ ਜਾਖੜ ਨੇ ਕਿਹਾ ਕਿ ਭਾਰਤ-ਪਾਕਿਸਤਾਨ ਵਲੋਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਖੁੱਲੇ ਲਾਂਘੇ ਲਈ ਸਹਿਮਤੀ ਦਿੱਤੇ ਜਾਣ ਨਾਲ ਪੂਰੀ ਦੁਨੀਆਂ ਅੰਦਰ ਵੱਸਦੀ ਨਾਨਕ ਨਾਮ ਲੇਵਾ ਸੰਗਤ ਬਹੁਤ ਖੁਸ਼ ਹੈ।




# SRI GURU RAVIDASS SABHA PITTSBURG (CA)

**2150 CRESTVIEW DRIVE, Pittsburg CA 94565 Tel: (925) 439-2355**

## ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਨਵੇਂ ਸਾਲ ਦੇ ਪ੍ਰੋਗਰਾਮ

**December 30, 2018**
**Sukhmani Sahib Path and Langar Sewa by Gurughar*****

**December 31, 2018**
**Rain Sabai New Year's celebrations**

We are celebrating New Year's Eve at Gurughar in welcoming the 2019. Sukhmani Sahib Path and Langar Sewa will be hosted by Sangat. Let us start the New Year with a prayer for love, happiness and prosperity of our Sangat. Jathas of Giani Gurnam Singh/ Ompal Singh will do the Shabad Kirtan. The entire Sangat is requested to participate whole heartedly.



**January 13, 2018**
**LOHRI Celebration**

Lohri will be celebrated at Sri Guru Ravidass Temple, Pittsburg, CA on January 13, 2018 at 6:00 PM.

Bonfire, Sarson da Saag and Makki Di Roti , Peanuts and Rewari are the main attraction in India. Please come with your families and friends. This is the 6th year we are celebrating Lohri in Gurughar. Parents of newborn children are specially requested to come and celebrate first Lohri of their new born children in the Gurughar.

| Sangat Sewadars | Chairman | President | General Secretary | Treasurer |
|---|---|---|---|---|
| | Ramesh Suman | Kashmiri Bhatia | Dilbag Singh | Narinder Chahal |
| | 925-366-3618 | 408-460-0262 | 209-834-4641 | 209- 627-7974 |

# ਸਾਹਿਤਕਾਰ ਸਾਧੂ ਬਿਨਿੰਗ ਦੀ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਨਾਲ ਮਿਲਣੀ





**ਯੂਬਾ ਸਿਟੀ–**16 ਨਵੰਬਰ ਨੂੰ ਟੈਰਾ ਬੁਆਇਨਾ ਗੁਰੂ ਘਰ ਦੇ ਕਮਿਊਨਿਟੀ ਰੂਮ 'ਚ ਕਨੇਡਾ ਤੋਂ ਆਏ ਸਾਹਿਤਕਾਰ, ਸਾਧੂ ਬਿਨਿੰਗ ਬਾਰੇ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੇ ਪ੍ਰਧਾਨ ਜਸਵੰਤ ਸਿੰਘ ਸ਼ੀਮਾਰ ਨੇ ਸਭਾ ਦੇ ਸਥਾਈ ਡਾਇਰੈਕਟਰ, ਹਰਬੰਸ ਸਿੰਘ ਜਗਿਆਸੂ ਨੂੰ ਆਏ ਮਹਿਮਾਨ ਨੂੰ ਰੂਹ-ਬਰੂਹ ਕਰਨ ਲਈ ਕਿਹਾ। ਉਹਨਾਂ ਨੇ ਸਾਧੂ ਬਿਨਿੰਗ ਬਾਰੇ ਸੰਖੇਪ ਜਾਣਕਾਰੀ ਦੇਣ ਉਪਰੰਤ ਬਿਨਿੰਗ ਜੀ ਨੂੰ ਬੇਨਤੀ ਕੀਤੀ ਕਿ ਉਹ ਆਪਣੀ ਜ਼ਬਾਨੀ ਹਾਜਰੀਨ ਨੂੰ ਆਪਣੇ ਅਤੇ ਆਪਣੀਆਂ ਸਾਹਿਤਕ ਤੇ ਸਮਾਜਿਕ ਸੇਵਾਵਾਂ ਬਾਰੇ ਜਾਣਕਾਰੀ ਸਾਂਝੀ ਕਰਨ।

ਸਾਧੂ ਬਿਨਿੰਗ ਜੀ ਨੇ ਕੋਈ ਸਵਾ ਘੰਟੇ ਬੋਲ ਕੇ ਵਧ ਤੋਂ ਵਧ ਜਾਣਕਾਰੀ ਦੇਣ ਦਾ ਯਤਨ ਕੀਤਾ। ਉਨ੍ਹਾਂ ਨੇ ਦੱਸਿਆ ਕਿ ਉਹ ਆਪਣੇ ਪ੍ਰਵਾਰ ਦੇ ਨਾਲ ਬਾਰ੍ਹਵੀਂ ਦੀ ਪੜ੍ਹਾਈ ਛੱਡ ਕੇ 1967 ਵਿਚ ਕਨੇਡਾ ਆਏ ਸਨ। ਏਥੇ ਉਨ੍ਹਾਂ ਨੇ ਕਈ ਤਰਾਂ ਦੇ ਕੰਮ ਕਰਦੇ ਹੋਏ ਸੋਸ਼ਿਆਲੋਜੀ ਵਿਚ ਐਮ:ਏ: ਅਤੇ ਪੀ:ਐਚ:ਡੀ: ਭਾਵ ਡਾਕਟ੍ਰੇਟ ਦੀ ਪੜ੍ਹਾਈ ਕਨੇਡਾ ਵਿਚ ਆਉਣ ਉਪਰੰਤ ਕੀਤੀ। 20 ਸਾਲ ਤੱਕ ਉਨ੍ਹਾਂ ਕਨੇਡਾ ਦੇ ਪੋਸਟ ਆਫਿਸ ਮਹਿਕਮੇ ਵਿਚ ਜੌਬ ਕੀਤੀ ਅਤੇ 20 ਸਾਲ ਬੀ:ਸੀ: ਯੂਨੀਵਰਸਿਟੀ ਵੈਨਕੂਵਰ ਵਿਚ ਪੰਜਾਬੀ ਨੂੰ ਪੜ੍ਹਾਇਆ। ਵਤਨੋਂ ਦੂਰ ਮਹੀਨੇਵਾਰ ਰਸਾਲੇ ਦੀ ਸੰਪਾਦਨਾ ਕੀਤੀ। ਦੋ ਸਾਲਾਂ ਬਾਅਦ 'ਵਤਨ' ਰਸਾਲੇ ਦੀ ਸੰਪਾਦਨਾ ਕੀਤੀ। ਉਹ ਹੁਣ ਤੱਕ ਅਠਾਰਾਂ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕੇ ਹਨ।

ਪੰਜਾਬੀ (ਗੁਰਮੁਖੀ ਲਿਪੀ) ਸਕੂਲਾਂ ਵਿਚ ਨਹੀਂ ਪੜ੍ਹਾਈ ਜਾਂਦੀ ਸੀ ਉਨ੍ਹਾਂ ਨੇ ਆਪਣੇ ਮਿੱਤਰ ਇੰਦਰ ਸਿੰਘ, ਪੰਜਾਬੀ ਟੀਚਰ ਨੂੰ ਨਾਲ ਲੈ ਕੇ ਕਨੇਡਾ ਦੇ ਉਸ ਸਮੇਂ ਦੇ ਵਿਦਿਆ ਮੰਤਰੀ, ਮੋਹ ਸਹੋਤਾ ਨੂੰ ਮਿਲੇ ਤੇ ਉਨ੍ਹਾਂ ਨੂੰ ਗੁਰਮੁਖੀ ਨੂੰ ਸਕੂਲਾਂ ਕਾਲਜਾਂ ਵਿਚ ਇਕ ਵਿਦੇਸ਼ੀ ਭਾਸ਼ਾ ਦੇ ਤੌਰ ਉਤੇ ਪੜ੍ਹਾਏ ਜਾਣ ਲਈ ਬੇਨਤੀ ਕੀਤੀ।ਵਜ਼ੀਰ ਸਾਹਿਬ ਨੇ ਸਾਡੀ ਬੇਨਤੀ ਪ੍ਰਵਾਨ ਕਰ ਕੇ ਉਸੇ ਵੇਲੇ ਆਰਡਰ ਕਰ ਦਿੱਤੇ। ਪ੍ਰੋ: ਇੰਦਰ ਨੇ ਪੂਰਾ ਪਲੈਨ ਬਣਾ ਕੇ ਪੇਸ਼ ਕੀਤਾ ਤੇ ਇਹ ਉਦੋਂ ਤੋਂ ਚਾਲੂ ਹੈ। ਹੁਣ ਤੱਕ ਸਰੀ ਵਿਚ ਸੱਤ ਸਕੈਂਡਰੀ ਸਕੂਲਾਂ ਅਤੇ ਪੰਜ ਮਿਡਲ ਸਕੂਲਾਂ ਵਿਚ ਪੜ੍ਹਾਈ ਜਾ ਰਹੀ ਹੈ। ਹੋਰ ਜਾਂਦਾ ਸਕੂਲਾਂ ਵਿਚ ਵੀ ਚਾਲੂ ਹੋ ਸਕਦੀ ਹੈ ਜੇ ਕਰ ਸਾਡੇ ਪੰਜਾਬੀ ਭਰਾ ਇਸ ਲੋੜ ਨੂੰ ਸਮਝਣ ਅਤੇ ਸਾਡਾ ਲੋੜੀਂਦਾ ਸਾਥ ਦੇਣ। ਇਨ੍ਹਾਂ ਤੋਂ ਛੁੱਟ ਉਹ ਆਪਣੀ ਕਮਿਊਨਿਟੀ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਇਕ ਸੰਸਥਾ, 'ਸੱਥ' ਰਾਹੀ ਲਗਾਤਾਰ ਕਰਦੇ ਰਹਿੰਦੇ ਹਾਂ। ਉਨ੍ਹਾਂ ਦੇ ਇਸ ਬਿਆਨ ਤੋਂ ਪਿਛੋਂ ਸਭਾ ਦੇ ਪ੍ਰਧਾਨ, ਜਸਵੰਤ ਸਿੰਘ ਸ਼ੀਮਾਰ ਨੇ ਉਹਨਾਂ ਦਾ ਧੰਨਵਾਦ ਕੀਤਾ ਤੇ ਸਭਾ ਵਲੋਂ ਅਪ੍ਰੈਲ 27 ਨੂੰ ਕੀਤੀ ਜਾ ਰਹੀ ਕਾਨਫਰੰਸ ਲਈ ਖਾਸ ਮਹਿਮਾਨ ਦੇ ਤੌਰ ਉੱਤੇ ਆਉਣ ਲਈ ਦਾਅਵਤ ਦਿੱਤੀ ਜਿਸ ਨੂੰ ਉਹਨਾਂ ਖੁਸ਼ੀ ਖੁਸ਼ੀ ਸਵੀਕਾਰ ਕਰ ਲਿਆ। ਪ੍ਰਧਾਨ ਸ਼ੀਮਾਰ ਨੇ ਆਪਣੀ ਲਿਖੀ ਪੁਸਤਕ, "ਚੌਮੁਖੀਆ ਦੀਪ" ਦਿਲ ਨਿਜਰ ਨੇ,"ਦਿਲ ਦਰਿਆ ਦੇ ਵਹਿਣ,"ਹਰਬੰਸ ਸਿੰਘ ਜਗਿਆਸੂ ਨੇ,"ਜਗਿਆਸਾ"ਸਭਾ ਵਲੋਂ ਛਪਵਾਈਆਂ ਪੁਸਤਕਾਂ, ਜ਼ਖਮੀ ਜੀ ਦੀ 'ਕਾਲੇਪਾਣੀ ਤੋਂ ਕਲਮ ਤੱਕ', ਤਜਿੰਦਰ ਥਿੰਦ ਦੀ, 'ਮਸ਼ਾਲ ਗ਼ਜ਼ਲਾਂ ਦੀ' ਅਤੇ ਸਭਾ ਦੀਆਂ 13ਵੀਂ 15ਵੀਂ ਤੇ 19ਵੀਂ ਕਾਨਫਰੰਸਾਂ ਤੇ ਛਾਪੇ ਗਏ ਸੋਵੀਨਰਾਂ ਦੀਆਂ ਕਾਪੀਆਂ ਭੇਟ ਕੀਤੀਆਂ ਗਈਆਂ। ਉਸ ਦਿਨ ਮੌਸਮ ਭਾਰੀ ਤੁਫਾਨ ਦੇ ਕਾਰਨ ਖਰਾਬ ਹੋਣ ਦੇ ਬਾਵਜੂਦ ਸਭਾ ਦੇ ਸਰਕਰਦਾ ਮੈਂਬਰ ਇਸ ਇਕੱਤਰਤਾ ਵਿਚ ਪਹੁੰਚੇ। ਸਭਾ ਦੇ ਪ੍ਰਧਾਨ, ਜਸਵੰਤ ਸਿੰਘ ਸ਼ੀਮਾਰ, ਵਾਈਸ ਪ੍ਰਧਾਨ, ਹਰਭਜਨ ਸਿੰਘ ਢੇਰੀ, ਸਹਾਇਕ ਆਰਗੇਨਾਈਜਰ, ਫਕੀਰ ਸਿੰਘ ਮੱਲ੍ਹੀ, ਸਾਬਕਾ ਪਰਧਾਨ, ਦਲਵੀਰ ਦਿਲ ਨਿਜਰ, ਸਾਬਕਾ ਜਨਰਲ ਸਕੱਤਰ, ਭੁਪਿੰਦਰ ਸਿੰਘ ਦਲੇਰ ਗ਼ਜ਼ਲਗੋ, ਸਾਬਕਾ ਸਕੱਤਰ, ਇੰਦਰਜੀਤ ਸਿੰਘ ਗਰੇਵਾਲ, ਰਮੇਸ਼ ਬੰਗੜ, ਸਾਬਕਾ ਆਰਗੇਨਾਈਜ਼ਰ,ਬੁਨਿਆਦੀ ਡਾਇਰੈਕਟਰ, ਮੁਹਿੰਦਰ ਸਿੰਘ ਘੱਗ, ਸਥਾਈ ਡਾਇਰੈਕਟਰ, ਹਰਬੰਸ ਸਿੰਘ ਜਗਿਆਸੂ, ਗਜ਼ਲਗੋ, ਇਕਵਿੰਦਰ ਸਿੰਘ ਢੱਟ, ਡਾ: ਪਰਮਜੀਤ ਸਿੰਘ ਐਵਰਸਟ, ਸਤਨਾਮ ਸਿੰਘ ਮਨਚੰਦਾ, ਪੱਪੂ, ਡੀ:ਐਸ ਰਾਣਾ ਨੇ ਇਸ ਖਾਸ ਮਿਲਣੀ ਵਿਚ ਭਾਗ ਲਿਆ। ਸਭਾ ਦੀ ਨਵੰਬਰ ਮਹੀਨੇ ਦੀ ਮੀਟਿੰਗ ਦੇ ਪ੍ਰਸਤਾਵ ਅਨੁਸਾਰ ਸਭਾ ਦੀ ਦਿਸੰਬਰ ਦੀ ਮਹੀਨਾਵਾਰ ਮਿਲਨੀ 30 ਦਿਸੰਬਰ ਨੂੰ ਇਕ ਤੋਂ ਪੰਜ ਵਜੇ ਵਿਚਕਾਰ ਟੈਰਾਬੁਾਇਨਾ ਗੁਰੂ ਘਰ ਵਿਖੇ ਹੋਵੇਗੀ। ਸਭਾ ਦੀ ਵਾਰਸ਼ਿਕ ਕਾਨਫਰੰਸ 27 ਅਪ੍ਰੈਲ, 2019 ਨੂੰ ਹੋਵੇਗੀ। ਸਭਾ ਵਲੋਂ ਕਾਨਫਰੰਸ ਤੋਂ ਪਹਿਲਾਂ ਇਕ ਸੋਵੀਨੀਰ ਪ੍ਰਕਾਸ਼ਤ ਕੀਤਾ ਜਾਵੇਗਾ। ਇਸ ਦੇ ਲਈ ਸਭਾ ਦੇ ਮੈਂਬਰ ਸਾਹਿਬਾਨ ਨੂੰ ਬੇਨਤੀ ਹੈ ਕਿ ਆਪਣੀਆਂ ਤਾਜ਼ੀਆਂ ਤੇ ਵਧੀਆਂ ਲਿਖਤ ਅਤੇ ਤਸਵੀਰਾਂ ਸਭਾ ਦੇ ਹੇਠ ਲਿਖੇ ਸੰਪਾਦਕੀ ਬੋਰਡ ਦੇ ਮੈਂਬਰਾਂ ਪਾਸ 31 ਜਨਵਰੀ 2019 ਤੱਕ ਪਹੁੰਚਦੀਆਂ ਰਨ। ਇਸ ਤੋਂ ਬਾਅਦ ਪਹੁੰਚਣ ਵਾਲੀਆਂ ਲਿਖਤਾਂ ਦੇ ਨਾ ਛਪਣ ਲਈ ਲਿਖਾਰੀ ਆਪ ਜ਼ਿਮੇਵਾਰ ਹੋਣਗੇ। ਰਚਨਾਵਾਂ ਭੇਜਣ ਤੇ ਹੋਰ ਜਾਣਕਾਰੀ ਲਈ ਇਹਨਾਂ ਨੰਬਰਾਂ ਉੱਤੇ ਫੋਨ ਕਰੋ ਜਾਂ ਈ:ਮੇਲ ਕਰੋ ਜੀ: - ਜਸਵੰਤ ਸਿੰਘ ਸ਼ੀਮਾਰ (916)293-6030

jaswantsheemar@yahoo.com

# ਪਿੰਡ ਬਬੇਲੀ 'ਚ ਪੰਚਾਇਤ ਦਾ ਸਰਬ ਸੰਮਤੀ ਨਾਲ ਹੋਇਆ ਗਠਨ

**ਫਗਵਾੜਾ (ਰੱਤੂ)–** ਹਲਕੇ ਦੇ ਪਿੰਡਾਂ ਵਿਚ ਜਿੱਥੇ ਪੰਚਾਇਤਾਂ ਦੇ ਗਠਨ ਲਈ 30 ਦਸੰਬਰ ਨੂੰ ਮਤਦਾਨ ਹੋਣਾ ਹੈ ਅਤੇ ਉਮੀਦਵਾਰਾਂ ਨੂੰ ਚੋਣ ਕਮੀਸ਼ਨ ਵਲੋਂ ਚੋਣ ਨਿਸ਼ਾਨ ਅਲਾਟ ਕੀਤੇ ਜਾਣ ਤੋਂ ਬਾਅਦ ਸਰਗਰਮੀਆਂ ਤੇਜ ਹੋ ਗਈਆਂ ਹਨ ਉੱਥੇ ਹੀ ਆਪਸੀ ਸਹਿਮਤੀ ਨਾਲ ਪੰਚਾਇਤਾਂ ਦੇ ਗਠਨ ਦੀਆਂ ਕੋਸ਼ਿਸ਼ਾਂ ਵੀ ਲਗਾਤਾਰ ਜਾਰੀ ਹਨ। ਜਾਣਕਾਰੀ ਅਨੁਸਾਰ ਹੁਣ ਤਕ 17 ਪੰਚਾਇਤਾਂ ਦਾ ਸਰਬ ਸੰਮਤੀ ਨਾਲ ਗਠਨ ਹੋ ਚੁੱਕਾ ਹੈ। ਇਸੇ ਲੜੀ ਤਹਿਤ ਪਿੰਡ ਬਬੇਲੀ ਵਿਚ ਵੀ ਪਿੰਡ ਵਾਸੀਆਂ ਦੀ ਆਪਸੀ ਸਹਿਮਤੀ ਨਾਲ ਸਰਬ ਸੰਮਤ ਪੰਚਾਇਤ ਦਾ ਗਠਨ ਕਰਦੇ ਹੋਏ ਬੀਬੀ ਰਾਜਵਿੰਦਰ ਕੌਰ ਪਤਨੀ ਰਾਜਿੰਦਰ ਸਿੰਘ ਨੂੰ ਸਰਪੰਚ ਐਲਾਨਿਆ ਗਿਆ ਹੈ ਜਦਕਿ ਦੋ ਮਹਿਲਾਵਾਂ ਸਮੇਤ ਆਪਸੀ ਸਹਿਮਤੀ ਨਾਲ ਚੁਣੇ ਗਏ ਪੰਚਾਇਤ ਮੈਂਬਰਾਂ ਵਿਚ ਕੁਲਦੀਪ ਕੌਰ ਪਤਨੀ ਇਕਬਾਲ ਸਿੰਘ, ਹਰਵਿੰਦਰ ਕੌਰ ਪਤਨੀ ਤਰਨਜੀਤ ਸਿੰਘ ਤੋਂ ਇਲਾਵਾ ਪਰਮਜੀਤ ਰਾਮ, ਮੇਜਰ ਸਿੰਘ ਤੇ ਜੋਗਿੰਦਰ ਪਾਲ ਸ਼ਾਮਲ ਹਨ। ਦਿਹਾਤੀ ਕਾਂਗਰਸ ਪ੍ਰਧਾਨ ਦਲਜੀਤ ਰਾਜੂ ਦਰਵੇਸ਼ ਪਿੰਡ ਤੋਂ ਇਲਾਵਾ ਯੂਥ ਕਾਂਗਰਸੀ ਆਗੂ ਅਤੇ ਸਾਬਕਾ ਮੰਤਰੀ ਜੋਗਿੰਦਰ ਸਿੰਘ ਮਾਨ ਦੇ ਸਪੁੱਤਰ ਹਰਜੀ ਮਾਨ ਨੇ ਪਿੰਡ ਬਬੇਲੀ ਪੁੱਜ ਕੇ ਨਵੀਂ ਬਣੀ ਪੰਚਾਇਤ ਦਾ ਸਵਾਗਤ ਕੀਤਾ ਅਤੇ ਭਰੋਸਾ ਦਿੱਤਾ ਕਿ ਚੋਣ ਪ੍ਰਕ੍ਰਿਆ ਤੋਂ ਬਾਅਦ ਜਲਦੀ ਹੀ ਸਰਬ ਸੰਮਤੀ ਨਾਲ ਪੰਚਾਇਤ ਚੁਣੇ ਜਾਣ ਲਈ ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਵਲੋਂ ਐਲਾਨੀ 2 ਲੱਖ ਰੁਪਏ ਦੀ ਰਾਸ਼ੀ ਪੰਚਾਇਤ ਨੂੰ ਜਾਰੀ ਕਰਵਾਈ ਜਾਵੇਗੀ। ਦਲਜੀਤ ਰਾਜੂ ਨੇ ਕਿਹਾ ਕਿ ਪਾਰਟੀ ਬਾਜੀ ਤੋਂ ਉੱਪਰ ਉੱਠ ਕੇ ਪਿੰਡ ਦੇ ਵਿਕਾਸ ਨੂੰ ਧਿਆਨ ਵਿਚ ਰੱਖਦਿਆਂ ਲਿਆ ਗਿਆ ਇਹ ਫੈਸਲਾ ਵਿਸ਼ੇਸ਼ ਤੌਰ ਤੇ ਸ਼ਲਾਘਾਯੋਗ ਹੈ।



ਉਹਨਾਂ ਭਰੋਸਾ ਦਿੱਤਾ ਕਿ ਪਿੰਡ ਦੇ ਵਿਕਾਸ ਵਿਚ ਗਰਾਂਟ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਉਹਨਾਂ ਦੱਸਿਆ ਕਿ ਕਾਂਗਰਸ ਪਾਰਟੀ ਦੀ ਪੁਰਜੋਰ ਕੋਸ਼ਿਸ਼ ਹੈ ਕਿ ਵੱਧ ਤੋਂ ਵੱਧ ਪੰਚਾਇਤਾਂ ਦਾ ਸਰਬ ਸੰਮਤੀ ਨਾਲ ਗਠਨ ਹੋ ਸਕੇ ਤਾਂ ਜੋ ਪਿੰਡਾਂ ਦੇ ਵਿਕਾਸ ਕਾਰਜ ਰਾਜਨੀਤੀ ਦੀ ਭੇਂਟ ਨਾ ਚੜ੍ਹਨ। ਇਸ ਮੌਕੇ ਸੀਨੀਅਰ ਕਾਂਗਰਸੀ ਆਗੂ ਨਵਜਿੰਦਰ ਸਿੰਘ ਬਾਹੀਆ, ਬਿੱਲੂ ਪਲਾਹੀ, ਹਰਜਿੰਦਰ ਸਿੰਘ, ਕੁਲਦੀਪ ਸਿੰਘ, ਸੁਖਬੀਰ ਸਿੰਘ, ਸੁਖਵਿੰਦਰ ਸਿੰਘ ਆਦਿ ਤੋਂ ਇਲਾਵਾ ਪਿੰਡ ਦੇ ਪਤਵੰਤੇ ਹਾਜਰ ਸਨ।

# ਡਿਵਾਈਨ ਪਬਲਿਕ ਸਕੂਲ 'ਚ ਸਲਾਨਾ ਇਨਾਮ ਵੰਡ ਸਮਾਗਮ 'ਮੇਰੀ ਆਵਾਜ਼ ਸੁਣੋਂ' ਦਾ ਹੋਇਆ ਸ਼ਾਨਦਾਰ ਆਯੋਜਨ

**ਫਗਵਾੜਾ (ਰੱਤੂ)–**ਸਥਾਨਕ ਡਿਵਾਈਨ ਪਬਲਿਕ ਸਕੂਲ ਵਿਖੇ ਸਲਾਨਾ ਇਨਾਮ ਵੰਡ ਸਮਾਗਮ 'ਮੇਰੀ ਆਵਾਜ਼ ਸੁਣੋਂ' ਦਾ ਸ਼ਾਨਦਾਰ ਆਯੋਜਨ ਸਕੂਲ ਦੇ ਚੇਅਰਮੈਨ ਸ਼੍ਰੀ ਪੰਕਜ ਕਪੂਰ ਦੀ ਪ੍ਰਧਾਨਗੀ ਅਤੇ ਸਕੂਲ ਪ੍ਰਿੰਸੀਪਲ ਸ੍ਰੀਮਤੀ ਰੇਨੂੰ ਠਾਕੁਰ ਦੀ ਅਗਵਾਈ ਹੇਠ ਕਰਵਾਇਆ ਗਿਆ। ਇਸ ਮੌਕੇ ਬਤੌਰ ਮੁੱਖ ਮਹਿਮਾਨ ਸ਼੍ਰੀ ਬ੍ਰਿਜ ਮੋਹਨ ਕਪਲਿਸ਼ ਸ਼ਾਮਿਲ ਹੋਏ, ਜਿਨ੍ਹਾਂ ਦਾ ਸਕੂਲ ਕੈਂਪਸ ਵਿੱਚ ਪੁੱਜਣ 'ਤੇ ਸਕੂਲ ਦੀ ਬੈਂਡ ਟੀਮ ਵਲੋਂ ਸੰਗੀਤਮਈ ਧੁਨ ਵਜਾਈ ਗਈ। ਸਕੂਲ ਸਟਾਫ ਨੇ ਮੁੱਖ ਮਹਿਮਾਨ ਨੂੰ ਫੁੱਲਾਂ ਦੇ ਗੁਲਦਸਤੇ ਭੇਂਟ ਕਰਕੇ ਅਤੇ ਫੂਲਮਾਲਾਵਾਂ ਪਾ ਕੇ ਨਿੱਘਾ ਸਵਾਗਤ ਕੀਤਾ। ਸਕੂਲ ਦੇ ਸੰਸਥਾਪਕ ਸਵ. ਤਿਲਕ ਰਾਜ ਕਪੂਰ ਦੀ ਧਰਮ ਪਤੀ



ਸ੍ਰੀਮਤੀ ਰੇਖਾ ਕਪੂਰ ਨੇ ਸ਼ਮਾ ਰੋਸ਼ਨ ਕਰਕੇ ਸਮਾਗਮ ਦਾ ਸ਼ੁਭ ਆਰੰਭ ਕਰਵਾਇਆ। ਇਸ ਉਪਰੰਤ ਸ੍ਰੀ ਗਣੇਸ਼ ਵੰਦਨਾ ਨਾਲ ਸਮਾਗਮ ਨੂੰ ਅੱਗੇ ਤੋਰਿਆ ਗਿਆ। ਇਸ ਦੌਰਾਨ ਬੱਚੀਆਂ ਨੇ ਰੰਗਾਰੰਗ ਪ੍ਰੋਗਰਾਮ ਪੇਸ਼ ਕਰਦੇ ਹੋਏ ਗੀਤ, ਕਵਿਤਾਵਾਂ ਅਤੇ ਪੰਜਾਬ ਦੇ ਸੱਭਿਆਚਾਰਕ ਨਾਚ ਗਿੱਧਾ, ਭੰਗੜਾ ਦੀ ਖੂਬਸੂਰਤ ਪੇਸ਼ਕਾਰੀਆਂ ਨਾਲ ਹਾਜਰੀਨ ਨੂੰ ਕੀਲੀ ਰੱਖਿਆ। ਛੋਟੇ-ਛੋਟੇ ਬੱਚਿਆਂ ਦੇ ਜੰਗਲ-ਜੰਗਲ ਨਾਚ, ਸਮਾਗਮ ਦੇ ਸਿਰਨਾਵੇਂ 'ਮੇਰੀ ਆਵਾਜ਼ ਸੁਣੋਂ' ਆਧਾਰਤ ਨਾਟਕ ਜਿਸ ਵਿੱਚ ਧੀ ਬਚਾਓ-ਧੀ ਪੜ੍ਹਾਓ ਦਾ ਸੁਨੇਹਾ ਦੇਣ ਦੀ ਕੋਸ਼ਿਸ਼ ਸੀ, ਨੂੰ ਖਾਸ ਤੌਰ ਤੇ ਸਰਾਹਿਆ ਗਿਆ। ਪ੍ਰਿੰਸੀਪਲ ਰੇਨੂੰ ਠਾਕੁਰ ਨੇ ਸਕੂਲ ਦੀ ਸਲਾਨਾ ਰਿਪੋਰਟ ਪੇਸ਼ ਕਰਦੇ ਹੋਏ ਬੀਤੇ ਸਾਲ ਦੀਆਂ ਪ੍ਰਾਪਤੀਆਂ ਅਤੇ ਤੱਰਕੀ ਬਾਰੇ ਜਾਣੂ ਕਰਵਾਇਆ। ਛੇਵੀਂ ਕਲਾਸ ਦੇ ਵਿਦਿਆਰਥੀਆਂ ਨੇ ਬਾਲ ਮਜਦੂਰੀ ਉੱਤੇ ਪ੍ਰਭਾਵਸ਼ਾਲੀ ਨਾਟਕ ਪੇਸ਼ ਕਰਕੇ ਵਾਹਵਾਹੀ ਖੱਟੀ।

ਮੁੱਖ ਮਹਿਮਾਨ ਨੇ ਪਿਛਲੇ ਸਾਲ ਦੇ ਪ੍ਰੀਖਿਆ ਨਤੀਜਿਆਂ ਵਿੱਚ ਪਹਿਲਾ, ਦੂਸਰਾ ਅਤੇ ਤੀਸਰਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮਾ ਦੀ ਵੰਡ ਕਰਦੇ ਹੋਏ ਆਪਣੇ ਸੁਨੇਹੇ ਵਿਚ ਮਨ ਲਗਾ ਕੇ ਪੜ੍ਹਨ ਅਤੇ ਚੰਗੇ ਨਾਗਰਿਕ ਬਣਨ ਦੀ ਪ੍ਰੇਰਣਾ ਦਿੱਤੀ। ਸਕੂਲ ਵਲੋਂ ਕਵਿਤਾ ਉਚਾਰਣ, ਮੈਮੋਰੀ ਟੈਸਟ ਮੁਕਾਬਲੇ ਅਤੇ ਡਿਬੇਟ ਆਦਿ ਗਤੀਵਿਧੀਆਂ ਵਿੱਚ ਜੇਤੂ ਰਹੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਤ ਕੀਤਾ ਗਿਆ। ਅਖੀਰ ਵਿਚ ਸਕੂਲ ਚੇਅਰਮੈਨ ਰੇਖਾ ਕਪੂਰ, ਪੰਕਜ ਕਪੂਰ, ਪੁਨੀਤ ਕਪੂਰ ਅਤੇ ਪ੍ਰਿੰਸੀਪਲ ਰੇਨੂੰ ਠਾਕੁਰ ਵਲੋਂ ਮੁੱਖ ਮਹਿਮਾਨ ਨੂੰ ਯਾਦਗਾਰੀ ਚਿੰਨ੍ਹ ਭੇਂਟ ਕਰਕੇ ਸਨਮਾਨਤ ਕੀਤਾ ਗਿਆ। ਸਮਾਗਮ ਦਾ ਅੰਤ ਰਾਸ਼ਟਰੀ ਗਾਨ ਨਾਲ ਹੋਇਆ। ਇਸ ਮੌਕੇ ਸੂਬਾ ਕਾਂਗਰਸ ਸਕੱਤਰ ਮਨੀਸ਼ ਭਾਰਦਵਾਜ, ਅਧਿਆਪਕ ਆਗੂ ਵਰਿੰਦਰ ਸਿੰਘ ਕੰਬੋਜ ਸਮੇਤ ਹੋਰ ਪਤਵੰਤੇ ਹਾਜਰ ਸਨ।

# ਅਮਰੀਕਾ ਦੇ ਕੋਚਾਂ ਨੇ ਲਗਾਈ ਵਾਈ.ਐਫ.ਸੀ. ਵਿਖੇ ਵਰਕਸ਼ਾਪ



**ਫਗਵਾੜਾ (ਰੱਤੂ)–** ਯੂਥ ਫੁੱਟਬਾਲ ਕਲੱਬ ਰੁੜਕਾ ਕਲਾਂ ਨੌਜਵਾਨਾਂ ਅਤੇ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਹਰ ਸੰਭਵ ਯਤਨ ਕਰਦੀ ਆ ਰਹੀ ਹੈ। ਕਲੱਬ ਵੱਲੋਂ ਸਮੇਂ-ਸਮੇਂ ਤੇ ਖੇਡ ਅਤੇ ਸ਼ਖਸੀਅਤ ਵਿਕਾਸ ਲਈ ਅੰਤਰਰਾਸ਼ਟਰੀ ਪੱਧਰ ਦੀਆਂ ਕਲੱਬਾਂ ਅਤੇ ਸੰਸਥਾਵਾਂ ਨਾਲ ਮਿਲ ਕੇ ਵਰਕਸ਼ਾਪਾਂ ਲਗਾਈਆਂ ਜਾਂਦੀਆਂ ਹਨ। ਕੋਚਿਸ ਅਕਰਾਸ ਕਾਊਂਟੀਨੈਂਟ ਜੋ ਕਿ ਅਮਰੀਕਾ ਦੀ ਲੋਕ ਭਲਾਈ ਸੰਸਥਾ ਹੈ ਅਤੇ ਇਹ ਦੁਨੀਆ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਸਪੋਰਟਸ ਫਾਰ ਡੀਵੈਲਪਮੈਂਟ ਤੇ ਕੰਮ ਕਰ ਰਹੀ ਹੈ। ਵਾਈ.ਐਫ.ਸੀ. ਪਿਛਲੇ ਚਾਰ ਸਾਲ ਤੋਂ ਇਸ ਸੰਸਥਾ ਨਾਲ ਕੰਮ ਕਰ ਰਹੀ ਹੈ। ਬੜੀ ਮਾਣ ਵਾਲੀ ਗੱਲ ਹੈ ਕਿ ਸੀ.ਏ.ਸੀ. ਅਮਰੀਕਾ ਦੀ ਸੰਸਥਾ ਦੇ ਟਰੇਨਰ ਅਸ਼ਲੀਨ ਹਾਰਡੀ, ਜੇਸੀ ਦਿਲੋਜ਼ਿਓ, ਮੋਰਿਟਜ ਗੁਅਰਲੇਲਰ ਤੇ ਮੈਕੇਂਜ਼ੀ ਨੇ ਵਾਈ.ਐਫ.ਸੀ. ਵਿਖੇ ਪੰਜ ਦਿਨਾਂ ਵਰਕਸ਼ਾਪ ਲਗਾਈ। ਜਿਸ ਵਿੱਚ ਵਾਈ.ਐਫ.ਸੀ. ਦੇ 50 ਕੋਚਾਂ ਅਤੇ ਯੂਥ ਮੈਂਟਰ ਨੇ ਹਿੱਸਾ ਲਿਆ। ਜਿਸ ਵਿੱਚ 25 ਲੜਕੇ ਅਤੇ 25 ਲੜਕੀਆਂ ਸਨ। ਇਸ ਵਰਕਸ਼ਾਪ ਦਾ ਮੁੱਖ ਮਕਸਦ ਵਾਈ.ਐਫ.ਸੀ. ਵੱਲੋਂ ਐਚ.ਆਈ.ਵੀ., ਲਿੰਗ ਸਮਾਨਤਾ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ ਤਾਂ ਜੋ ਇਹ ਕੋਚ ਅਤੇ ਯੂਥ ਮੈਂਟਰ ਸਕੂਲਾਂ ਅਤੇ ਸਮਾਜ ਵਿੱਚ ਬੱਚਿਆਂ ਅਤੇ ਨੌਜਵਾਨਾਂ ਨਾਲ ਇਸ ਪਾਲਿਸੀ ਉੱਪਰ ਕੰਮ ਕਰ ਸਕਣ। ਯੂਥ ਫੁੱਟਬਾਲ ਕਲੱਬ ਰੁੜਕਾ ਕਲਾਂ ਦੇ ਪ੍ਰਧਾਨ ਗੁਰਮੰਗਲ ਦਾਸ ਸੋਨੀ ਨੇ ਸਾਰੀ ਸੀ.ਏ.ਸੀ. ਟੀਮ ਦਾ ਇਸ ਵਰਕਸ਼ਾਪ ਲਈ ਧੰਨਵਾਦ ਕੀਤਾ ਅਤੇ ਉਨ੍ਹਾਂ ਨੇ ਇਸ ਪਾਲਿਸੀ ਬਾਰੇ ਗੱਲ ਕਰਦਿਆਂ ਕਿਹਾ ਕਿ ਇਹ ਪਾਲਿਸੀ ਭਵਿੱਖ ਵਿੱਚ ਵੀ ਬੱਚਿਆਂ ਤੇ ਨੌਜਵਾਨਾਂ ਲਈ ਬਹੁਤ ਲਾਭਦਾਇਕ ਹੋਵੇਗੀ। ਇਸ ਪਾਲਿਸੀ ਨੂੰ ਵਾਈ.ਐਫ.ਸੀ. ਦੇ ਸਾਰੇ ਸੈਂਟਰਾਂ ਵਿੱਚ ਲਾਗੂ ਕੀਤਾ ਜਾਵੇਗਾ।

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸ਼ਹੀਦੀ ਦਿਹਾੜਾ ਮਨਾਇਆ ਗਿਆ




















**ਯੂਬਾ ਸਿਟੀ (ਬਿਊਰੋ)–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ 21, 22, 23 ਦਸੰਬਰ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਗੁਰੂ ਘਰ ਦੇ ਵਾਈਸ ਪ੍ਰਧਾਨ ਸ. ਗੁਰਨਾਮ ਸਿੰਘ ਭੰਡਾਲ, ਬੀਬੀ ਨਿਰਮਲ ਕੌਰ ਭੰਡਾਲ ਅਤੇ ਪਰਿਵਾਰ ਵੱਲੋਂ ਧੰਨ ਧੰਨ ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ, ਬਾਬਾ ਫਤਿਹ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜੋਰਾਵਰ ਸਿੰਘ ਜੀ ਦੀ ਮਹਾਨ ਸ਼ਹਾਦਤ ਨੂੰ ਸਮਰਪਿਤ, ਬਾਬਾ ਜੀਵਨ ਸਿੰਘ ਜੀ, ਬਾਬਾ ਸੰਗਤ ਸਿੰਘ ਜੀ, ਬੀਬੀ ਸ਼ਰਨ ਕੌਰ ਜੀ, ਸ੍ਰੀ ਚਮਕੌਰ ਸਾਹਿਬ ਜੀ ਦੇ ਸਮੂਹ ਸ਼ਹੀਦ ਸਿੰਘਾਂ ਦੀ ਯਾਦ ਵਿਚ ਮਹਾਨ ਸ਼ਹੀਦੀ ਸਮਾਗਮ ਧੰਨ ਧੰਨ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਪਾਵਨ ਪਵਿੱਤਰ ਛਤਰ ਛਾਇਆ ਹੇਠ ਮਨਾਇਆ ਗਿਆ, ਜਿਸ ਵਿਚ 21 ਦਸੰਬਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਗਏ ਅਤੇ 23 ਦਸੰਬਰ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਭਾਈ ਪ੍ਰਿਤਪਾਲ ਸਿੰਘ ਜੀ ਦੇ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਭਾਈ ਪੰਜਾਬ ਸਿੰਘ ਜੀ ਯੂਬਾ ਸਿਟੀ ਵਾਲੇ, ਭਾਈ ਗੁਰਨਾਮ ਸਿੰਘ ਜੀ ਭੰਡਾਲ ਯੂਬਾ ਸਿਟੀ ਵਾਲੇ, ਬੀਬੀ ਨਵਜੋਤ ਕੌਰ ਜੀ, ਬੀਬੀ ਜਸਵੰਤ ਕੌਰ ਜੀ) ਢਾਡੀ ਜਥੇ ਨੇ ਹਰਿ ਜੱਸ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਸ੍ਰੀ ਰਾਮ ਸੇਵਕ ਭਾਟੀਆ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਈ। ਭਾਈ ਗੁਰਦੀਪ ਸਿੰਘ ਹੀਰਾ ਜੀ ਨੇ ਆਪਣੀਆਂ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਸਟੇਨ ਕਲੀਵਲੈਂਡ ਸਾਬਕਾ ਮੇਅਰ ਯੂਬਾ ਸਿਟੀ ਨੇ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕੀਤੇ।

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਭੰਡਾਲ ਪਰਿਵਾਰ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਇਸ ਮਹਾਨ ਸ਼ਹੀਦੀ ਸਮਾਗਮ ਵਿਚ ਬਹੁਤ ਵੱਡੀ ਗਿਣਤੀ ਵਿਚ ਸੰਗਤਾਂ ਨੇ ਗੁਰੂ ਘਰ ਹਾਜ਼ਰੀ ਭਰੀ।

ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।


## ਮਹਾਂਰਿਸ਼ੀ ਵਾਲਮੀਕ ਸਭਾ ਯੂ.ਐਸ.ਏ. ਵੱਲੋਂ ਸਮੂਹ ਜਗਤ ਨੂੰ ਨਵਾਂ ਸਾਲ 2019 ਦੀਆਂ ਬਹੁਤ-ਬਹੁਤ ਮੁਬਾਰਕਾਂ




ਸਾਲ 2018 ਨੂੰ ਅਲਵਿਦਾ ਅਤੇ ਨਵਾਂ ਸਾਲ 2019 ਦੀ ਆਮਦ ਨੂੰ ਮੁੱਖ ਰੱਖਦਿਆਂ ਸਭਾ ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਭਗਵਾਨ ਵਾਲਮੀਕ ਮੰਦਰ ਯੂਬਾ ਸਿਟੀ ਵਿਖੇ 31 ਦਸੰਬਰ ਨੂੰ ਸ਼ਾਮ 6 ਵਜੇ ਤੋਂ ਲੈ ਕੇ ਨਵਾਂ ਸਾਲ 2019 ਦੀ ਦਸਤਕ ਤੱਕ, ਭਗਵਾਨ ਵਾਲਮੀਕ ਜੀ ਦੀ ਮਹਿਮਾ ਦਾ ਗੁਣਗਾਨ ਵੱਖ-ਵੱਖ ਕਲਾਕਾਰ ਅਤੇ ਬੁਲਾਰੇ ਨਵੇਂ ਸਾਲ ਸਬੰਧਤ ਆਪਣੇ ਵਿਚਾਰਾਂ ਦੀ ਸਾਂਝ ਪਾਉਣਗੇ।

ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਤਿਕਾਰਯੋਗ ਸਮੂਹ ਗੁਰੂ ਪਿਆਰੀ ਸੰਗਤ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਸਮੇਂ ਸਿਰ ਪਹੁੰਚ ਕੇ, ਨਵੇਂ ਸਾਲ 2019 ਦਾ ਸਵਾਗਤ ਕਰਨ ਤੱਕ ਹਾਜ਼ਰੀਆਂ ਭਰ ਕੇ, ਨਵਾਂ ਸਾਲ, ਨਵੀਆਂ ਉਮੰਗਾਂ ਨਾਲ ਪ੍ਰਵੇਸ਼ ਕਰੀਏ ਅਤੇ ਭਗਵਾਨ ਵਾਲਮੀਕ ਮੰਦਰ ਦੀ ਡਿਵੈਲਪਮੈਂਟ ਲਈ ਵੱਧ ਤੋਂ ਵੱਧ ਮਾਇਆ ਦਾ ਯੋਗਦਾਨ ਪਾਈਏ।

**ਪ੍ਰਬੰਧਕ ਕਮੇਟੀ**

ਪ੍ਰੇਮ ਸੌਂਧੀ (ਪ੍ਰਧਾਨ) 530-751-3887, ਸੰਤੋਖ ਸਿੰਘ ਗਿੱਲ (ਸੀਨੀਅਰ ਵਾਈਸ ਪ੍ਰਧਾਨ) 530-740-3056, ਕੁਲਦੀਪ ਥਾਪਰ (ਵਾਈਸ ਪ੍ਰਧਾਨ) 530-300-0522, ਜਸਪਾਲ ਮਾਲੜੀ (ਜਨਰਲ ਸਕੱਤਰ) 530-441-9124, ਵਿਸ਼ਾਲ ਸ਼ਰਬਤੀ (ਸਕੱਤਰ) 530-933-5915, ਬਲਵੀਰ ਧਾਲੀਵਾਲ (ਵਾਈਸ ਸਕੱਤਰ) 916-243-9017, ਗੁਰਪਾਲ ਸਿੰਘ (ਚੇਅਰਮੈਨ) 916-873-0311, ਪਲਵਿੰਦਰ ਸਿੰਘ ਸਹੋਤਾ (ਸੀਨੀਅਰ ਵਾਈਸ ਚੇਅਰਮੈਨ 530-301-0657, ਅਵਿਨਾਸ਼ ਸੌਂਧੀ (ਵਾਈਸ ਚੇਅਰਮੈਨ), ਵਿਨੋਦ ਗਿੱਲ (ਖਜਾਨਚੀ) 530-218-3969, ਬਲਵੀਰ ਥਾਪਰ (ਖਜਾਨਚੀ) 916-607-4650, ਵਰੁਨ ਗਿੱਲ (ਖਜਾਨਚੀ) 530-713-0151, ਨਰਿੰਦਰ ਕੁਮਾਰ ਗਿੱਲ (ਚੀਫ ਆਰਗੇਨਾਈਜਰ) 530-671-4039

**ਮਹਾਰਿਸ਼ੀ ਵਾਲਮੀਕ ਟੈਂਪਲ , 84/86 ਪਰਸੀ ਐਵਨਿਉ, ਯੂਬਾ ਸਿਟੀ, ਕੈਲੇਫੋਰਨੀਆ 95991 Phone 530-777-9385**




# ARE YOU READY TO BE A FIRST TIME HOME BUYER, CALL NOW!

ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404




5 Bed Rooms, 2.5 Full Baths
2108 sq. ft.
Listing Price: $ 339,000




4 Bed Rooms, 2 Full Baths
1,596 sq ft
Lot size: 6,098
Listing Price: $279,900




3 Bed Rooms / 2 Full Baths
Sqft 1596
lot size 6078
Listing Price: $279,000




4 Bed Rooms, Bath Rooms 3.5
Sq Ft: 2612
Lot Sz: 0.8425ac*
Listing Price $609,900




4 Bed Rooms, 2 Bath Rooms
Sq Ft: 1608
Lot Sz: 9148sqft
Listing Price: $299,000




3-4 Bed Rooms, 2.0 Full Baths
1,492 sq ft
Lot size: 6,469
Listing Price: $299,000




5 Bed Rooms, 2.5 Full Baths
2,504 sq ft
Lot size: 6,574
Listing Price: $399,000




Beer & Wine
Store for Sale in Sacramento
Monthly Gross: $65K Month
Listing Price $299,000




Liquor Store
Store for Sale in Santa Clara
Monthly Gross: $90K Month
Listing Price $649,000




3 Bed Rooms, 1 Full Bath
1037 sq ft Lot size: 6098
Listing Price; $299,000
Close to UC Davis Medical Center




Indian Restaurant
for Sale in Sacramento
Listing Price: 134,000




BERKSHIRE HATHAWAY
Home Services
BH HS BERKSHIRE HATHAWAY HOMESERVICES

## Buying or Selling Hotels and Gas Stations? Call Now- 916-271-5404

## OFFICE: 7412 ELSIE AVE., SACRAMENTO, CA 95828

# ਸ਼੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਸਾਹਿਬਜਾਦਿਆਂ ਦੀ ਸ਼ਹੀਦਤ ਨੂੰ ਯਾਦ ਕੀਤਾ












Pittsburg- On December 23, 2018, Sukhmani Sahib Path and Ardaas was done on the Barsi of Shri Guru Gobind Singh Ji's four Sahibzadey; Baba Ajit Singh, Baba Jujhar Singh, Baba Zorawar Singh and Baba Fateh Singh. In this gloomy month, these young brave Sikhs sacrificed their lives along with their grandmother for Sikhism. Ragi Jathas of Giani Gurnam Singh & Giani Ompla Singh, Bhai Khem Singh, Bhai Anoop Singh Cheema and a group of young devotees; Gurpreet Singh, Rayman, Lovleen Kaur and Kashika delighted Sangat with Shabad Kirtan.

# ਭਗਵਾਨ ਵਾਲਮੀਕ ਮੰਦਰ ਯੂਬਾ ਸਿਟੀ ਵਿਖੇ ਮਨਾਇਆ ਜਾਵੇਗਾ ਨਵਾਂ ਸਾਲ



**ਯੂਬਾ ਸਿਟੀ (ਦੇਸ਼ ਦੁਆਬਾ ਬਿਊਰੋ)–** ਲੰਘੇ ਐਤਵਾਰ ਭਗਵਾਨ ਵਾਲਮੀਕ ਮੰਦਰ ਯੂਬਾ ਸਿਟੀ (ਕੈਲੇਫੋਰਨੀਆ) ਵਿਖੇ ਨਾਰਮਲ ਹਫਤਾਵਾਰੀ ਪ੍ਰੋਗਰਾਮ ਦੀ ਤਰ੍ਹਾਂ ਇਸ ਹਫਤੇ ਵੀ ਪ੍ਰੋਗਰਾਮ ਹੋਇਆ, ਜਿਸ ਦੌਰਾਨ ਨਾਮਵਰ ਗਾਇਕ ਸ਼ੌਂਕੀ ਨੇ ਧਾਰਮਿਕ ਗੀਤਾਂ ਨਾਲ ਹਾਜ਼ਰੀ ਲਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਅੱਜ ਦੇ ਪ੍ਰੋਗਰਾਮ ਦੀ ਵਿਸ਼ੇਸ਼ਤਾ ਇਹ ਰਹੀ ਕਿ 2018 ਨੂੰ ਅਲਵਿਦਾ ਅਤੇ 2019 ਨਵਾਂ ਸਾਲ ਨੂੰ ਮੰਦਰ ਵਿਖੇ ਜੀ ਆਇਆਂ ਨੂੰ ਕਿਵੇਂ ਪ੍ਰਭਾਵਸ਼ਾਲੀ ਬਣਾਇਆ ਜਾ ਸਕੇ, ਪ੍ਰਤੀ ਵਿਚਾਰਾਂ ਹੋਈਆਂ। ਇਸ ਦੇ ਨਾਲ ਹੀ ਪ੍ਰਧਾਨ ਸ੍ਰੀ ਪ੍ਰੇਮ ਸੌਂਧੀ, ਵਾਈਸ ਪ੍ਰਧਾਨ ਸ੍ਰੀ ਸੰਤੋਖ ਸਿੰਘ ਗਿੱਲ ਨੇ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤ ਨੂੰ ਸਨਿਮਰ ਬੇਨਤੀ ਕੀਤੀ ਕਿ ਮੰਦਰ ਦੀ ਡਿਵੈਲਪਮੈਂਟ ਲਈ ਆਪ ਅਤੇ ਹੋਰਾਂ ਨੂੰ ਪ੍ਰੇਰਿਤ ਕਰਕੇ ਵੱਧ ਤੋਂ ਵੱਧ ਮਾਇਆ ਦਾ ਯੋਗਦਾਨ ਪਾਇਆ ਜਾਵੇ ਤਾਂ ਕਿ ਉਲੀਕੇ ਹੋਏ ਕੰਮਾਂ ਨੂੰ ਨੇਪਰੇ ਚੜ੍ਹਾਇਆ ਜਾ ਸਕੇ। ਇਹ ਸਭ ਆਪ ਜੀ ਦੇ ਸਹਿਯੋਗ ਸਦਕਾ ਹੀ ਸੰਭਵ ਹੈ, ਤੇ ਪਹਿਲਾਂ ਵੀ ਤੁਹਾਡੇ ਸਹਿਯੋਗ ਨਾਲ ਮੰਦਰ ਬਣਿਆ ਹੈ ਅਤੇ ਉਹਨਾਂ ਨੂੰ ਹੋਰ ਅਤੀ ਸੁੰਦਰ ਬਣਾਉਣਾ ਸਾਡਾ ਸਭ ਦਾ ਫਰਜ਼ ਹੈ।








# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

**NEW & USED TIRES**

**WASH, LUBE, BRAKES**

Call: 530-824-5134

LUCAS OIL LUCAS INJECTOR CLEANER $28.99

Call: 650-642-0697

**3525 Highway 99, West Corning, CA 96021**

Across the Street from TA Truck Stop





# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# ਸੰਵਿਧਾਨ ਪ੍ਰਤੀ ਡਾ.ਅੰਬੇਡਕਰ ਦੇ ਸ਼ੰਕੇ, ਇਛਿਆਵਾਂ ਅਤੇ ਨਵਿਰਤੀਆਂ



- ਫਤਿਹਜੰਗ ਸਿੰਘ
9872670278

ਬਾਬਾ ਸਾਹਿਬ ਡਾ. ਅੰਬੇਡਕਰ ਦੁਨੀਆਂ ਭਰ ਦੀ ਉੱਚ ਦਰਜੇ ਦੀ ਰਾਜਨੀਤਿਕ, ਸਮਾਜਿਕ, ਵਿਦਿਅਕ, ਆਰਥਿਕ ਆਦਿ ਹਰ ਪ੍ਰਕਾਰ ਦੀ ਡੂੰਘੀ ਜਾਣਕਾਰੀ ਹਾਸਲ ਕਰਕੇ ਆਪਣਾ ਜਾਂ ਆਪਣੇ ਘਰ ਪਰਿਵਾਰ ਦਾ ਪੇਟ ਪਾਲਣ ਦੀ ਬਜਾਏ ਉਹਨਾਂ ਲੋਕਾਂ ਨੂੰ ਸਮਰਪਿਤ ਹੋਏ, ਜਿਹਨਾਂ ਨੂੰ ਸਦੀਆਂ ਤੋਂ ਇਹ ਸਮਾਜ ਮਨੁੱਖ ਮੰਨਣ ਤੋਂ ਹੀ ਇਨਕਾਰੀ ਸੀ। ਪਸ਼ੂਆਂ ਸਮਾਨ ਜੀਵਨ ਬਤੀਤ ਕਰਨ ਵਾਲੇ ਇਨ੍ਹਾਂ 'ਇਨਸਾਨਾਂ' ਨੂੰ ਇਨਸਾਨਾਂ ਦਾ ਦਰਜਾ ਦਿਵਾਉਣ ਲਈ ਹੀ ਬਾਬਾ ਸਾਹਿਬ ਨੇ ਆਪਣੀ ਸਾਰੀ ਯੋਗਤਾ, ਸਾਰਾ ਜੀਵਨ, ਸਾਰੀ ਨੀਂਦ, ਸਾਰਾ ਆਰਾਮ, ਸਾਰਾ ਖਾਣਾ-ਪੀਣਾ ਲੇਖੇ ਲਾ ਦਿੱਤਾ। ਇੰਨੀ ਕੁਰਬਾਨੀ, ਸਖ਼ਤ ਮਿਹਨਤ, ਵਫ਼ਾਦਾਰੀ ਤੇ ਤਿਆਗ ਨਾਲ ਕੀਤੇ ਉਹਨਾਂ ਦੇ ਸੰਘਰਸ਼ ਸਦਕਾ ਹੀ ਉਹ ਇੰਨੇ ਵੱਡੇ ਸਮਾਜ ਲਈ ਅਣਗਿਣਤ ਵਿਰੋਧਤਾਵਾਂ, ਔਕੜਾਂ ਦੇ ਬਾਵਜੂਦ ਵੀ ਬਹੁਤ ਕੁਝ ਕਰ ਗਏ ਪਰ ਤ੍ਰਾਸਦੀ ਇਹ ਹੈ ਕਿ ਆਉਣ ਵਾਲੀਆਂ ਪੀੜ੍ਹੀਆਂ ਉਸ ਤੋਂ ਪੂਰੀ ਤਰ੍ਹਾਂ ਲਾਭ ਉਠਾਉਣ ਦੇ ਯੋਗ ਵੀ ਨਹੀਂ ਬਣ ਰਹੀਆਂ। ਇਸਦਾ ਕੀ ਕਾਰਨ ਹੈ ਇਹ ਇਕ ਗੰਭੀਰ ਸਵਾਲ ਸੋਚ ਵਿਚਾਰ ਲਈ ਖੜ੍ਹਾ ਹੈ।

ਬਾਬਾ ਸਾਹਿਬ ਦੇ ਸੰਘਰਸ਼ ਦਾ ਇਕ ਮਹੱਤਵਪੂਰਨ ਪਹਿਲੂ ਇਹ ਰਿਹਾ ਕਿ ਉਹ ਆਪਣੇ ਸੰਘਰਸ਼ ਸਦਕਾ ਦੇਸ਼ ਦੇ ਸੰਵਿਧਾਨ ਨਿਰਮਾਣ ਕਾਰਜ ਦਾ ਅੰਗ ਬਣਨ ਦੀ ਸਥਿਤੀ ਤੱਕ ਪਹੁੰਚੇ ਅਤੇ ਫਿਰ ਇਸ ਵਿਚ ਇਕ ਮਹੱਤਵਪੂਰਨ ਭੂਮਿਕਾ ਨਿਭਾਉਣ ਵਿਚ ਸਫਲਤਾ ਪ੍ਰਾਪਤ ਕੀਤੀ। ਇਹੀ ਉਹ ਮੌਕਾ ਸੀ ਜਦੋਂ ਉਹ ਸਦੀਆਂ ਤੋਂ ਨਪੀੜੇ ਸਮਾਜ ਲਈ ਕੁਝ ਠੋਸ ਰੂਪ ਵਿਚ ਕਰ ਸਕਣ ਦੇ ਸਮਰੱਥ ਬਣੇ। ਅੱਜ ਭਾਵੇਂ ਸੀਮਤ ਹੀ ਸਹੀ ਪਰ ਜੇ ਇਸ ਨਿਮਾਣੇ ਤੇ ਨਿਤਾਣੇ ਸਮਾਜ ਦੇ ਕੁਝ ਲੋਕ ਉੱਚੀਆਂ ਡਿਗਰੀਆਂ ਲੈ ਕੇ ਉੱਚੇ-ਉੱਚੇ ਅਹੁਦਿਆਂ 'ਤੇ ਬਿਰਾਜਮਾਨ ਹੋਣ ਦੇ ਕਾਬਲ ਬਣੇ, ਝੁੱਗੀਆਂ-ਫੁਟਪਾਥਾਂ ਤੋਂ ਉਠ ਕੇ ਕੋਠੀਆਂ-ਕਾਰਾਂ ਦੇ ਮਾਲਕ ਬਣੇ ਤਾਂ ਇਸ ਪਿੱਛੇ ਬਾਬਾ ਸਾਹਿਬ ਦੇ ਸੰਘਰਸ਼ ਨੂੰ ਭਲੀ-ਭਾਂਤ ਮਹਿਸੂਸ ਕੀਤਾ ਜਾ ਸਕਦਾ ਹੈ। ਪਰ ਕਿੰਨੇ ਕੁ ਮਹਿਸੂਸ ਕਰਦੇ ਹਨ ਇਹ ਇਕ ਚਿੰਤਾ ਦਾ ਵਿਸ਼ਾ ਹੈ। ਲਾਭ ਉਠਾਉਣ ਵਾਲਿਆਂ ਵਿਚ ਅੱਜ ਵੀ ਬਹੁਤੇ ਉਹ ਹਨ ਜੋ ਆਪਣੀ ਇਸ ਤਰੱਕੀ ਦਾ ਸਿਹਰਾ ਧਾਰਮਿਕ ਸਥਾਨਾਂ 'ਤੇ ਜਾ ਕੇ ਕਿਸੇ ਦੇਵੀ ਦੇਵਤੇ ਜਾਂ ਕਬਰ ਦੇ ਕਿਸੇ ਪੀਰ ਫਕੀਰ ਨੂੰ ਹੀ ਦਿੰਦੇ ਹਨ। ਹਾਲਾਂਕਿ ਜੁਗਾਂ ਤੋਂ ਇਹ ਦੇਵੀ ਦੇਵਤੇ ਅਤੇ ਪੀਰ ਫਕੀਰ ਇੱਥੇ ਹੀ ਸਨ ਤੇ ਉਹਨਾਂ ਦੇ ਹੁੰਦਿਆਂ ਸਮਾਜ ਦੀ ਭਿਆਨਕ ਹਾਲਤ ਵਿਚ ਕੋਈ ਫਰਕ ਨਹੀਂ ਪਇਆ। ਕੁਝ ਕੁ ਹੀ ਅਜਿਹੇ ਮਹਾਂਪੁਰਖ, ਗੁਰੂ, ਸੰਤ ਹੋਏ ਹਨ, ਜਿਹਨਾਂ ਨੇ ਇਸ ਸਮਾਜ ਦੀ ਸਥਿਤੀ ਸਮਝਣ ਦਾ ਯਤਨ ਕੀਤਾ ਅਤੇ ਉਪਰਾਲੇ ਕੀਤੇ।

ਸੰਵਿਧਾਨ ਨਿਰਮਾਣ ਦਾ ਕੰਮ ਬਾਬਾ ਸਾਹਿਬ ਨੇ ਬੜੀ ਜ਼ਿੰਮੇਵਾਰੀ ਨਾਲ ਨਿਭਾਇਆ। ਇਸ ਕਾਰਜ ਲਈ ਭਾਵੇਂ ਖਰੜਾ ਕਮੇਟੀ ਵੀ ਬਣਾਈ ਗਈ ਸੀ ਪਰ ਇਕ ਕਾਰਨ ਜਾਂ ਦੂਜਾ ਕਾਰਨ ਪੈਦਾ ਹੋਣ ਕਰਕੇ ਅਖੀਰ ਬਹੁਤੀ ਜ਼ਿੰਮੇਵਾਰੀ ਬਾਬਾ ਸਾਹਿਬ 'ਤੇ ਹੀ ਆਣ ਪਈ। ਸਿਹਤ ਠੀਕ ਨਾ ਹੋਣ ਦੇ ਬਾਵਜੂਦ ਉਹਨਾਂ ਨੇ ਲਗਾਤਾਰ ਦਿਨ-ਰਾਤ ਇਕ ਕਰਕੇ ਇਸ ਜ਼ਿੰਮੇਵਾਰੀ ਨੂੰ ਬਖ਼ੂਬੀ ਨਿਭਾਇਆ ਅਤੇ ਇਸ ਕਾਰਜ ਨੂੰ ਦੋ ਸਾਲ 11 ਮਹੀਨੇ 17 ਦਿਨਾਂ ਦੇ ਸਮੇਂ ਵਿਚ ਪੂਰਾ ਕਰ ਦਿੱਤਾ। ਸੰਵਿਧਾਨ ਸਭਾ ਦੇ ਕੁੱਲ 11 ਸੈਸ਼ਨ (ਬੈਠਕਾਂ) ਹੋਏ, ਜਿਹਨਾਂ ਵਿਚ 395 ਧਾਰਾਵਾਂ ਅਤੇ 8 ਅਨੁਸੂਚੀਆਂ ਵਾਲਾ ਵਿਸ਼ਾਲ ਸੰਵਿਧਾਨ ਤਿਆਰ ਕੀਤਾ ਗਿਆ। ਦੁਨੀਆਂ ਦੇ ਮੁੱਖ ਦੇਸ਼ਾਂ ਦੇ ਸੰਵਿਧਾਨ ਨਿਰਮਾਣ ਦੀ ਤੁਲਨਾ ਵਿਚ ਇਹ ਸਮਾਂ ਕਿਸੇ ਵੀ ਦੇਸ਼ ਨਾਲੋਂ ਘੱਟ ਸੀ ਪਰ ਫਿਰ ਵੀ ਸੰਵਿਧਾਨ ਸਭਾ ਦੇ ਕਈ ਮੈਂਬਰਾਂ ਵੱਲੋਂ ਜ਼ਿਆਦਾ ਸਮਾਂ ਲੈਣ, ਸੁਸਤ ਅਤੇ ਭਟਕੀ ਹੋਈ ਸਭਾ ਆਦਿ ਵਰਗੀਆਂ ਟਿੱਪਣੀਆਂ ਕੀਤੀਆਂ ਗਈਆਂ, ਜਿਹਨਾਂ ਦਾ ਜਵਾਬ ਬਾਬਾ ਸਾਹਿਬ ਵੱਲੋਂ ਆਪਣੇ ਅਖੀਰਲੇ ਭਾਸ਼ਣ ਵਿਚ ਬਾਦਲੀਲ ਦਿੱਤਾ ਗਿਆ ਜੋ ਉਹਨਾਂ ਨੇ 25 ਨਵੰਬਰ 1949 ਨੂੰ ਸੰਵਿਧਾਨ ਸਭਾ ਵਿਚ ਦਿੱਤਾ ਸੀ। ਉਂਝ ਕੁੱਲ ਮਿਲਾ ਕੇ ਬਾਬਾ ਸਾਹਿਬ ਦੇ ਕੰਮ ਦੀ ਸਰਾਹਣਾ ਕੀਤੀ ਗਈ ਸੀ ਅਤੇ ਉਹਨਾਂ ਨੂੰ ਵਧਾਈਆਂ ਵੀ ਦਿੱਤੀਆਂ ਗਈਆਂ।

ਬਾਬਾ ਸਾਹਿਬ ਨੇ ਆਪਣੇ ਇਸ ਇਤਿਹਾਸਕ ਭਾਸ਼ਣ ਵਿਚ ਕਈ ਬਹੁਤ ਹੀ ਮਹੱਤਵਪੂਰਨ ਨੁਕਤੇ ਉਠਾਏ ਹਨ ਅਤੇ ਕੁਝ ਭਵਿੱਖ ਲਈ ਸ਼ੰਕੇ ਜ਼ਾਹਿਰ ਕੀਤੇ ਹਨ, ਜਿਹਨਾਂ ਦੀ ਮਹੱਤਤਾ ਅੱਜ ਦੇ ਸੰਦਰਭ ਵਿਚ ਹੋਰ ਵੀ ਜ਼ਿਆਦਾ ਵੱਧ ਗਈ ਜਾਪਦੀ ਹੈ ਅਤੇ ਉਹ ਸੱਚ ਸਾਬਤ ਹੁੰਦੇ ਜਾ ਰਹੇ ਹਨ। ਆਓ ਇਹਨਾਂ ਨੂੰ ਇਕ-ਇਕ ਕਰਕੇ ਵਾਚਦੇ ਹਾਂ।

ਇਹਨਾਂ ਵਿਚੋਂ ਇਕ ਗੱਲ ਜੋ ਬਾਬਾ ਸਾਹਿਬ ਨੇ ਆਖੀ ਉਹ ਇਹ ਸੀ ਕਿ ''ਸੰਵਿਧਾਨ ਭਾਵੇਂ ਕਿੰਨਾ ਵੀ ਚੰਗਾ ਹੋਵੇ ਪਰ ਜੇ ਉਸਨੂੰ ਲਾਗੂ ਕਰਨ ਵਾਲੇ ਲੋਕ ਬੁਰੇ ਹਨ ਤਾਂ ਉਹ ਬਿਨਾਂ ਸ਼ੱਕ ਬੁਰਾ ਹੋ ਜਾਂਦਾ ਹੈ ਅਤੇ ਜੇ ਸੰਵਿਧਾਨ ਜਿਸ ਤਰਾਂ ਦਾ ਵੀ ਮਰਜ਼ੀ ਬੁਰਾ ਹੋਵੇ ਪਰ ਇਸਨੂੰ ਲਾਗੂ ਕਰਨ ਵਾਲੇ ਚੰਗੇ ਹੋਣ ਤਾਂ ਉਹ ਸੰਵਿਧਾਨ ਚੰਗਾ ਬਣ ਜਾਂਦਾ ਹੈ।'' ਸਾਡਾ ਇਹ ਸੰਵਿਧਾਨ ਭਾਵੇਂ ਕੱਟੜ ਹਿੰਦੂਵਾਦੀ ਸੋਚ ਕਾਰਨ ਪੂਰੇ ਦਾ ਪੂਰਾ ਬਾਬਾ ਸਾਹਿਬ ਦੀ ਮਰਜ਼ੀ ਦਾ ਨਹੀਂ ਸੀ ਬਣ ਸਕਿਆ ਪਰ ਫਿਰ ਵੀ ਕਾਫ਼ੀ ਕੁਝ ਉਹਨਾਂ ਦੀ ਸੋਚ ਅਨੁਸਾਰ ਹੈ। ਬਾਅਦ ਵਿਚ ਵੀ ਉਸੇ ਕੱਟੜਵਾਦੀ ਹਿੰਦੂ ਸੋਚ ਵੱਲੋਂ ਇਸਨੂੰ ਬਦਲਣ ਲਈ ਕਈ ਗੁੱਝੇ ਹਮਲੇ ਹੋ ਚੁੱਕੇ ਹਨ ਅਤੇ ਹੋਰ ਵੀ ਰਹੇ ਹਨ। ਇਸ ਸੋਚ ਦੇ ਮਾਲਕ ਨਹੀਂ ਚਾਹੁੰਦੇ ਕਿ ਇਹਨਾਂ ਸਦੀਆਂ ਦੇ ਦੱਬੇ-ਕੁਚਲਿਆਂ ਨੂੰ ਕੋਈ ਸੁਖ ਦਾ ਸਾਹ ਆਵੇ। ਅੱਜ ਸੰਵਿਧਾਨ ਵਿਚ ਮਿਲੀ ਮੁਢਲੇ ਅਧਿਕਾਰਾਂ ਦੀ ਆਜ਼ਾਦੀ ਦੇ ਪਰਖੱਚੇ ਉਡਾਏ ਜਾ ਰਹੇ ਹਨ। ਕਿਹੜਾ ਧਰਮ ਕਿਵੇਂ ਅਪਣਾਉਣਾ ਹੈ, ਕੀ ਖਾਣਾ ਹੈ, ਕੀ ਨਹੀਂ ਖਾਣਾ, ਕੀ ਧੰਦਾ ਅਪਣਾਉਣਾ ਹੈ, ਕੀ ਲਿਖਣਾ ਹੈ, ਕੀ ਪ੍ਰਚਾਰ ਕਰਨਾ ਹੈ, ਕਿਹੜੇ ਵਿਸ਼ੇ 'ਤੇ ਫਿਲਮ ਜਾਂ ਟੀ. ਵੀ. ਨਾਟਕ ਬਣਾਉਣੇ ਹਨ ਆਦਿ ਸਭ ਇਕ ਸੋਚ ਅਨੁਸਾਰ ਜ਼ਬਰਦਸਤੀ ਕਰਵਾਇਆ ਜਾ ਰਿਹਾ ਹੈ। ਰਾਜਨੀਤਿਕ ਆਗੂ, ਅਫ਼ਸਰਸ਼ਾਹੀ, ਧਾਰਮਿਕ ਆਗੂ ਜਾਂ ਵਪਾਰੀ ਜਿਸਦਾ ਵੀ ਦਾਅ ਲੱਗਦਾ ਹੈ, ਲੁੱਟ-ਖਸੁੱਟ ਕਰੀ ਜਾ ਰਹੇ ਹਨ। ਨਤੀਜੇ ਦੇ ਤੌਰ 'ਤੇ ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਭੁੱਖਮਰੀ, ਲਾਚਾਰੀ, ਨਸ਼ਿਆਂ ਦਾ ਜ਼ੋਰ, ਬਿਮਾਰੀ, ਲੁੱਟ-ਖਸੁੱਟ, ਅਸ਼ਾਂਤੀ ਆਦਿ ਖੂਬ ਵੱਧ ਫੁੱਲ ਰਹੇ ਹਨ। ਇਹ ਗਹਿਰੀ ਚਿੰਤਾ ਦਾ ਵਿਸ਼ਾ ਹੈ।



ਦੂਜੀ ਗੱਲ, ਬਾਬਾ ਸਾਹਿਬ ਇਕ ਸ਼ੱਕ ਪ੍ਰਗਟ ਕਰਦੇ ਹਨ ਕਿ ਭਾਰਤ ਆਜ਼ਾਦ ਤਾਂ ਹੋ ਗਿਆ ਪਰ ਕੀ ਇਹ ਆਪਣੀ ਆਜ਼ਾਦੀ ਕਾਇਮ ਰੱਖ ਸਕੇਗਾ? ਇਤਿਹਾਸ ਦੀਆਂ ਕਿੰਨੀਆਂ ਹੀ ਉਦਾਹਰਣਾਂ ਦੇ ਕੇ ਉਹ ਦੱਸਦੇ ਹਨ ਕਿ ਗਦਾਰੀਆਂ ਕਾਰਨ ਭਾਰਤ ਦੀ ਆਜ਼ਾਦੀ ਖੁੱਸਦੀ ਰਹੀ ਹੈ। ਗੱਦਾਰਾਂ ਦੀ ਅੱਜ ਵੀ ਘਾਟ ਨਹੀਂ ਹੈ। ਅੱਜ ਉਹ ਨਵੇਂ-ਨਵੇਂ ਰੂਪਾਂ ਵਿਚ ਦੇਸ਼ ਦੀ ਆਜ਼ਾਦੀ ਨੂੰ ਦਰਪੇਸ਼ ਖ਼ਤਰੇ ਦਾ ਕਾਰਨ ਬਣਦੇ ਨਜ਼ਰ ਆ ਰਹੇ ਹਨ। ਜਾਤੀ, ਧਰਮ ਅਤੇ ਰੂੜ੍ਹੀਵਾਦ ਦੇ ਰੂਪ ਵਿਚ ਕਈ ਰਾਜਨੀਤਿਕ ਦਲ ਸਾਹਮਣੇ ਆ ਰਹੇ ਹਨ। ਦੇਸ਼ ਦੀ ਆਜ਼ਾਦੀ ਇਸ 'ਤੇ ਨਿਰਭਰ ਕਰਦੀ ਹੈ ਕਿ ਭਾਰਤੀ ਲੋਕ ਰੂੜ੍ਹੀਵਾਦ ਨੂੰ ਪਹਿਲ ਦੇਣਗੇ ਜਾਂ ਕਿ ਦੇਸ਼ ਨੂੰ। ਰੂੜ੍ਹੀਵਾਦ ਨੂੰ ਪਹਿਲ ਦੇਣ ਨਾਲ ਸਾਡੀ ਆਜ਼ਾਦੀ ਖ਼ਤਰੇ ਵਿਚ ਪੈ ਜਾਵੇਗੀ ਤੇ ਸ਼ਾਇਦ ਹਮੇਸ਼ਾ ਲਈ ਨਾ ਖੁਸ ਜਾਵੇ, ਅਜਿਹਾ ਸ਼ੰਕਾ ਬਾਬਾ ਸਾਹਿਬ ਨੇ ਪ੍ਰਗਟ ਕੀਤਾ ਹੈ। ਬਾਬਾ ਸਾਹਿਬ ਦਾ ਸ਼ੰਕਾ ਸਹੀ ਸਾਬਤ ਹੁੰਦਾ ਜਾ ਰਿਹਾ ਹੈ। ਅੱਜ ਅਸੀਂ ਉਸੇ ਕਗਾਰ 'ਤੇ ਖੜ੍ਹੇ ਹਾਂ। ਹਰ ਥਾਂ 'ਤੇ ਰੂੜ੍ਹੀਵਾਦ ਦਾ ਬੋਲਬਾਲਾ ਹੈ ਜੋ ਦੇਸ਼ ਉੱਤੇ ਦਿਨ ਪ੍ਰਤੀ ਦਿਨ ਕਬਜ਼ਾ ਕਰਦਾ ਜਾ ਰਿਹਾ ਹੈ। ਇਤਿਹਾਸ ਨੂੰ ਪੁੱਠਾ ਗੇੜਾ ਦਿੱਤਾ ਜਾ ਰਿਹਾ ਹੈ। ਇਹੋ ਜਿਹੇ ਸੰਕਟ ਨੂੰ ਬਾਬਾ ਸਾਹਿਬ ਨੇ ਬਹੁਤ ਗੰਭੀਰ ਮੰਨਦਿਆਂ ਹੋਇਆਂ ਆਖਿਆ ਸੀ ਕਿ 'ਆਪਣੇ ਲਹੂ ਦੀਆਂ ਆਖਰੀ ਬੂੰਦਾਂ ਨਾਲ ਆਪਣੀ ਆਜ਼ਾਦੀ ਦੀ ਰਾਖੀ ਕਰਨ ਦੇ ਲਈ ਸਾਨੂੰ ਦ੍ਰਿੜ੍ਹ ਸੰਕਲਪ ਲੈਣਾ ਚਾਹੀਦਾ ਹੈ।'' ਅੱਜ ਇਹ ਗੰਭੀਰਤਾ ਨਾਲ ਸੋਚਣ ਦਾ ਵਿਸ਼ਾ ਹੈ ਕਿ ਕੀ ਅਸੀਂ ਰੂੜ੍ਹੀਵਾਦ ਦੇ ਖ਼ਤਰੇ ਪ੍ਰਤੀ ਇਸ ਹੱਦ ਤੱਕ ਸੁਚੇਤ ਹਾਂ? ਬਿਲਕੁਲ ਨਹੀਂ ਹਾਂ। ਤਾਂ ਸਾਵਧਾਨ! ਸਾਡੀ ਆਜ਼ਾਦੀ, ਸਾਡੇ ਮੁਢਲੇ ਅਧਿਕਾਰ, ਸਾਡੀ ਤਰੱਕੀ, ਮਨੁੱਖ ਹੋਣ ਦਾ ਅਹਿਸਾਸ ਸਭ ਖ਼ਤਰੇ ਵਿਚ ਹਨ।

ਬਾਬਾ ਸਾਹਿਬ ਇਕ ਹੋਰ ਬੜੀ ਮਹੱਤਵਪੂਰਨ ਗੱਲ ਇਹ ਆਖਦੇ ਹਨ ਕਿ ''ਅਸੀਂ ਜੋ ਆਜ਼ਾਦੀ ਪ੍ਰਾਪਤ ਕੀਤੀ ਹੈ ਅਤੇ ਲੋਕਤੰਤਰ ਅਪਣਾਇਆ ਹੈ, ਇਸ ਵਿਚ ਸਰਕਾਰ ਜਨਤਾ ਦੀ, ਜਨਤਾ ਲਈ, ਜਨਤਾ ਰਾਹੀਂ ਹੋਣੀ ਚਾਹੀਦੀ ਹੈ।'' ਪਰ ਕੀ ਅੱਜ ਅਜਿਹਾ ਹੋ ਰਿਹਾ ਹੈ? ਨਹੀਂ। ਅੱਜ ਤੱਕ ਜਿੰਨੀਆਂ ਵੀ ਸਰਕਾਰਾਂ ਬਣੀਆਂ ਹਨ, ਉਹ ਭਾਵੇਂ ਚੁਣੀਆਂ ਤਾਂ ਜਨਤਾ ਰਾਹੀਂ ਗਈਆਂ ਹਨ ਪਰ ਸਮਾਜਿਕ ਤੇ ਰਾਜਨੀਤਿਕ ਢਾਂਚਾ ਇਹੋ ਜਿਹਾ ਬਣਾ ਦਿੱਤਾ ਗਿਆ ਹੈ ਕਿ ਜਨਤਾ ਨੂੰ ਸਬਜਬਾਗ ਦਿਖਾ ਕੇ ਝੂਠੇ ਪ੍ਰਚਾਰ ਨਾਲ ਗੁੰਮਰਾਹ ਕਰਕੇ ਅਜਿਹੀ ਸਰਕਾਰ ਚੁਣੀ ਜਾਂਦੀ ਹੈ ਜੋ ਜਨਤਾ ਲਈ ਕਤਈ ਕੰਮ ਨਹੀਂ ਕਰਦੀ। ਜੇ ਕੋਈ ਸਰਕਾਰ ਅਸਲ ਅਰਥਾਂ ਵਿਚ ਜਨਤਾ ਲਈ ਚੁਣੀ ਹੁੰਦੀ ਤਾਂ ਅੱਜ ਸੱਤ ਦਹਾਕਿਆਂ ਬਾਅਦ ਵੀ ਦੇਸ਼ ਦੀ ਜਨਤਾ ਇੰਨੀ ਗਰੀਬੀ, ਭੁੱਖਮਰੀ, ਭ੍ਰਿਸ਼ਟਾਚਾਰ, ਬੇਰੁਜ਼ਗਾਰੀ ਨਾਲ ਨਾ ਕਰਾਹ ਰਹੀ ਹੁੰਦੀ। ਜਨਤਾ ਕੋਲੋਂ ਟੈਕਸਾਂ ਰਾਹੀਂ ਇਕੱਠਾ ਕੀਤਾ ਪੈਸਾ ਜਨਤਾ ਦੀ ਭਲਾਈ 'ਤੇ ਖਰਚ ਹੋਣਾ ਸੀ ਨਾ ਕਿ ਫਜ਼ੂਲ ਦੇ ਤਿੱਥ-ਤਿਉਹਾਰ, ਯਾਤਰਾਵਾਂ, ਜਨਮ ਦਿਨ ਤੇ ਹੋਰ ਧਾਰਮਿਕ ਅਕੀਦਿਆਂ 'ਤੇ ਪੈਸਾ ਪਾਣੀ ਵਾਂਗ ਵਹਾਇਆ ਜਾਂਦਾ। ਬਾਬਾ ਸਾਹਿਬ ਸ਼ੰਕਾ ਪ੍ਰਗਟ ਕਰਦੇ ਹਨ ਕਿ ਕੀ ਦੇਸ਼ ਇਸ ਲੋਕਤੰਤਰੀ ਸੰਵਿਧਾਨ ਦੀ ਰਾਖੀ ਕਰ ਸਕੇਗਾ? ਕਿਤੇ ਇੰਝ ਤਾਂ ਨਹੀਂ ਹੋਵੇਗਾ ਕਿ ਉਪਰਲਾ ਰੂਪ ਲੋਕਤੰਤਰ ਦਾ ਹੀ ਰੱਖਿਆ ਜਾਵੇ ਪਰ ਵਿਚੋਂ ਆਪਣੀ ਤਾਨਾਸ਼ਾਹੀ ਦੀ ਸਥਾਪਤੀ ਕਰ ਦਿੱਤੀ ਜਾਵੇ? ਇਸਦੀ ਸੰਭਾਵਨਾ ਵਧੇਰੇ ਹੈ। ਬਾਬਾ ਸਾਹਿਬ ਦੀ ਇਹ ਭਵਿੱਖਬਾਣੀ ਕਿੰਨੀ ਸੱਚੀ ਸਾਬਤ ਹੋ ਰਹੀ ਹੈ। ਅੱਜ ਦਲਿਤਾਂ ਨੂੰ ਕੋਈ ਕੰਮ ਕਰਨ ਜਾਂ ਨਾ ਕਰਨ ਤੋਂ ਕੁੱਟਮਾਰ ਕਰਕੇ ਜ਼ਬਰਦਸਤੀ ਰੋਕਿਆ ਜਾਂ ਕਰਵਾਇਆ ਜਾਂਦਾ ਹੈ ਧਾਰਮਿਕ ਘੱਟ-ਗਿਣਤੀਆਂ ਨੂੰ ਵਾਰ-ਵਾਰ ਵੱਡੇ ਵੱਡੇ ਸਬਕ ਸਿਖਾਏ ਜਾਂਦੇ ਹਨ। ਇਹ ਮਸਲਾ ਵੀ ਗੰਭੀਰਤਾ ਨਾਲ ਸੋਚਣ ਲਈ ਧਿਆਨ ਮੰਗਦਾ ਹੈ।

ਬਾਬਾ ਸਾਹਿਬ ਨੇ ਇਕ ਹੋਰ ਮਹੱਤਵਪੂਰਨ ਗੱਲ ਆਖੀ ਸੀ ਕਿ ''26 ਜਨਵਰੀ 1950 ਨੂੰ ਅਸੀਂ ਰਾਜਨੀਤਿਕ ਖੇਤਰ ਵਿਚ ਤਾਂ ਬਰਾਬਰੀ ਹਾਸਲ ਕਰ ਲਵਾਂਗੇ ਪਰ ਸਮਾਜਿਕ ਤੇ ਆਰਥਿਕ ਖੇਤਰ ਵਿਚ ਨਹੀਂ। ਜੇ ਇਹ ਗੈਰ-ਬਰਾਬਰੀ ਲੰਮੇ ਸਮੇਂ ਤੱਕ ਬਣੀ ਰਹੇਗੀ ਤਾਂ ਇਸ ਨਾਲ ਰਾਜਨੀਤਿਕ ਲੋਕ-ਤੰਤਰ ਵੀ ਖ਼ਤਰੇ ਵਿਚ ਪੈ ਜਾਵੇਗਾ। ਇਸ ਗੈਰ-ਬਰਾਬਰੀ ਵਾਲੀ ਵਿਵਸਥਾ ਦੇ ਸ਼ਿਕਾਰ ਲੋਕ ਰਾਜਨੀਤਿਕ ਲੋਕਤੰਤਰ ਨੂੰ ਵੀ ਤਹਿਸ ਨਹਿਸ ਕਰ ਦੇਣਗੇ।'' ਸਾਨੂੰ ਧਿਆਨ ਰੱਖਣਾ ਪਵੇਗਾ ਕਿ ਇਹ ਵਿਵਸਥਾ ਉਤਪੰਨ ਨਾ ਹੋਵੇ ਇਹ ਖਤਰਨਾਕ ਸਾਬਤ ਹੋਵੇਗੀ- ਸਮਾਜ ਲਈ ਵੀ ਤੇ ਦੇਸ਼ ਲਈ ਵੀ।

ਇਕ ਬਹੁਤ ਹੀ ਮਹੱਤਵਪੂਰਨ ਗੱਲ ਬਾਬਾ ਸਾਹਿਬ ਨੇ ਹੋਰ ਆਖੀ ਸੀ ਕਿ ''ਭਾਰਤ ਇਕ ਰਾਸ਼ਟਰ ਨਹੀਂ ਹੈ।'' ਹਜ਼ਾਰਾਂ ਜਾਤੀਆਂ ਅਤੇ ਧਰਮਾਂ ਵਿਚ ਵੰਡੀ ਜਨਤਾ ਕਿਵੇਂ ਇਕ ਰਾਸ਼ਟਰ ਹੋ ਸਕਦੀ ਹੈ? ਇਹ ਜਾਤੀਆਂ ਹੀ ਹਨ ਜੋ ਰਾਸ਼ਟਰ ਬਣਨ ਦੇ ਰਾਹ ਵਿਚ ਰੁਕਾਵਟ ਬਣਦੀਆਂ ਹਨ। ਇਹ ਆਪਸ ਵਿਚ ਦਵੈਸ਼ ਪੈਦਾ ਕਰਦੀਆਂ ਹਨ ਅਤੇ ਸਮਾਜਿਕ ਜੀਵਨ ਵਿਚ ਵਖਰੇਵਾਂ ਵੀ ਪੈਦਾ ਕਰਦੀਆਂ ਹਨ। ਇਹ ਸਾਰੀ ਸਥਿਤੀ ਚੰਗੀ ਤਰ੍ਹਾਂ ਸਮਝ ਕੇ ਹੀ ਸਹੀ ਅਰਥਾਂ ਵਿਚ ਇਕ ਰਾਸ਼ਟਰ ਬਣਾਉਣ ਦੀ ਭਾਵਨਾ ਪੈਦਾ ਕੀਤੀ ਜਾ ਸਕਦੀ ਹੈ ਜੋ ਕਿ ਭਾਵੇਂ ਬਹੁਤ ਔਖੀ ਹੈ ਪਰ ਸਹੀ ਰਾਹ ਵੀ ਇਹੋ ਹੈ।'' ਜਦੋਂ ਤੱਕ ਇਹਨਾਂ ਜਾਤਾਂ-ਪਾਤਾਂ ਤੇ ਊਚ-ਨੀਚ ਨੂੰ ਮਿਟਾ ਕੇ ਇਕ ਭਾਈਚਾਰਾ ਪੈਦਾ ਨਹੀਂ ਕੀਤਾ ਜਾਂਦਾ, ਉਦੋਂ ਤੱਕ ਆਜ਼ਾਦੀ ਦੇ ਕੋਈ ਅਰਥ ਨਹੀਂ ਬਣਦੇ ਅਤੇ ਨਾ ਬਰਾਬਰੀ ਦੇ ਬਣਦੇ ਹਨ। ਇਕ ਆਦਰਸ਼ ਸਮਾਜ ਜਿਸਦੀ ਬਾਬਾ ਸਾਹਿਬ ਨੇ ਕਲਪਨਾ ਕੀਤੀ ਸੀ, ਉਸ ਵਿਚ ਬਰਾਬਰਤਾ, ਆਜ਼ਾਦੀ ਅਤੇ ਭਾਈਚਾਰਾ ਕਿਆਸਿਆ ਗਿਆ ਸੀ।

ਇਸੇ ਤਰ੍ਹਾਂ ਬਾਬਾ ਸਾਹਿਬ ਨੇ ਸਮਾਜਿਕ ਅਤੇ ਆਰਥਿਕ ਉਦੇਸ਼ਾਂ ਦੀ ਪੂਰਤੀ ਲਈ ਸੰਵਿਧਾਨਕ ਤਰੀਕੇ ਅਪਣਾਉਣ ਦੀ ਵਕਾਲਤ ਕੀਤੀ ਸੀ ਕਿਉਂਕਿ ਸਾਡਾ ਸੰਵਿਧਾਨ ਹਰ ਹਾਲਤ ਨੂੰ ਨਜਿੱਠਣ ਦੇ ਸਮਰੱਥ ਹੈ। ਜਦੋਂ ਸੰਵਿਧਾਨਕ ਤਰੀਕੇ ਸਮਾਪਤ ਹੋ ਜਾਣ ਤਾਂ ਹੀ ਗੈਰ-ਸੰਵਿਧਾਨਕ ਤਰੀਕੇ ਜਾਇਜ਼ ਹੋ ਸਕਦੇ ਹਨ।

ਬਾਬਾ ਸਾਹਿਬ ਨੇ ਲੋਕਾਂ ਨੂੰ ਨਾਇਕ ਪੂਜਾ ਕਰਨ ਦੇ ਵਿਰੁੱਧ ਵੀ ਜਾਗਰਿਤ ਕੀਤਾ। ਉਹਨਾਂ ਕਿਹਾ ਕਿ ''ਜਿਸਨੇ ਦੇਸ਼ ਜਾਂ ਸਮਾਜ ਦੇ ਹਿੱਤ ਲਈ ਕੰਮ ਕੀਤਾ ਹੈ, ਉਹਨਾਂ ਨੂੰ ਮਾਣ ਸਨਮਾਨ ਤਾਂ ਮਿਲਣਾ ਚਾਹੀਦਾ ਹੈ ਪਰ ਕਦੇ ਵੀ ਆਪਣੀ ਆਜ਼ਾਦੀ ਜਾਂ ਇੱਜ਼ਤ ਮਾਣ ਗੁਆ ਕੇ ਨਹੀਂ।'' ਅੱਜ ਅਸੀਂ ਵੇਖਦੇ ਹਾਂ ਕਿ ਲੀਡਰਾਂ ਦੀ ਚਮਚਾਗਿਰੀ ਕਰਨ ਦੀ ਇੰਨੀ ਵੱਡੀ ਦੌੜ ਲੱਗੀ ਹੋਈ ਹੈ ਕਿ ਇੱਜ਼ਤ ਮਾਣ ਦੇ ਸਾਰੇ ਤੌਰ-ਤਰੀਕੇ ਛਿੱਕੇ 'ਤੇ ਟੰਗ ਦਿੱਤੇ ਜਾਂਦੇ ਹਨ। ਇਹੀ ਦੌੜ ਹੈ ਜੋ ਸਮਾਜ ਤੇ ਦੇਸ਼ ਨੂੰ ਛੱਡ ਕੇ ਆਪਣੇ ਹੀ ਘਰ ਭਰਨ ਦੀ ਸਿਆਣਪ ਸਿਖਾਉਂਦੀ ਹੈ।

ਅੰਤ ਵਿਚ ਬਾਬਾ ਸਾਹਿਬ ਨੇ ਕਿਹਾ ਕਿ ''ਇਸ ਦੇਸ਼ ਦੀ ਰਾਜਨੀਤਿਕ ਤਾਕਤ ਇਕ ਲੰਮੇ ਸਮੇਂ ਤੋਂ ਮੁੱਠੀ ਭਰ ਲੋਕਾਂ ਦੇ ਹੱਥ ਵਿਚ ਰਹੀ ਹੈ, ਜਿਸ ਕਰਕੇ ਬਹੁਗਿਣਤੀ ਲੋਕ ਪਸ਼ੂਆਂ ਵਰਗਾ ਜੀਵਨ ਬਤੀਤ ਕਰਨ ਲਈ ਮਜਬੂਰ ਰਹੇ ਹਨ। ਇਸ ਸਥਿਤੀ ਨੇ ਉਹਨਾਂ ਵਿਚ ਜ਼ਿੰਦਗੀ ਦਾ ਮਹੱਤਵ ਅਤੇ ਉਤਸ਼ਾਹ ਹੀ ਖਤਮ ਕਰਕੇ ਰੱਖ ਦਿੱਤਾ ਹੈ। ਪਰ ਹੁਣ ਇਹ ਇਸ ਸਥਿਤੀ ਤੋਂ ਤੰਗ ਹਨ ਤੇ ਖੁਦ ਆਪਣੇ ਆਪ 'ਤੇ ਰਾਜ ਕਰਨ ਲਈ ਉਤਾਵਲੇ ਹਨ।'' ਬਾਬਾ ਸਾਹਿਬ ਦਾ ਇਹ ਨੁਕਤਾ ਸਮੁੱਚੇ ਸਮਾਜ ਅਤੇ ਦੇਸ਼ ਦੀ ਭਲਾਈ ਦਾ ਸੁਨੇਹਾ ਲੈ ਕੇ ਖੜ੍ਹਾ ਹੈ।

ਬਾਬਾ ਸਾਹਿਬ ਦੇ ਭਾਸ਼ਣ ਵਿਚ ਦੱਸੇ ਇਹਨਾਂ ਤੱਥਾਂ ਦਾ ਅਧਿਐਨ ਅਤੇ ਅਮਲ ਨਿਸ਼ਚੇ ਹੀ ਇਕ ਨਵੇਂ ਯੁੱਗ ਦੀ ਸ਼ੁਰੂਆਤ ਦਾ ਸੁਨੇਹਾ ਲੈ ਕੇ ਖੜ੍ਹਾ ਹੈ। ਲੋੜ ਹੈ ਇਸਨੂੰ ਤਹਿ ਤੱਕ ਸਮਝਣ ਦੀ। ਇਸਦੇ ਇਕ ਇਕ ਤੱਥ ਵਿਚ ਵੱਡੇ ਵੱਡੇ ਰਾਜ਼ ਛਿਪੇ ਹਨ ਜੋ ਇਸ ਸਮਾਜ ਅਤੇ ਦੇਸ਼ ਨੂੰ ਤਰੱਕੀ ਦੀਆਂ ਉਚਾਈਆਂ ਤੱਕ ਲਿਜਾਉਣ ਦੀ ਜਾਮਨੀ ਬਣ ਸਕਦੇ ਹਨ। ਇਸ ਨਜ਼ਰੀਏ ਤੋਂ ਇਸ ਭਾਸ਼ਣ ਨੂੰ ਵਾਚਣਾ ਲਾਹੇਵੰਦ ਹੋਵੇਗਾ।

## ਬਾਬੂ ਮੰਗੂ ਰਾਮ ਮੁੱਗੋਵਾਲੀਆ ਦੇ ਜਨਮ ਦਿਨ ਤੇ ਵਿਸ਼ਾਲ ਸਮਾਗਮ 31 ਦਸੰਬਰ, 1 ਜਨਵਰੀ ਨੂੰ ਖੁਰਾਲਗੜ੍ਹ ਸਾਹਿਬ ਵਿਖੇ ਹੋਣਗੇ- ਸੰਤ ਸਤਵਿੰਦਰ ਹੀਰਾ

**ਹੁਸ਼ਿਆਰਪੁਰ**– ਆਲ ਇੰਡੀਆ ਆਦਿ ਧਰਮ ਮਿਸ਼ਨ ਦੇ ਰਾਸ਼ਟਰੀ ਪ੍ਰਧਾਨ ਸੰਤ ਸਤਵਿੰਦਰ ਹੀਰਾ ਨੇ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿਚ ਆਪਣੀ ਪ੍ਰਚਾਰ ਯਾਤਰਾ ਦੌਰਾਨ ਵਿਸ਼ਾਲ ਸੰਗਤਾਂ ਦੇ ਇਕੱਠ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦਿਆਂ ਦੱਸਿਆ ਕਿ ਗਦਰੀ ਬਾਬਾ ਆਦਿ ਧਰਮ ਮੰਡਲ ਦੇ ਬਾਨੀ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੇ ਜਨਮ ਦਿਨ ਵਰ੍ਹੇਗੰਢ 'ਤੇ ਆਲ ਇੰਡੀਆ ਆਦਿ ਧਰਮ ਮਿਸ਼ਨ ਵੱਲੋਂ ਵਿਸ਼ਾਲ ਸਮਾਗਮ 31 ਦਸੰਬਰ ਅਤੇ 1 ਜਨਵਰੀ 2019 ਨੂੰ ਖੁਰਾਲਗੜ੍ਹ ਸਾਹਿਬ ਵਿਖੇ ਹੋਣਗੇ, ਜਿਸ ਵਿਚ ਦੇਸ਼ ਵਿਦੇਸ਼ ਦੀਆਂ ਲੱਖਾਂ ਸੰਗਤਾਂ ਹਾਜ਼ਰੀ ਭਰਨਗੀਆਂ। ਉਹਨਾਂ ਕਿਹਾ ਕਿ ਸਤਿਗੁਰੂ ਰਵਿਦਾਸ ਜੀ, ਬਾਬਾ ਸਾਹਿਬ ਅੰਬੇਡਕਰ ਅਤੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਵਰਗੇ ਕੌਮ ਦੇ ਮਹਾਨ ਰਹਿਬਰਾਂ, ਵਿਦਵਾਨਾਂ ਦੇ ਜਨਮ ਦਿਨ ਅਦਿ ਧਰਮ ਮਿਸ਼ਨ ਵੱਲੋਂ ਵੱਡੇ ਪੱਧਰ ਤੇ ਖੁਰਾਲਗੜ੍ਹ ਸਾਹਿਬ ਵਿਖੇ ਮਨਾਏ ਜਾਂਦੇ ਹਨ ਤਾਂ ਕਿ ਇਹਨਾਂ ਮਹਾਨ ਪਰਉਪਕਾਰੀ ਰਹਿਬਰਾਂ ਦਾ ਮਿਸ਼ਨ ਘਰ ਘਰ ਪਹੁੰਚਾ ਕੇ ਦੇਸ਼ ਦੇ ਕਰੋੜਾਂ ਆਦਿ ਵਾਸੀਆਂ, ਮੂਲ ਨਿਵਾਸੀਆਂ ਤੇ ਦਲਿਤਾਂ ਨੂੰ ਆਪਣੇ ਅਸਲੀ ਧਰਮ ਨਾਲ ਜੋੜ ਕੇ ਖੁਸ ਗਏ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਮਾਨ ਸਨਮਾਨ ਨੂੰ ਮੁੜ ਹਾਸਲ ਕਰਨ ਲਈ ਜਾਗਰੂਕ ਕੀਤਾ ਜਾ ਸਕੇ। ਸੰਗਤਾਂ ਨੂੰ ਸ੍ਰੀ ਗੁਰੂ ਰਵਿਦਾਸ ਅਤੇ ਬਾਬਾ ਸਾਹਿਬ ਅੰਬੇਡਕਰ ਦੀ ਵਿਚਾਰਧਾਰਾ ਨਾਲ ਜੋੜਨ ਲਈ ਸਤਿਸੰਗ ਦਾ ਪ੍ਰਬੰਧ ਕੀਤਾ ਜਾਵੇਗਾ, ਜਿੱਥੇ ਕੌਮ ਦੇ ਮਹਾਨ ਸੰਤ, ਬੁੱਧੀਜੀਵੀ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕਰਨਗੇ। ਇਕ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਸੰਤ ਹੀਰਾ ਨੇ ਕਿਹਾ ਕਿ ਗੁਰੂਆਂ ਦੀ ਬਾਣੀ ਅਨੁਸਾਰ ''ਖਸਮ ਛੋਡ ਦੂਜੇ ਲਗੇ ਡੂਬੇ ਸੇ ਵਣਜਾਰਿਆ'' ਭਾਵ ਜੋ ਮਨੁੱਖ ਆਪਣੇ ਅਸਲ ਮਾਲਕ ਨੂੰ ਛੱਡ ਕੇ ਹੋਰ ਪਾਸੇ ਚਿੱਤ ਜੋੜ ਰਹੇ ਹਨ, ਭਟਕ ਰਹੇ ਹਨ, ਉਹ ਇਸ ਸੰਸਾਰ ਸਾਗਰ ਵਿਚ ਡੁੱਬ ਜਾਂਦੇ ਹਨ। ਇਸੇ ਮਹਾਂਵਾਕਾਂ ਤੋਂ ਸਾਨੂੰ ਸਭ ਨੂੰ ਸਿੱਖਿਆ ਲੈਣੀ ਚਾਹੀਦੀ ਹੈ ਕਿ ਅਸੀਂ ਆਪਣੇ ਅਸਲੇ ਨੂੰ ਛੱਡ ਕੇ ਇੱਧਰ ਉੱਧਰ ਭਟਕ ਰਹੇ ਹਾਂ। ਆਪਣਾ ਅਸਲ ਧਰਮ ''ਆਦਿ ਧਰਮ'' ਛੱਡ ਕੇ ਵਿਦੇਸ਼ੀ ਧਰਮਾਂ ਦੇ ਪਿੱਛੇ ਭੱਜ ਰਹੇ ਹਾਂ। ਉਹਨਾਂ ਕਿਹਾ ਕਿ ਆਪਣੇ ਧਰਮ ਅੰਦਰ ਰਹਿ ਕੇ ਆਪਣੇ ਗੁਰੂਆਂ ਰਹਿਬਰਾਂ ਦੀ ਬਾਣੀ ਸੁਣੋ ਅਤੇ ਉਸ ਤੇ ਅਮਲ ਕਰੋ ਅਤੇ ਵਿਚਾਰਧਾਰਾ ਨੂੰ ਜਨ ਜਨ ਤੱਕ ਪਹੁੰਚਾਉਣ ਦਾ ਉਪਰਾਲਾ ਕਰੋ ਤਾਂ ਕਿ ਸਾਡੀ ਆਉਣ ਵਾਲੀ ਪੀੜ੍ਹੀ ਵਿਦੇਸ਼ੀ ਧਰਮਾਂ ਨੂੰ ਨਾ ਅਪਣਾ ਕੇ ਆਪਣੇ ਅਸਲ ਧਰਮ ਆਦਿ ਧਰਮ ਨਾਲ ਜੁੜੇ। ਇਸ ਸਮੇਂ ਸੰਤ ਹੀਰਾ ਨੇ ਦੱਸਿਆ ਕਿ ਸੰਗਤਾਂ ਨੂੰ ਆਦਿ ਧਰਮ ਨਾਲ ਜੋੜਨ ਲਈ ਇਕ ਵਿਸ਼ਾਲ ਸ਼ੋਭਾ ਯਾਤਰਾ 31 ਦਸੰਬਰ ਨੂੰ ਲੌਂਗੋਵਾਲ ਤੋਂ ਸਵੇਰੇ 7 ਵਜੇ ਆਰੰਭ ਹੋ ਕੇ ਸੰਗਰੂਰ, ਧੂਰੀ, ਮਲੇਰਕੋਟਲਾ, ਲੁਧਿਆਣਾ, ਫਿਲੌਰ, ਨਗਰ, ਅਪਰਾ, ਮੁਕੰਦਪੁਰ, ਬੰਗਾ, ਗੜ੍ਹਸ਼ੰਕਰ, ਝੁੱਗੀਆਂ, ਬਾਥੜੀ ਬਗੀਚੀ, ਮਹਿਤਪੁਰ ਤੋਂ ਹੁੰਦੀ ਹੋਈ ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਚਰਨਛੋਹ ਗੰਗਾ (ਅੰਮ੍ਰਿਤ ਕੁੰਡ) ਸੰਚਖੰਡ ਖੁਰਾਲਗੜ੍ਹ ਸਾਹਿਬ ਪਹੁੰਚ ਕੇ ਸੰਪੂਰਨ ਹੋਵੇਗੀ। ਇਸ ਸਮੇਂ ਉਹਨਾਂ ਦੇ ਨਾਲ ਸੰਤ ਭਾਟੀਆ ਸਾਹਿਬ, ਸੰਤ ਸੁਰਿੰਦਰ ਦਾਸ ਪ੍ਰਧਾਨ ਗੁਰੂ ਘਰ, ਸੰਤ ਜਗਵਿੰਦਰ ਲਾਂਬਾ ਇੰਚਾਰਜ, ਜੋਗਿੰਦਰ ਪਾਲ ਜੌਹਰੀ ਕੌਮੀ ਪ੍ਰਚਾਰਕ, ਸੰਤ ਪ੍ਰਗਟ ਦਾਸ ਵੀ ਹਾਜ਼ਰ ਸਨ। **–ਤਰਸੇਮ ਦੀਵਾਨਾ**



# 2018 ਵਿੱਚ ਪੰਜਾਬ ਨੇ ਕੀ ਖੱਟਿਆ, ਕੀ ਗੁਆਇਆ

**ਪੰਜਾਬ ਵਿਚੋਂ 2018 ਸਾਲ 'ਚ ਸਵਾ ਲੱਖ ਨੌਜਵਾਨ ਲੜਕੇ, ਲੜਕੀਆਂ, ਅੰਗਰੇਜ਼ੀ ਦੀ ਪ੍ਰੀਖਿਆ ਆਇਲਿਸਟ ਅਤੇ ਬਾਹਰਵੀਂ ਪਾਸ ਕਰਕੇ ਕੈਨੇਡਾ ਤੁਰ ਗਏ। ਕੈਨੇਡਾ ਦੀਆਂ ਯੂਨੀਵਰਸਿਟੀਆਂ, ਕਾਲਜਾਂ ਦੀਆਂ ਭਾਰੀ-ਭਰਕਮ ਲੱਖਾਂ ਰੁਪਏ ਦੀਆਂ ਫੀਸਾਂ ਭਰਕੇ, ਉਹ ਇਧਰ ਬੈਠੇ ਮਾਪਿਆਂ ਦੀਆਂ ਬੈਂਕਾਂ ਦੀਆਂ ਪਾਸ ਬੁੱਕਾਂ ਹੀ ਖਾਲੀ ਨਹੀਂ ਕਰ ਗਏ, ਸਗੋਂ ਉਹਨਾ ਦੇ ਘਰ, ਜ਼ਮੀਨਾਂ ਗਿਰਵੀ ਰੱਖਕੇ, ਇੱਕ ਅਣਦਿਸਦੇ ਸਫਰ ਵੱਲ ਤੁਰ ਗਏ। ਇੱਕਲੇ ਇੱਕ ਨੌਜਵਾਨ ਉਤੇ 15 ਲੱਖ ਦਾ ਮੁਢਲਾ ਖਰਚ ਇਸ ਕਰਕੇ ਮਾਪੇ ਇੰਹ ਸੋਚਕੇ ਕਰਨ ਲਈ ਮਜ਼ਬੂਰ ਹਨ, ਕਿਉਂਕਿ ਪੰਜਾਬ 'ਚ ਉਹਨਾ ਦੇ ਲਾਡਲਿਆਂ, ਲਾਡਲੀਆਂ ਦਾ ਭਵਿੱਖ ਹੀ ਕੋਈ ਨਹੀਂ। ਨਸ਼ਿਆਂ ਦੇ ਸੁਦਾਗਰਾਂ, ਗੁੰਡਾਗਰਦਾਂ ਮਾਫੀਆ ਦੇ ਸੌਦਾਗਰਾਂ, ਸਿਆਸਤਦਾਨਾਂ, ਨੌਕਰਸ਼ਾਹਾਂ ਨਾਲ ਰਲਕੇ ਪੰਜਾਬ ਦਾ ਜਿਸ ਕਿਸਮ ਦਾ ਮਾਹੌਲ ਸਿਰਜ ਦਿੱਤਾ ਹੈ, ਉਸ ਨਾਲ ਪੰਜਾਬ ਦਾ ਕਿਹੜਾ ਮਾਪਾ ਸਿਰਹਾਣੇ ਹੇਠ ਸਿਰ ਰੱਖਕੇ ਸੌਂ ਸਕਦਾ ਹੈ? ਇੱਕਲੇ ਕੈਨੇਡਾ ਲਈ ਗੱਠਾਂ ਬੰਨਕੇ ਪੰਜਾਬ ਦੇ ਵਿਦਿਆਰਥੀ ਅਠਾਰਾਂ ਲੱਖ ਪਝੱਤਰ ਹਜ਼ਾਰ ਲੱਖ ਰੁਪਏ ਲੈ ਗਏ ਜਾਣੀ ਅਰਬ ਰੁਪਏ ਪੰਜਾਬ ਦੀ ਝੋਲੀ 'ਚੋਂ ਨਿਕਲ ਗਏ।**



ਗੁਰਮੀਤ ਸਿੰਘ ਪਲਾਹੀ
91-98158-02070

ਵਰ੍ਹਿਆਂ ਦੇ ਵਰ੍ਹੇ ਕੁਝ ਇਹੋ ਜਿਹਾ ਵਾਪਰਦਾ ਹੈ, ਜੋ ਕੁੱਝ ਸੁਖਾਵਾਂ ਹੁੰਦਾ ਹੈ, ਕੁਝ ਬੁਰਾ। ਕੁਝ ਵਾਪਰਦੀਆਂ ਘਟਨਾਵਾਂ ਯਾਦਾਂ ਬਣਦੀਆਂ ਹਨ ਅਤੇ ਕੁਝ ਇਤਿਹਾਸ। ਪੰਜਾਬ 'ਚ ਵਾਪਰੀਆਂ 2018 ਦੀਆਂ ਘਟਨਾਵਾਂ ਜਾਂ ਪੰਜਾਬੀਆਂ ਨਾਲ ਵਾਪਰੇ ਵੱਖਰੀ ਕਿਸਮ ਦੇ 'ਹਾਦਸੇ' ਭਵਿੱਖ 'ਚ ਕੀ ਅਸਰ ਪਾਉਣਗੇ, ਇਹ ਤਾਂ ਭਵਿੱਖ ਦੀ ਕੁੱਖ 'ਚ ਹੈ, ਪਰ ਇਸ ਬਾਰੇ ਅੰਦਾਜ਼ਾ ਲਗਾਉਣਾ ਕੋਈ ਬਹੁਤਾ ਔਖਾ ਨਹੀਂ।

ਪੰਜਾਬ ਵਿਚੋਂ 2018 ਸਾਲ 'ਚ ਸਵਾ ਲੱਖ ਨੌਜਵਾਨ ਲੜਕੇ, ਲੜਕੀਆਂ, ਅੰਗਰੇਜ਼ੀ ਦੀ ਪ੍ਰੀਖਿਆ ਆਇਲਿਸਟ ਅਤੇ ਬਾਹਰਵੀਂ ਪਾਸ ਕਰਕੇ ਕੈਨੇਡਾ ਤੁਰ ਗਏ। ਕੈਨੇਡਾ ਦੀਆਂ ਯੂਨੀਵਰਸਿਟੀਆਂ, ਕਾਲਜਾਂ ਦੀਆਂ ਭਾਰੀ-ਭਰਕਮ ਲੱਖਾਂ ਰੁਪਏ ਦੀਆਂ ਫੀਸਾਂ ਭਰਕੇ, ਉਹ ਇਧਰ ਬੈਠੇ ਮਾਪਿਆਂ ਦੀਆਂ ਬੈਂਕਾਂ ਦੀਆਂ ਪਾਸ ਬੁੱਕਾਂ ਹੀ ਖਾਲੀ ਨਹੀਂ ਕਰ ਗਏ, ਸਗੋਂ ਉਹਨਾ ਦੇ ਘਰ, ਜ਼ਮੀਨਾਂ ਗਿਰਵੀ ਰੱਖਕੇ, ਇੱਕ ਅਣਦਿਸਦੇ ਸਫਰ ਵੱਲ ਤੁਰ ਗਏ। ਇੱਕਲੇ ਇੱਕ ਨੌਜਵਾਨ ਉਤੇ 15 ਲੱਖ ਦਾ ਮੁਢਲਾ ਖਰਚ ਇਸ ਕਰਕੇ ਮਾਪੇ ਇੰਹ ਸੋਚਕੇ ਕਰਨ ਲਈ ਮਜ਼ਬੂਰ ਹਨ, ਕਿਉਂਕਿ ਪੰਜਾਬ 'ਚ ਉਹਨਾ ਦੇ ਲਾਡਲਿਆਂ, ਲਾਡਲੀਆਂ ਦਾ ਭਵਿੱਖ ਹੀ ਕੋਈ ਨਹੀਂ। ਨਸ਼ਿਆਂ ਦੇ ਸੁਦਾਗਰਾਂ, ਗੁੰਡਾਗਰਦਾਂ ਮਾਫੀਆ ਦੇ ਸੌਦਾਗਰਾਂ, ਸਿਆਸਤਦਾਨਾਂ, ਨੌਕਰਸ਼ਾਹਾਂ ਨਾਲ ਰਲਕੇ ਪੰਜਾਬ ਦਾ ਜਿਸ ਕਿਸਮ ਦਾ ਮਾਹੌਲ ਸਿਰਜ ਦਿੱਤਾ ਹੈ, ਉਸ ਨਾਲ ਪੰਜਾਬ ਦਾ ਕਿਹੜਾ ਮਾਪਾ ਸਿਰਹਾਣੇ ਹੇਠ ਸਿਰ ਰੱਖਕੇ ਸੌਂ ਸਕਦਾ ਹੈ? ਇੱਕਲੇ ਕੈਨੇਡਾ ਲਈ ਗੱਠਾਂ ਬੰਨਕੇ ਪੰਜਾਬ ਦੇ ਵਿਦਿਆਰਥੀ ਅਠਾਰਾਂ ਲੱਖ ਪਝੱਤਰ ਹਜ਼ਾਰ ਲੱਖ ਰੁਪਏ ਲੈ ਗਏ ਜਾਣੀ ਅਰਬ ਰੁਪਏ ਪੰਜਾਬ ਦੀ ਝੋਲੀ 'ਚੋਂ ਨਿਕਲ ਗਏ।

ਪੰਜਾਬ ਦੇ ਜਿਤਨੇ ਕਿਸਾਨਾਂ, ਖੇਤ ਮਜ਼ਦੂਰਾਂ ਨੇ ਇਸ ਵਰ੍ਹੇ ਖੁਦਕੁਸ਼ੀ ਕੀਤੀ ਹੈ, ਸ਼ਾਇਦ ਪਹਿਲਾਂ ਹੋਰ ਕਿਸੇ ਵਰ੍ਹੇ ਵਿੱਚ ਨਾ ਕੀਤੀ ਹੋਵੇ। ਕਹਿਣ ਨੂੰ ਤਾਂ ਪੰਜਾਬ ਦੇ ਕਿਸਾਨ ਦੀ ਆਮਦਨੀ ਦੇਸ਼ ਦੇ ਹੋਰ ਕਿਸਾਨਾਂ ਦੇ ਮੁਕਾਬਲੇ ਵੱਧ ਹੈ, ਪਰ ਪੰਜਾਬ ਦਾ ਕਿਸਾਨ ਖੁਸ਼ਹਾਲ ਨਹੀਂ ਹੈ। ਪੇਂਡੂ ਨੌਜਵਾਨ ਲਈ ਰੁਜ਼ਗਾਰ ਕੋਈ ਨਹੀਂ, ਸਵੈ-ਰੁਜ਼ਗਾਰ ਕੋਈ ਨਹੀਂ, ਕਿੱਤਾ ਮੁਖੀ ਸਿਖਲਾਈ ਕੋਈ ਨਹੀਂ। ਵੱਡੇ ਵੱਡੇ ਇੰਜੀਨੀਰਿੰਗ, ਪ੍ਰੋਫੈਸ਼ਨਲ ਕਾਲਜ, ਯੂਨੀਵਰਸਿਟੀਆਂ ਪੰਜਾਬ 'ਚ ਖੋਲ੍ਹਕੇ ਪੜ੍ਹਾਈ ਇਤਨੀ ਮਹਿੰਗੀ ਕਰ ਦਿੱਤੀ ਗਈ ਹੈ ਕਿ ਉਹ ਪੇਂਡੂ ਲੋਕਾਂ 'ਤੋਂ ਕੋਹਾਂ ਦੂਰ ਕਰ ਦਿੱਤੀ ਗਈ ਹੈ। ਮਹਿੰਗਾਈ ਤੇ ਬੇਰੁਜ਼ਗਾਰੀ ਨੇ ਪੰਜਾਬ ਖਾਸ ਕਰਕੇ ਪੇਂਡੂ ਪੰਜਾਬ ਦੀ ਰੀੜ ਦੀ ਹੱਡੀ ਤੋੜਕੇ ਰੱਖ ਦਿੱਤੀ ਹੈ। ਖੇਤੀ ਸੰਕਟ ਇਸ ਵਰ੍ਹੇ ਹੋਰ ਵਧਿਆ ਹੈ। ਸਾਲ 1984 ਵਿੱਚ ਪੰਜਾਬ ਦੇ 138 ਬਲਾਕਾਂ ਵਿਚੋਂ 53 ਬਲਾਕਾਂ 'ਚ ਧਰਤੀ ਹੇਠਲੇ ਪਾਣੀ ਦਾ ਪੱਧਰ ਘੱਟ ਸੀ, ਜੋ 2015 ਤੱਕ ਵਧਕੇ 105 ਬਲਾਕਾਂ ਤੱਕ ਪੁੱਜ ਗਿਆ। ਪਿਛਲੇ ਵਰ੍ਹੇ 2018 'ਚ ਇਹ ਵਾਧਾ ਹੋਰ ਹੋ ਗਿਆ ਹੈ। ਜ਼ਮੀਨਦੋਜ ਪਾਣੀ ਦੀ ਬੇਲੋੜੀ ਵਰਤੋਂ ਅਤੇ ਬੀਤੇ ਤਿੰਨ ਦਹਾਕਿਆਂ 'ਚ ਘੱਟ ਰਹੀ ਬਾਰਿਸ਼ ਕਾਰਨ ਪਾਣੀ ਦੇ ਪੱਧਰ ਤੇ ਮਾੜਾ ਅਸਰ ਪਿਆ ਹੈ। ਕਣਕ- ਝੋਨੇ ਦੇ ਫਸਲੀ ਚੱਕਰ 'ਚ ਫਸੇ ਹੋਣ ਕਾਰਨ ਕਿਸਾਨ ਘਾਟੇ ਦੀ ਖੇਤੀ ਕਰਨ ਲਈ ਮਜ਼ਬੂਰ ਕਰ ਦਿੱਤੇ ਗਏ ਹਨ।

ਖੇਤ ਮਜ਼ਦੂਰਾਂ, ਕਿਸਾਨਾਂ,ਨੌਜਵਾਨਾਂ ਦੀ ਹੀ ਪੰਜਾਬ 'ਚ ਮੰਦੀ ਹਾਲਤ ਹੀ ਨਹੀਂ ਹੋਈ। ਪੰਜਾਬ ਦੇ ਮੁਲਾਜ਼ਮਾਂ ਦਾ ਸਰਕਾਰ ਨਾਲ ਇੱਟ-ਖੜਿੱਕਾ ਸੂਬੇ ਭਰ 'ਚ ਸਰਕਾਰੀ ਪ੍ਰਬੰਧ 'ਚ ਖੜੋਤ ਪੈਦਾ ਕਰਦਾ ਰਿਹਾ। ਪੰਚਾਇਤ ਵਿਭਾਗ ਦੇ ਕਰਮਚਾਰੀਆਂ ਦੀ ਹੜਤਾਲ ਅਤੇ ਅਧਿਆਪਕਾਂ ਨੂੰ ਘੱਟ ਤਨਖਾਹ ਦੇਕੇ ਰੈਗੂਲਰ ਕਰਨ ਦੇ ਮੁੱਦੇ ਨੇ ਤਾਂ ਸੂਬੇ ਭਰ ਵਿੱਚ ਸਰਕਾਰ ਦੀ ਬਦਨਾਮੀ ਕਰਵਾਈ। ਅਤੇ ਸਰਕਾਰ ਅਤੇ ਕਰਮਚਾਰੀਆਂ 'ਚ ਪਾੜਾ ਵਧਿਆ।

2018 ਦੇ ਸਾਲ ਵਿੱਚ ਜਿਹੜਾ ਪੰਜਾਬ 'ਚ ਪੰਚਾਇਤ ਚੋਣਾਂ ਦਾ ਸਾਲ ਸੀ ਤੇ ਪਿੰਡ ਦੇ ਲੋਕਾਂ ਆਪਣੀਆਂ ਸਥਾਨਕ ਸਰਕਾਰਾਂ ਚੁਨਣੀਆਂ ਸਨ, ਉਸ 'ਚ ਪੰਜਾਬ ਸਰਕਾਰ ਨੇ ਬੇਲੋੜੀ ਢਿੱਲ ਦਿਖਾਈ। ਬਲਾਕ ਸੰਮਤੀ ਅਤੇ ਜ਼ਿਲਾ ਪ੍ਰੀਸ਼ਦਾਂ ਦੀਆਂ ਚੋਣਾਂ ਤਾਂ ਕਰਵਾ ਦਿੱਤੀਆਂ ਪਰ ਪੰਚਾਇਤ ਚੋਣਾਂ ਦਸੰਬਰ 'ਚ ਕਰਾਉਣੀਆਂ ਤਹਿ ਕੀਤੀਆਂ। ਜੂਨ 2018 ਵਿੱਚ ਪੰਚਾਇਤਾਂ ਭੰਗ ਕਰਕੇ ਸਾਰੇ ਅਧਿਕਾਰ ਪੰਚਾਇਤ ਸਕੱਤਰਾਂ, ਗ੍ਰਾਮ ਸੇਵਕਾਂ ਨੂੰ ਸੌਂਪ ਦਿੱਤੇ, ਜਿਹੜੇ ਕਿ ਪਹਿਲਾ ਹੀ ਬਹੁਤ ਘੱਟ ਗਿਣਤੀ 'ਚ ਸਨ। ਇੰਜ ਪੰਜਾਬ ਦੇ ਪਿੰਡਾਂ ਦਾ 6 ਮਹੀਨੇ ਵਿਕਾਸ ਹੀ ਨਹੀਂ ਰੁਕਿਆ, ਹੋਰ ਤਕਨੀਕੀ ਤੇ ਪ੍ਰਬੰਧਕੀ ਕੰਮ ਵੀ ਰੁਕ ਗਏ, ਜਿਸ ਨਾਲ ਪਿੰਡਾਂ ਦੇ ਲੋਕਾਂ ਨੂੰ ਛੋਟੇ ਤੋਂ ਛੋਟੇ ਕੰਮ ਕਰਾਉਣ ਲਈ ਵੀ ਔਖਿਆਈ ਆਈ।

2018 ਦਾ ਸਾਲ ਸਿਆਸੀ ਤੌਰ ਤੇ ਵੀ ਬਹੁਤ ਗਰਮਾ-ਗਰਮ ਰਿਹਾ। ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਮਾਮਲੇ ਤੇ ਬਹਿਬਲ ਕਲਾਂ ਤੇ ਕੋਟਕਪੂਰਾ ਕਾਂਡ ਦੀ ਜਾਂਚ ਲਈ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਆਪਣੀ ਰਿਪੋਰਟ ਦਾਇਰ ਕੀਤੀ। ਸਿੱਖ ਸੰਗਠਨਾਂ ਨੇ ਬਰਗਾੜੀ ਇਨਸਾਫ ਮੋਰਚਾ ਲਾਇਆ। ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਤੋਂ ਪਹਿਲਾਂ ਪੰਜਾਬ ਕਾਂਗਰਸ ਨੇ ਅਤੇ ਫਿਰ ਦੂਜੀਆਂ ਪਾਰਟੀਆਂ ਸਮੇਤ ਸੁਖਪਾਲ ਸਿੰਘ ਖਹਿਰਾ ਨੇ ਅਕਾਲੀ ਹੱਥੋਂ ਸਿੱਖ ਮੁੱਦਿਆਂ ਨੂੰ ਖੋਹ ਲਿਆ। ਪੰਜਾਬ ਦੀਆਂ ਲਗਭਗ ਸਾਰੀਆਂ ਪਾਰਟੀਆਂ ਦੇ ਨੇਤਾਵਾਂ 'ਚ ਆਪਸੀ ਖਿਚੋਤਾਣ ਵਾਲੀ, ਆਮ ਆਦਮੀ ਪਾਰਟੀ ਦੋ ਫਾੜ ਹੋ ਗਈ, ਅਕਾਲੀਆਂ ਵਿਚੋਂ ਟਕਸਾਲੀ ਅਕਾਲੀ ਵੱਖ ਹੋ ਗਏ। ਕਾਂਗਰਸ 'ਚ ਵੀ ਅੰਦਰੋ ਗਤੀ ਖਿੱਚ ਧੂਹ ਹੋਈ। ਕਰਤਾਰਪੁਰ ਸਾਹਿਬ ਦਾ ਲਾਂਘਾ ਇਸ ਵਰ੍ਹੇ ਪੰਜਾਬੀਆਂ ਖਾਸ ਕਰਕੇ ਪੰਜਾਬ ਲਈ ਇੱਕ ਨਿਵੇਕਲਾ ਸੁਨੇਹਾ ਲੈ ਕੇ ਆਇਆ, ਸਿੱਖ ਸੰਗਤਾਂ ਦੀ ਚਿਰ ਪੁਰਾਣੀ ਮੰਗ ਪੂਰੀ ਹੋਈ। ਪਰ ਬਦਕਿਸਮਤੀ ਵਾਲੀ ਗੱਲ ਇਹ ਰਹੀ ਕਿ ਹਰ ਸਿਆਸੀ ਪਾਰਟੀ ਨੇ ਇਸ ਕਾਰਜ ਦਾ ਸਿਹਰਾ ਆਪਣੇ ਸਿਰ ਲੈਣਾ ਚਾਹਿਆ।

ਸਾਲ 2018 ਵਿੱਚ 1984 ਦੇ ਕਤਲੇਆਮ ਸਬੰਧੀ ਸੱਜਣ ਕੁਮਾਰ ਨੂੰ ਉਮਰ ਕੈਦ ਦੀ ਸਜ਼ਾ ਨੇ ਪੰਜਾਬੀਆਂ ਦਾ ਅਦਾਲਤਾਂ ਉਤੇ ਕੁਝ ਇਹ ਵਿਸ਼ਵਾਸ ਪੱਕਾ ਕੀਤਾ ਕਿ ਆਖ਼ਰ ਪੀੜਤਾਂ ਨੂੰ ਇਨਸਾਫ ਮਿਲਿਆ ਹੈ। 34 ਸਾਲ ਚੱਲੇ ਇਸ ਅਦਾਲਤੀ ਘਟਨਾ ਕਰਮ ਤੋਂ ਬਾਅਦ ਪਰਤ ਦਰ ਪਰਤ ਉਹ ਨਾਮ ਸਾਹਮਣੇ ਆ ਰਹੇ ਹਨ ਜਿਹਨਾ ਤੋਂ ਨਿਰਦੋਸ਼ ਲੋਕਾਂ ਨੂੰ ਕਤਲ ਕੀਤਾ ਅਤੇ ਜਿਹਨਾ ਦੇ ਨਾਮ ਸਮੇਂ ਦੀਆਂ ਸਰਕਾਰਾਂ ਨੇ ਫਾਈਲਾਂ ਵਿੱਚ ਦਫਨ ਕਰੀ ਰੱਖੇ।

2018 'ਚ ਪੰਜਾਬ ਦੀ ਸਰਕਾਰ ਦੀ ਚਾਲ ਢਾਲ ਮੱਠੀ ਰਹੀ। ਕੈਪਟਨ ਦੀ ਸਰਕਾਰ ਨੇ ਢਾਈ ਏਕੜ ਮਾਲਕੀ ਵਾਲੇ ਛੋਟੇ ਕਿਸਾਨਾਂ ਦਾ ਸਿਰਫ 2 ਲੱਖ ਰੁਪਏ ਤੱਕ ਦਾ ਕਰਜ਼ਾ ਮੁਆਫ ਕਰਨ ਤੱਕ ਹੀ ਸੀਮਤ ਕਰ ਲਿਆ। ਜਿਸ ਨਾਲ ਵੱਡੀ ਗਿਣਤੀ ਕਿਸਾਨਾਂ ਨੂੰ ਇਸਦਾ ਲਾਭ ਨਹੀਂ ਪੁੱਜਾ। ਖੁਦਕੁਸ਼ੀਆਂ 'ਚ ਵਾਧੇ ਕਾਰਨ ਸਰਕਾਰ ਦੀ ਤਿੱਖੀ ਅਲੋਚਨਾ ਹੋਈ। ਅਤੇ ਇਸ ਤੋਂ ਵੀ ਵੱਧ ਅਲੋਚਨਾ ਵਿਧਾਨ ਸਭਾ ਦਾ ਇੱਕ ਦਿਨ ਦਾ ਇਜਲਾਸ ਹੋਣ ਦੀ ਹੋਈ। ਇਸ ਗੱਲ ਦੀ ਚਰਚਾ ਕਿ ਵਿਧਾਇਕਾਂ ਦੀਆਂ ਤਨਖਾਹਾਂ 'ਚ ਵਾਧਾ ਕੀਤਾ ਜਾ ਰਿਹਾ ਹੈ, ਸਰਕਾਰ ਦੀ ਸੋਸ਼ਲ ਮੀਡੀਆ ਅਤੇ ਮੀਡੀਆ 'ਚ ਕਾਫੀ ਭੰਡੀ ਹੋਈ। ਖਜ਼ਾਨਾ ਖਾਲੀ ਹੈ ਦੀ ਰੱਟ ਪੰਜਾਬ ਸਰਕਾਰ ਦੇ ਵਿੱਤ ਮੰਤਰੀ ਵਲੋਂ ਲਗਾਤਾਰ ਲਗਾਈ ਜਾਂਦੀ ਰਹੀ ਅਤੇ ਇਹ ਵੀ ਕਿਹਾ ਜਾਂਦਾ ਰਿਹਾ ਕਿ ਜੀ ਐਸ ਟੀ ਕਾਰਨ ਖਜ਼ਾਨੇ ਦੀ ਆਮਦਨ ਘੱਟ ਹੋਈ ਹੈ। ਰੇਤ ਖਨਣ ਬੋਲੀ ਮੁਆਮਲੇ 'ਚ ਅਦਾਲਤ ਵਿੱਚ ਪੰਜਾਬ ਸਰਕਾਰ ਦੇ ਅਧਿਕਾਰੀਆਂ ਦੀ ਖਿਚਾਈ ਹੋਈ, ਜਿਸ ਤੋਂ ਇਹ ਪਰੱਤਖ ਦਿੱਸਣ ਲੱਗਾ ਕਿ ਰੇਤ ਖਨਣ ਮਾਫੀਏ ਦੇ ਤਾਰ ਕੁਝ ਸਰਕਾਰੀ ਅਧਿਕਾਰੀਆਂ ਅਤੇ ਸਿਆਸਤਦਾਨਾਂ ਨਾਲ ਜੁੜੇ ਹੋਏ ਹਨ।

ਪੰਜਾਬ ਵਿੱਚ 2018 ਦੇ ਵਰ੍ਹੇ 'ਚ ਕਾਂਗਰਸ ਸਰਕਾਰ ਨੂੰ ਵਿਰੋਧੀ ਧਿਰ ਵਲੋਂ ਕਿਸੇ ਤਿੱਖੇ ਵਿਰੋਧ ਦਾ ਸਾਹਮਣਾ ਨਹੀਂ ਕਰਨਾ ਪਿਆ।

ਕਾਂਗਰਸ ਦੀ ਰੈਲੀ ਤੇ ਬਰਾਬਰ 'ਤੇ ਬਾਦਲਾਂ ਦੀ ਉਸੇ ਦਿਨ ਰੈਲੀ ਅਤੇ ਬਰਗਾੜੀ ਮੋਰਚਾ ਵਾਲਿਆਂ ਦਾ ਇੱਕਠ ਇਕੋ ਦਿਨ ਹੋਣ ਨਾਲ ਪੰਜਾਬ ਦਾ ਸਿਆਸੀ ਤਾਪਮਾਨ ਵਧਿਆ, ਪਰੰਤੂ ਇਹ ਸਭ ਕੁਝ ਕਾਂਗਰਸ ਸਰਕਾਰ ਲਈ ਕੋਈ ਚੈਲਿੰਜ ਸਾਬਤ ਨਹੀਂ ਹੋਇਆ। ਬਾਦਲਾਂ ਵਲੋਂ ਹਰਿਮੰਦਰ ਸਾਹਿਬ ਜਾਕੇ ਆਪੇ ਭੁੱਲਾਂ ਬਖਸ਼ਾਉਣ ਦੀ ਪੰਜਾਬ 'ਚ ਹੀ ਨਹੀਂ ਵਿਸ਼ਵ ਭਰ ਦੇ ਸਿੱਖਾਂ 'ਚ ਵੱਡੀ ਚਰਚਾ ਹੋਈ ਕਿ ਉਹ ਕਿਹੜੀਆਂ ਭੁਲਾਂ ਬਖਸ਼ਾਉਣ ਲਈ ਜੁੱਤੇ ਝਾੜਨ ਜਾ ਭਾਂਡੇ ਮਾਜਣ ਜਾਂ ਝਾੜੂ ਬਹਾਰੀ ਕਰਨ ਸੇਵਾ ਕਰਨ (ਬਿਨ੍ਹਾਂ ਅਕਾਲ ਤਖਤ ਦੇ ਸੱਦੇ ਜਾਂ ਲਾਈ ਸਜ਼ਾ) ਪੂਰੀ ਕਰਨ ਲਈ ਪੁੱਜੇ। ਪਰ ਇੱਕ ਗੱਲ ਪੰਜਾਬ ਦੇ ਲਘਭਗ ਸਾਰੀਆਂ ਸਿਆਸੀ ਪਾਰਟੀਆਂ ਵਲੋਂ ਸਾਹਮਣੇ ਆਈ ਕਿ ਉਹ ਲੋਕਾਂ ਦੀਆਂ ਭੀੜਾਂ ਜਾਂ ਭਾੜੇ ਦੀਆਂ ਭੀੜਾਂ ਇੱਕਠੀਆਂ ਕਰਕੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ ਤੇ ਲੋਕਾਂ ਦੇ ਮੁੱਦੇ, ਮਸਲੇ ਜਾਂ ਸਮੱਸਿਆਵਾਂ ਹੱਲ ਕਰਨ ਲਈ ਕੋਈ ਯਤਨ ਨਹੀਂ ਕਰ ਰਹੇ।

# ਇੱਕ ਹੱਤਿਆਕਾਂਡ ਦੇ ਪੰਜਾਹ ਸਾਲ

**ਮੂਲ ਲੇਖਕ:- ਸੁਭਾਸ਼ਿਨੀ ਸਹਿਗਲ ਅਲੀ**
**ਪੰਜਾਬੀ ਰੂਪ- ਗੁਰਮੀਤ ਪਲਾਹੀ**

ਪੱਚੀ ਦਸੰਬਰ ਕ੍ਰਿਸਮਿਸ ਡੇ, ਖੁਸ਼ੀਆਂ ਦੇ ਦਿਨ ਦੇ ਤਿਉਹਾਰ ਵਜੋਂ ਦੁਨੀਆਂ ਭਰ ਵਿੱਚ ਮਨਾਇਆ ਜਾਂਦਾ ਹੈ। ਪਰ ਪੰਜਾਹ ਸਾਲ ਪਹਿਲਾਂ 25 ਦਸੰਬਰ 1969 ਦਾ ਦਿਨ ਤਾਮਿਲਨਾਡੂ ਦੇ ਤੰਜਾਵੂਰ ਜ਼ਿਲੇ ਦੇ ਇੱਕ ਛੋਟੇ ਜਿਹੇ ਪਿੰਡ ਕੀਲਵੇਨਮਨੀ ਲਈ ਬਹੁਤ ਹੀ ਭਿਆਨਕ ਸੰਤਾਪ ਦਾ ਦਿਨ ਸੀ। ਅੱਜ ਵੀ ਉਸ ਦਿਨ ਦੀ ਯਾਦ ਲੋਕਾਂ ਦੇ ਰੌਂਗਟੇ ਖੜੇ ਕਰ ਦਿੰਦੀ ਹੈ। ਕੀਲਵੇਨਮਨੀ ਪਿੰਡ ਵਿੱਚ ਵੱਡੇ ਜਿੰਮੀਦਾਰਾਂ ਦਾ ਬੋਲਬਾਲਾ ਸੀ। ਉਹਨਾ ਦੇ ਖੇਤਾਂ ਵਿੱਚ ਅਨੁਸੂਚਿਤ ਜਾਤੀ ਦੀਆਂ ਔਰਤਾਂ ਅਤੇ ਮਰਦ ਕੰਮ ਕਰਦੇ ਸਨ। ਉਹਨਾ ਕੋਲ ਜ਼ਮੀਨ ਦਾ ਇੱਕ ਵੀ ਟੁੱਕੜਾ ਨਹੀਂ ਸੀ ਅਤੇ ਉਹਨਾ ਕਦੇ ਪੇਟ ਭਰਕੇ ਖਾਕੇ ਸੌਣ ਦਾ ਸੁੱਖ ਸੁਫਨਿਆਂ ਵਿੱਚ ਨਹੀਂ ਸੀ ਪਾਇਆ। ਇਸ ਪਿੰਡ ਦੇ ਕੁੱਝ ਗਰੀਬ ਕਮਿਊਨਿਸਟ ਪਾਰਟੀ ਦੇ ਪ੍ਰਭਾਵ ਵਿੱਚ ਆਏ ਅਤੇ ਫਿਰ ਪਿੰਡ ਦੇ ਸਾਰੇ ਗਰੀਬਾਂ ਨੇ ਪਿੰਡ ਵਿੱਚ ਇੱਕ ਲਾਲ ਝੰਡਾ ਗੱਡ ਦਿੱਤਾ। ਉਹਨਾ ਦੀ ਕੋਈ ਵੱਡੀ ਮੰਗ ਵੀ ਨਹੀਂ ਸੀ। ਦਿਨ ਭਰ ਖੇਤਾਂ ਵਿੱਚ ਮਜ਼ਦੂਰੀ ਕਰਨ ਦੇ ਬਾਅਦ ਉਹਨਾ ਨੂੰ ਚਾਰ ਮੁੱਠੀ ਚਾਵਲ ਮਿਲਦੇ ਸਨ। ਉਹਨਾ ਦੀ ਮੰਗ ਸੀ ਕਿ ਚਾਵਲ ਪੰਜ ਮੁੱਠੀ ਮਿਲਣ। ਲੇਕਿਨ ਇਹ ਵੀ ਜ਼ਿੰਮੀਦਾਰਾਂ ਨੂੰ ਮਨਜ਼ੂਰ ਨਹੀਂ ਸੀ। ਉਹਨਾ ਨੂੰ ਤਾਂ ਇਸ ਗੱਲ ਦਾ ਗੁੱਸਾ ਸੀ ਕਿ ਉਹਨਾ ਦੇ ਗੁਲਾਮਾਂ ਨੇ ਉਹਨਾ ਦੇ ਸਾਹਮਣੇ ਸਿਰ ਚੁੱਕ ਕੇ ਮੰਗ ਕਰਨ ਦੀ ਜੁਰੱਅਤ ਵੀ ਕਿਵੇਂ ਕੀਤੀ? ਉਹਨਾ ਨੇ ਮਜ਼ਦੂਰਾਂ ਨੂੰ ਕਹਿ ਦਿੱਤਾ- ਲਾਲ ਝੰਡਾ ਹਟਾ ਦਿਓ, ਵਰਨਾ ਤੁਹਾਡੀ ਖੈਰ ਨਹੀਂ। ਇਹੀ ਨਹੀਂ, ਦੋ ਪੇਂਡੂਆਂ ਨੂੰ ਉਹਨਾ ਗਾਇਬ ਵੀ ਕਰ ਦਿੱਤਾ। ਉਹਨਾ ਦੀਆਂ ਲਾਸ਼ਾਂ ਕਈ ਦਿਨਾਂ ਬਾਅਦ ਮਿਲੀਆਂ।

ਲੇਕਿਨ ਪਿੰਡ ਵਾਲਿਆਂ ਨੇ ਆਪਣੇ ਝੰਡੇ ਨੂੰ ਛੱਡਣ ਤੋਂ ਨਾਂਹ ਕਰ ਦਿੱਤੀ। ਇਸ ਦੇ ਬਾਅਦ ਉਹਨਾ ਉਤੇ ਹਮਲਾ ਹੋਇਆ। ਜਿੰਮੀਦਾਰਾਂ ਦੇ ਲਠੈਤਾਂ ਨਾਲ ਪੁਲਸ ਵੀ ਆਈ। ਜਿੰਮੀਦਾਰਾਂ ਨੇ ਖੁਦ ਵੀ ਜਬਰਦਸਤ ਭੂਮਿਕਾ ਨਿਭਾਈ। ਜਿਥੇ ਵੀ ਕੋਈ ਮਿਲਿਆ, ਉਸਨੂੰ ਮਾਰ-ਮਾਰ ਕੇ ਅਧਮਰਿਆ ਕਰ ਦਿੱਤਾ। ਕਈ ਤਾਂ ਦੌੜਕੇ ਖੇਤਾਂ ਵਿੱਚ ਲੁਕ ਗਏ। 42 ਮਜ਼ਦੂਰਾਂ ਨੇ ਇੱਕ ਝੌਂਪੜੀ ਵਿੱਚ ਸ਼ਰਨ ਲਈ, ਉਹਨੂੰ ਅੰਦਰੋਂ ਬੰਦ ਕਰ ਲਿਆ। ਉਹਨਾ ਵਿਚੋਂ ਇੱਕ ਦੇ ਕੋਲ ਇੱਕ ਛੋਟਾ ਬੱਚਾ ਵੀ ਸੀ। ਉਹਨਾ ਵਿਚੋਂ ਕਿੰਨੇ ਮਰਦ ਸਨ ਤੇ ਕਿੰਨੀਆਂ ਔਰਤਾਂ ਇਹ ਅੱਜ ਤੱਕ ਵੀ ਪਤਾ ਨਹੀਂ ਲੱਗ ਸਕਿਆ। 42 ਦੇ 42 ਜਿੰਦਾ ਜਾਲ ਦਿੱਤੇ ਗਏ ਸਨ। ਉਹਨਾ ਦੀ ਸਰੀਰਕ ਸਥਿਤੀ ਦਾ ਬਿਆਨ ਪੋਸਟ ਮਾਰਟਮ ਰਿਪੋਰਟ ਕਰਦੀ ਹੈ। ਉਹਨਾ ਵਿਚੋਂ ਇੱਕ ਵੀ ਪੰਜ ਫੁੱਟ ਤੋਂ ਲੰਬਾ ਨਹੀਂ ਸੀ। ਇੱਕ ਲਾਸ਼ ਤਾਂ ਤਿੰਨ ਫੁੱਟ ਦੀ ਸੀ। ਕੁਪੋਸ਼ਨ ਦਾ ਅਸਰ ਵੀ ਇਹ ਜਲੀਆਂ ਹੋਈਆਂ ਲਾਸ਼ਾਂ ਬਿਆਨ ਕਰ ਰਹੀਆਂ ਸਨ। ਅਨੁਸੂਚਿਤ ਜਾਤਾਂ ਦੇ ਇਹ 42 ਮਜ਼ਦੂਰ ਅਤੇ ਇੱਕ ਛੋਟਾ ਬੱਚਾ ਲੂਹ ਕੇ ਮਾਰ ਦਿੱਤਾ ਗਿਆ, ਲੇਕਿਨ ਇੱਕ ਵੀ ਜਿੰਮੀਦਾਰ ਨੂੰ ਸਜ਼ਾ ਨਹੀਂ ਹੋਈ।

ਅਦਾਲਤ ਵਿੱਚ ਮਜਿਸਟ੍ਰੇਟ ਨੇ ਕਿਹਾ ਕਿ ਜਿੰਮੀਦਾਰਾਂ ਨੇ ਝੌਂਪੜੀਆਂ ਨੂੰ ਅੱਗ ਲਗਾਈ ਸੀ, ਲੇਕਿਨ ਕਿਸੇ ਨੂੰ ਵੀ ਫਾਂਸੀ ਦੀ ਸਜ਼ਾ ਨਹੀਂ ਸੁਣਾਈ ਗਈ। ਕੁਝ ਹੀ ਸਮੇਂ ਵਿੱਚ ਜਿੰਮੀਦਾਰ ਜਮਾਨਤ ਉਤੇ ਛੁਟਕੇ ਬਾਹਰ ਆ ਗਏ ਅਤੇ ਉੱਚ ਅਦਾਲਤ ਚਲੇ ਗਏ। ਉਚ ਅਦਾਲਤ ਦਾ ਫੈਸਲਾ ਤਾਂ ਹੋਰ ਵੀ ਹੈਰਾਨੀਜਨਕ ਸੀ। ਮੁਲਾਜਮਾਂ ਦੇ ਧਨ ਦੌਲਤ ਅਤੇ ਸਮਾਜਿਕ ਉੱਚਤਾ ਦੇ ਵਖਿਆਨ ਤੋਂ ਬਾਅਦ ਇਹ ਕਿਹਾ ਗਿਆ ਕਿ ਹਾਲਾਂਕਿ ਇਹ ਬਹੁਤ ਹੀ ਦੁਖਾਦਾਇਕ ਹੈ ਕਿ 42 ਲੋਕ ਇੱਕ ਝੌਂਪੜੀ 'ਚ ਜਲਕੇ ਮਰ ਗਏ, ਪਰ ਇਹ ਨਹੀਂ ਕਿਹਾ ਜਾ ਸਕਦਾ ਹੈ ਕਿ ਉਹਨਾ ਦੀ ਜਾਨ ਲੈਣ ਲਈ ਕਿਸੇ ਨੇ ਝੌਂਪੜੀ ਨੂੰ ਅੱਗ ਲਗਾਈ ਸੀ। ਸਾਰੇ ਮੁਲਜਮਾਂ ਨੂੰ ਬਰੀ ਕਰ ਦਿੱਤਾ ਗਿਆ।

ਲੇਕਿਨ ਐਸ ਸੀ/ ਐਸ ਟੀ ਅਤਿਆਚਾਰ ਵਿਰੋਧੀ ਕਾਨੂੰਨ ਬਹੁਤ ਸਖਤ ਹੈ। ਉਸਨੂੰ ਨਿਰਾਰਥਕ ਬਨਾਉਣ ਦੀ ਸੁਪਰੀਮ ਕੋਰਟ ਵਲੋਂ ਕੀਤੀ ਗਈ ਕੋਸ਼ਿਸ਼, ਉਸਦੇ ਵਿਰੁੱਧ ਚਾਰ ਅਪ੍ਰੈਲ ਦਾ ਭਾਰਤ ਬੰਦ, ਅਤੇ ਫਿਰ ਸਰਕਾਰ ਵਲੋਂ ਇਸਦੀ ਬਹਾਲੀ- ਇਸ ਸਭ ਕੁਝ ਨੂੰ ਲੈ ਕੇ ਹੰਗਾਮਾ ਹੋਇਆ। ਚੋਣ ਮੁਹਿੰਮ ਦੌਰਾਨ, ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿੱਚ ਇਹ ਚੋਣਾਵੀ ਮੁੱਦਾ ਵੀ ਬਣਿਆ। ਕਿਸੇ ਨੇ ਵੀ ਇਹ ਨਹੀਂ ਪੁੱਛਿਆ ਕਿ ਬੰਦ ਵਿੱਚ ਸ਼ਾਮਲ ਲੋਕ ਅੱਜ ਤੱਕ ਕਿਉਂ ਬੰਦ ਹਨ? ਉਹਨਾ ਉਤੇ ਇੰਨੇ ਸੰਗੀਨ ਦੋਸ਼ ਕਿਉਂ ਲਗਾਏ ਗਏ ਹਨ? ਅਤੇ ਬੰਦ ਦੇ ਦਿਨ, ਵਿਖਾਵਾਕਾਰੀਆਂ ਉਤੇ ਗੋਲੀ ਚਲਾਉਣ ਵਾਲੇ ਅੱਜ ਤੱਕ ਅਜ਼ਾਦ ਕਿਉਂ ਘੁੰਮ ਰਹੇ ਹਨ? ਕੀਲਵੇਨਮਨੀ ਦੇ ਭਿਆਨਕ ਹੱਤਿਆ ਕਾਂਡ ਨੂੰ 50 ਸਾਲ ਹੋ ਗਏ ਹਨ। ਅਸੀਂ ਅਤੇ ਸਾਡਾ ਸਮਾਜ ਇਹਨਾ 50 ਸਾਲਾਂ ਵਿੱਚ ਕਿੰਨਾ ਬਦਲਿਆ ਹੈ? ਇੱਕ ਹਫਤਾ ਪਹਿਲਾਂ ਹੀ, ਉਤਰਪ੍ਰਦੇਸ਼ ਦੇ ਏਟਾ ਵਿੱਚ ਅਨੁਸੂਚਿਤ ਜਾਤੀ ਦੇ ਇੱਕ ਵਿਆਹਦੜ ਨੂੰ ਘੋੜੀ ਤੋਂ ਹੇਠ ਉਤਾਰਕੇ ਕੁਟਿਆ ਗਿਆ। ਫਿਰ ਉਸਨੂੰ ਪੈਦਲ ਹੀ ਬਰਾਤ ਨਾਲ ਜਾਣ ਦੀ ਆਗਿਆ ਦਿੱਤੀ।

ਕੀਲਵੇਨਮਨੀ ਤੋਂ ਏਟਾ ਤੱਕ, 1968 ਤੋਂ 2018 ਤੱਕ ਬਹੁਤ ਕੁਝ ਨਹੀਂ ਬਦਲਿਆ।

# ਠੰਡ ਦੇ ਬਾਵਜੂਦ ਸ਼ਡਿਊਲਡ ਕਾਸਟ ਅਲਾਇੰਸ ਨੇ ਨੰਗੇ ਧੜ ਕੀਤਾ ਮੁਜ਼ਾਹਰਾ

**ਚੰਡੀਗੜ੍ਹ-** ਨੈਸ਼ਨਲ ਸ਼ਡਿਊਲਡ ਕਾਸਟ ਅਲਾਇੰਸ ਵੱਲੋਂ ਕੈਪਟਨ ਸਰਕਾਰ ਖਿਲਾਫ ਇੱਥੇ ਸੈਕਟਰ 25 ਵਿਚ ਕੀਤੀ ਗਈ ਭੁੱਖ ਹੜਤਾਲ ਤੇ ਧਰਨਾ ਲਗਾਤਾਰ ਜਾਰੀ ਹੈ। ਕੜਾਕੇ ਦੀ ਠੰਡ ਦੇ ਬਾਵਜੂਦ ਅਲਾਇੰਸ ਦੇ ਪ੍ਰਧਾਨ ਪਰਮਜੀਤ ਕੈਂਥ ਦੀ ਅਗਵਾਈ ਹੇਠ ਭੁੱਖ ਹੜਤਾਲ ਤੇ ਬੈਠੇ ਮੈਂਬਰਾਂ ਨੇ ਨੰਗੇ ਧੜ ਰੋਸ ਮੁਜ਼ਾਹਰਾ ਕੀਤਾ।

ਕੈਂਥ ਨੇ ਧਰਨੇ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹਨਾਂ ਦੀ ਸ਼ਾਸਨ ਪ੍ਰਸ਼ਾਸਨ ਵਿਚ ਕਿਤੇ ਵੀ ਕੋਈ ਸੁਣਵਾਈ ਨਹੀਂ ਹੋ ਰਹੀ, ਸਗੋਂ ਉਹਨਾਂ ਨੂੰ ਸ਼ਰਨਾਰਥੀਆਂ ਵਰਗਾ ਜੀਵਨ ਜਿਊਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਇਹਨਾਂ ਸਾਰੀਆਂ ਘਟਨਾਵਾਂ ਵਿਚ ਸਾਬਕਾ ਵਿਦੇਸ਼



ਰਾਜ ਮੰਤਰੀ ਪ੍ਰਨੀਤ ਕੌਰ ਦਾ ਚਹੇਤਾ ਵਿਧਾਇਥ ਨਿਰਮਲ ਸਿੰਘ ਦੋਸ਼ੀਆਂ ਦਾ ਮਦਦਗਾਰ ਬਣ ਗਿਆ ਹੈ। ਸਿਵਲ, ਪੁਲਿਸ ਪ੍ਰਸ਼ਾਸਨ ਕਾਂਗਰਸੀਆਂ ਦੀ ਕਠਪੁਤਲੀਆਂ ਵਾਂਗ ਕੰਮ ਕਰ ਰਿਹਾ ਹੈ।

ਨੈਸ਼ਨਲ ਸ਼ਡਿਊਲਡ ਕਾਸਟ ਅਲਾਇੰਸ ਸਰਕਾਰੀ ਦਹਿਸ਼ਤਗਰਦੀ ਨੂੰ ਕਿਸੇ ਵੀ ਕੀਮਤ 'ਤੇ ਸਹਿਣ ਨਹੀਂ ਕਰੇਗਾ। ਕੈਂਥ ਨੇ ਦੱਸਿਆ ਕਿ ਸ਼ਰਨਾਰਥੀ ਧਰਨਾਕਾਰੀਆਂ ਨੂੰ ਇਨਸਾਫ ਦਿਵਾਉਣ ਲਈ ਵਿਧਾਇਕਾਂ ਦੀ ਅਨੁਸੂਚਿਤ ਜਾਤੀਆਂ ਦੀ ਭਲਾਈ ਲਈ ਬਣੀ ਕਮੇਟੀ ਇਹਨਾਂ ਗੰਭੀਰ ਸਮੱਸਿਆਵਾਂ ਦਾ ਨੋਟਿਸ ਲੈਂਦਿਆਂ ਤੁਰੰਤ ਕਾਰਵਾਈ ਕਰੇ ਤੇ ਪੀੜਤ ਪਰਿਵਾਰਾਂ ਨੂੰ ਨਿਆਂ ਦਿਵਾਉਣ ਦਾ ਉਪਰਾਲਾ ਕੀਤਾ ਜਾਵੇ।

# ਪੰਚਾਇਤੀ ਚੌਣਾਂ ਅਤੇ ਸ਼ਹੀਦੀ ਹਫਤਾ



ਮੇਜਰ ਸਿੰਘ ਨਾਭਾ
91-94635-53962

ਲੋਕਤੰਤਰ ਦੀ ਮੁਢਲੀ ਸਥਾਨਕ ਇਕਾਈ ਗਰਾਮ ਪੰਚਾਇਤ ਹੈ। ਸਰਕਾਰ ਵਲੋਂ ਜੁਲਾਈ 2018 ਵਿੱਚ ਪੰਜਾਬ ਦੀਆਂ 13040 ਗਰਾਮ ਪੰਚਾਇਤਾਂ ਨੂੰ ਭੰਗ ਕਰਨ ਦੇ ਐਲਾਨ ਸਮੇਂ 30 ਸਤੰਬਰ ਤੱਕ ਚੌਣਾਂ ਕਰਵਾਉਣ ਦਾ ਜਿਕਰ ਵੀ ਸੀ। ਕਾਰਨ ਭਾਵੇਂ ਕੋਈ ਵੀ ਹੋਣ ਇਹ ਚੌਣਾਂ ਲਟਕਦੀਆਂ ਹੋਈਆਂ ਹੁਣ ਦਸੰਬਰ 30 ਨੂੰ ਹੋਣ ਜਾ ਰਹੀਆਂ ਹਨ।ਕੀ ਇਹ ਅੱਗੇ ਨਹੀਂ ਹੋ ਸਕਦੀਆਂ? ਇਹ ਫੈਸ਼ਲਾ ਇਸੀ ਸਮੇਂ ਲੈਣ ਦੀ ਕੀ ਮਜਬੂਰੀ ਸੀ? ਇਹ ਸਵਾਲ ਜਰੂਰ ਲੋਕਾਂ ਦੇ ਮਨਾਂ ਵਿੱਚ ਸਰਕਾਰ ਦੀ ਦਿਆਨਤਦਾਰੀ ਤੇ ਸ਼ੱਕ ਕਰਨ ਲਈ ਮਜਬੂਰ ਕਰੇਗਾ। ਦਸੰਬਰ ਮਹੀਨਾ ਸਿੱਖ ਇਤਿਹਾਸ ਵਿੱਚ ਸ਼ਹੀਦੀ ਦਿਨਾਂ ਕਰਕੇ ਸੋਗਮਈ ਹੁੰਦਾ ਹੈ। ਇਸ ਮਹੀਨੇ ਅੰਦਰ 22 ਦਸੰਬਰ ਨੂੰ ਸ਼ਹੀਦੀ ਦਿਹਾੜਾ ਬਾਬਾ ਜੀਵਨ ਸਿੰਘ ਜੀ, 23 ਦਸੰਬਰ ਨੂੰ ਸ਼ਹੀਦੀ ਦਿਹਾੜਾ ਵੱਡੇ ਸਾਹਿਬਜ਼ਾਦੇ ਅਤੇ ਚਮਕੌਰ ਸਾਹਿਬ ਦੇ ਹੋਰ ਸ਼ਹੀਦ, 24 ਦਸੰਬਰ ਨੂੰ ਸ਼ਹੀਦੀ ਦਿਹਾੜਾ ਭਾਈ ਸੰਗਤ ਸਿੰਘ ਜੀ ਅਤੇ 28 ਦਸੰਬਰ ਨੂੰ ਸ਼ਹੀਦੀ ਦਿਹਾੜਾ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਆ ਰਹੇ ਹਨ।ਸਿੱਖ ਇਤਿਹਾਸ ਵਿੱਚ ਇਨ੍ਹਾਂ ਸ਼ਹੀਦੀ ਸਾਕਿਆਂ ਨੂੰ 'ਸ਼ਹੀਦੀ ਸਾਕਾ ਚਮਕੌਰ ਸਾਹਿਬ' ਅਤੇ 'ਸਹੀਦੀ ਸਾਕਾ ਸਰਹਿੰਦ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਨ੍ਹਾਂ ਦਿਨਾਂ ਵਿੱਚ ਹੀ ਚੌਣ ਪ੍ਰਕਿਰਿਆ ਜ਼ੋਰਾਂ ਤੇ ਹੋਵੇਗੀ। ਸਾਰਾ ਪ੍ਰਸਾਸ਼ਨ ਚੌਣਾਂ'ਚ ਰੁੱਝਿਆ ਹੋਵੇਗਾ ਅਤੇ ਫਤਿਹਗੜ੍ਹ ਸਾਹਿਬ ਵਿਖੇ ਲੱਖਾਂ ਸਰਧਾਲੂਆਂ ਲਈ ਵੀ ਪ੍ਰਸ਼ਾਸ਼ਨ ਨੇ ਪੁਖਤਾ ਪ੍ਰਬੰਧ ਕਰਨੇ ਹੁੰਦੇ ਹਨ, ਜੋ ਕਿ ਮੁਸ਼ਕਲ ਵਿੱਚ ਫੱਸ ਜਾਵੇਗਾ। ਆਮ ਲੋਕਾਂ ਦਾ ਧਿਆਨ ਪੰਚਾਇਤਾਂ ਲਈ ਚੌਣਾਂ 'ਚ ਖੜੇ ਉਮੀਦਵਾਰਾਂ ਵਲੋਂ ਵਾਰ ਵਾਰ ਘਰਾਂ'ਚ ਗੇੜੇ ਲਾਉਣ ਕਾਰਣ ਆਪਣੇ ਅਕੀਦੇ ਤੋਂ ਜਰੂਰ ਭਟਕਾਏਗਾ। ਜਿੰਨੇ ਮੁਲਾਜਮਾਂ ਦੀ ਡਿਊਟੀ ਚੌਣਾਂ 'ਚ ਲੱਗੇਗੀ ਉਹ ਵੀ ਆਪਣੇ ਸ਼ਰਧਾ ਦੇ ਮੱਦੇਨਜ਼ਰ ਫਤਿਹਗੜ੍ਹ ਸਾਹਿਬ ਵਿਖੇ ਛੋਟੇ ਸਾਹਿਬਜ਼ਾਦਿਆਂ ਨੂੰ ਆਪਣੀ ਅਕੀਦਤ ਦੇ ਫੁੱਲ ਭੇਟ ਕਰਨ ਲਈ ਜਾਣ ਤੋਂ ਵਾਂਝੇ ਰਹਿ ਸਕਦੇ ਹਨ। ਚੋਣਾਂ ਵਿੱਚ ਜੋ ਕੂਝ ਹੁੰਦਾ ਹੈ ਉਹ ਵੀ ਕਿਸੇ ਤੋਂ ਗੁੱਝਾ ਨਹੀਂ। ਸ਼ਥਾਨਕ ਪੱਧਰ ਦੀ ਚੌਣ ਹੋਣ ਕਾਰਨ ਵੋਟਰਾਂ ਨੂੰ ਸਿੱਧੇ ਤੌਰ ਤੇ ਲਾਲਚ ਦਿੱਤੇ ਜਾਂਦੇ ਹਨ। ਉਮੀਦਵਾਰਾਂ ਵਲੋਂ ਮੁਫਤ ਨਸ਼ੇ, ਭਾਤ-ਭਾਂਤ ਦੇ ਪਕਵਾਨ ਲੋਕਾਂ ਨੂੰ ਵੋਟਾਂ ਭਰਮਾਉਣ ਲਈ ਖਵਾਏ ਜਾਂਦੇ ਹਨ। ਕਈ ਉਮੀਦਵਾਰ ਗਰੀਬ ਪਰਿਵਾਰਾਂ ਨੂੰ ਵਸਤਾਂ ਆਦਿ ਦੇ ਕੇ ਵੋਟਾਂ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੇ ਹਨ। ਪੰਜਾਬ ਦੇ ਇੱਕ ਪਿੰਡ ਵਿੱਚ ਸਰਪੰਚੀ ਲਈ ਇੱਕੋ ਪਰਿਵਾਰ ਦੇ ਨੇੜਲੇ ਰਿਸਤੇ 'ਚੋਂ ਇੱਕ ਉਮੀਦਵਾਰ ਨੇ ਪਿੰਡ ਦੇ ਗੁਰੂ ਘਰ ਲਈ ਪੰਜ ਲੱਖ ਦੇਣ ਦਾ ਐਲਾਨ ਕੀਤਾ ਹੈ ਅਤੇ ਦੂਜੇ ਨੇ ਦੋ ਕਿੱਲੇ ਜਮੀਨ ਦੇਣ ਦਾ ਐਲਾਨ ਕੀਤਾ ਹੈ। ਇਸ ਤੋਂ ਸਾਫ ਜਾਹਿਰ ਹੈ ਕਿ ਲੋਕਾਂ ਨੇ ਸਰਪੰਚੀ ਨੂੰ ਕਿੰਨੀ ਅਹਿਮੀਅਤ ਦਿੱਤੀ ਹੋਈ ਹੈ। ਸੋ ਇਹ ਪੰਚਾਇਤੀ ਚੌਣਾਂ ਇਨ੍ਹਾਂ ਦਿਨਾਂ ਵਿੱਚ ਸ਼ਹੀਦੀ ਸਮਾਗਮਾਂ ਦੀ ਹਾਜ਼ਰੀ ਨੂੰ ਜਰੂਰ ਪ੍ਰਭਾਵਤ ਕਰਨਗੀਆਂ। ਇਨ੍ਹਾਂ ਸ਼ਹੀਦੀ ਸਮਾਗਮਾਂ 'ਚ ਸਾਰੇ ਧਰਮਾਂ ਦੇ ਲੋਕ ਸਮੂਲੀਅਤ ਕਰਦੇ ਹਨ। ਸਮਾਗਮਾਂ ਦੇ ਦਿਨ ਤੋਂ ਕਈ ਦਿਨ ਪਹਿਲਾਂ ਅਤੇ ਕਈ ਦਿਨ ਬਾਅਦ ਸਮਾਗਮਾਂ ਨੂੰ ਜਾਣ ਵਾਲੇ ਰਸਤਿਆਂ ਤੇ ਥਾਂ-ਥਾਂ ਸੰਗਤ ਲਈ ਲੰਗਰ ਲਾਏ ਜਾਂਦੇ ਹਨ। ਸੇਵਾ ਕਰਨ ਵਾਲੇ ਲੋਕਾਂ ਦੇ ਮਨਾਂ 'ਚ ਇਹ ਚੌਣ ਅਖਾੜਾ ਦੁਚਿੱਤੀ ਪੈਦਾ ਕਰੇਗਾ। ਉਨ੍ਹਾਂ ਦੇ ਮਨ ਦੀ ਇਕਾਗਰਤਾ ਨੂੰ ਭੰਗ ਵੀ ਕਰੇਗਾ। ਇਹ ਸਾਰਾ ਕੁਝ ਪੰਚਾਇਤੀ ਚੌਣਾਂ ਨੂੰ ਵੀ ਪ੍ਰਭਾਵਿਤ ਕਰੇਗਾ।ਪੰਜਾਬ ਅਤੇ ਬਾਹਰ ਵੱਸਦੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਗੰਭਰਿਤਾ ਨਾਲ ਲੈਂਦੇ ਹੋਏ ਸਰਕਾਰ ਵਲੋਂ ਇਸ ਫੈਸ਼ਲੇ ਨੂੰ ਬਦਲਣ ਲਈ ਠੋਸ ਕਦਮ ਉਠਾਉਣਾ ਚਾਹੀਦਾ ਹੈ। ਉਂਝ ਵੀ ਫਤਿਹਗੜ੍ਹ ਜਿਲ੍ਹੇ ਵਿੱਚ ਪ੍ਰਾਸ਼ਸ਼ਨ ਵਲੋਂ ਇਨ੍ਹਾਂ ਦਿਨਾਂ ਵਿੱਚ ਮੀਟ ਅਤੇ ਸ਼ਰਾਬ ਦੀ ਵਿੱਕਰੀ ਅਤੇ ਖਾਣ-ਪੀਣ ਤੇ ਰੋਕ ਲਗਾਈ ਜਾਂਦੀ ਹੈ, ਇਸ ਤਰ੍ਹਾਂ ਲੋਕਾਂ ਦੇ ਆਪਸੀ ਭਾਈਚਾਰੇ ਵਿੱਚ ਕਿਤੇ ਨਾ ਕਿਤੇ ਤਰੇੜਾਂ ਪੈਣ ਦੀਆਂ ਸੰਭਾਵਨਾਵਾਂ ਵੱਧਣਗੀਆਂ ਕਿਉਂਕਿ ਮੁਫਤ ਦੇ ਨਸ਼ੇ ਆਪਣਾ ਰੋਲ ਅਦਾ ਕਰਨ ਲਈ ਮਜਬੂਰ ਹੋਣਗੇ।ਕੀ ਸਰਕਾਰ ਇਨ੍ਹਾਂ ਨਸ਼ਿਆਂ ਨੂੰ ਰੋਕ ਸਕੇਗੀ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ। ਜੇਕਰ ਹੁਣ ਚੌਣਾਂ ਹੋਣ ਹੀ ਜਾ ਰਹੀਆਂ ਹਨ ਤਾਂ ਪੰਜਾਬ ਦੇ ਜੁਝਾਰੂ ਸੂਝਵਾਨ ਲੋਕਾਂ ਨੂੰ ਅੱਗੇ ਆ ਕੇ ਇਨ੍ਹਾਂ ਚੌਣਾਂ 'ਚ ਸਰਬਸੰਮਤੀ ਨਾਲ ਪੰਚਾਇਤਾਂ ਬਣਾਉਣ ਲਈ ਲੋਕਾਂ ਨੂੰ ਪ੍ਰੇਰਿਆ ਜਾਵੇ। ਇਸ ਨਾਲ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਕੁਝ ਹੱਦ ਤੱਕ ਠੇਸ ਨਹੀਂ ਪਹੁੰਚੇਗੀ ਅਤੇ ਆਪਸੀ ਭਾਈਚਾਰਾ ਬਣਿਆ ਰਹਿਣ ਦੀ ਸੰਭਾਵਨਾ ਵੱਧੇਗੀ।ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ, ਕਈ ਵਾਰੀ ਉਪਰਲੀਆਂ ਚੌਣਾਂ ਵੀ ਪਿਛਲੇ ਸਮਿਆਂ ਦੌਰਾਨ ਕਿਸੇ ਨਾ ਕਿਸੇ ਕਾਰਣ ਰੱਦ ਕਰਨੀਆਂ ਪਈਆਂ ਹਨ ਸੋ ਇਨ੍ਹਾਂ ਤੇ ਵੀ ਨਜ਼ਰਸਾਨੀ ਕੀਤੀ ਜਾ ਸਕਦੀ ਹੈ।

'ਦੇਸ਼ ਦੁਆਬਾ ਦੇ ਪਿਛਲੇ ਹਫਤੇ ਛਪੇ ਲੇਖ 'ਮੈਂ ਹਿੰਦੂ ਹਾਂ' ਦੇ ਲੇਖਕ ਅਸਗਰ ਵਸਾਹਟ



# 'ਸਿੱਖ ਇਤਿਹਾਸ ਵਿੱਚ ਮੁਸਲਮਾਨ ਬੀਬੀ 'ਮੁਮਤਾਜ' 'ਤੇ ਇਸਦੇ ਪਿਤਾ 'ਨਹਿੰਗ ਖਾਨ' ਦੀ ਕੁਰਬਾਨੀ'



ਮੇਜਰ ਸਿੰਘ 'ਬੁਢਲਾਡਾ'
91-94176-42327

ਸਿੱਖ ਇਤਿਹਾਸ ਇਕ ਤੋਂ ਵਧਕੇ ਕੁਰਬਾਨੀਆਂ ਨਾਲ ਭਰਿਆ ਪਿਆ ਹੈ। ਇਹਨਾਂ ਕੁਰਬਾਨੀਆਂ ਵਿਚ ਇਕ ਜਿਕਰ ਮੁਸਲਮਾਨ ਬੀਬੀ 'ਮੁਮਤਾਜ' ਜੀ ਅਤੇ ਇਸਦੇ ਪਿਤਾ ਨਹਿੰਗ ਖਾਨ ਜੀ ਕੁਰਬਾਨੀ ਦਾ ਵੀ ਆਉਂਦਾ ਹੈ।

ਗੁਰੂ ਗੋਬਿੰਦ ਸਿੰਘ ਜੀ, ਜਦੋਂ ਸਰਸਾ ਨਦੀ ਪਾਰ ਕਰਕੇ ਆਪਣੇ ਪਿਆਰੇ ਇਕ ਰਿਆਸਤ ਦੇ ਮੁੱਖੀ 'ਕੋਟਲਾ ਨਿਹੰਗ ਖਾਨ' ਦੇ ਘਰ ਸ਼ਾਮ ਦੇ ਵਕਤ ਕੁਝ ਸਮੇਂ ਲਈ ਰੁਕੇ, ਤਾਂ ਇਥੇ ਗੁਰੂ ਜੀ ਨੂੰ ਖਬਰ ਮਿਲੀ, ਕਿ 'ਮਲਕਪੁਰ ਰੰਗੜਾ' ਦੇ ਸਥਾਨ ਤੇ ਦੁਸ਼ਮਣਾਂ ਵਲੋਂ ਲੋਹਗੜ੍ਹ ਦਾ ਕਿਲਾ ਤੋੜਣ ਲਈ ਭੇਜੇ ਗਏ ਸ਼ਰਾਬੀ ਹਾਥੀ ਨੂੰ ਇਕ ਨਾਗਣੀ ਨਾਲ ਹਰਾਉਣ ਵਾਲਾ ਸੂਰਬੀਰ ਯੋਧਾ ਭਾਈ ਬਚਿੱਤਰ ਸਿੰਘ ਜੀ ਦੇ ਜਥੇ ਦੇ ਸਾਰੇ ਸਿੰਘ,ਦੁਸ਼ਮਣਾਂ ਦੀ ਬੇਹੱਦ ਵੱਡੀ ਫੌਜ ਨਾਲ ਮੁਕਾਬਲੇ ਵਿੱਚ ਸ਼ਹੀਦ ਹੋ ਗਏ ਅਤੇ ਭਾਈ ਬਚਿੱਤਰ ਸਿੰਘ ਜੀ ਬਹੁਤ ਬੁਰੀ ਤਰ੍ਹਾਂ ਜ਼ਖਮੀ ਹਾਲਤ ਵਿੱਚ ਪਏ ਹਨ। ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਬੇਟੇ ਅਜੀਤ ਸਿੰਘ ਨੂੰ ਹੁਕਮ ਕੀਤਾ, ਕਿ "ਭਾਈ ਬਚਿੱਤਰ ਸਿੰਘ ਨੂੰ ਜਲਦੀ ਇਥੇ ਲੈਕੇ ਆਓ । ਜਿਸਨੂੰ ਸਹਿਬਜਾਦੇ ਅਜੀਤ ਸਿੰਘ ਨੇ ਆਪਣੇ ਸਾਥੀਆਂ ਦੇ ਨਾਲ ਜਾਕੇ ਭਾਈ ਬਚਿੱਤਰ ਸਿੰਘ ਨੂੰ ਚੁੱਕਕੇ 'ਨਹਿੰਗ ਖਾਨ' ਦੇ ਘਰ ਲਿਆਂਦਾ ਗਿਆ , ਲੋੜ ਤੋਂ ਵੱਧ ਜਖ਼ਮੀ ਮਰਨ ਦੇ ਕਿਨਾਰੇ ਪਿਆ ਭਾਈ ਬਚਿੱਤਰ ਸਿੰਘ ਨੂੰ ਸੇਵਾ ਸੰਭਾਲ ਲਈ ਆਪਣੇ ਮੁਰੀਦ 'ਨਹਿੰਗ ਖਾਨ' ਦੇ ਹਵਾਲੇ ਕਰਕੇ ,ਗੁਰੂ ਜੀ ਸਿੰਘਾਂ ਸਮੇਤ ਉਥੋਂ ਚਮਕੌਰ ਨੂੰ ਚਲੇ ਗਏ। ਕਿਸੇ ਨੇ ਰੋਪੜ ਇਲਾਕੇ ਦੇ ਨਵਾਬ ਜਾਫਰ ਅਲੀ ਖਾਨ ਨੂੰ ਖ਼ਬਰ ਦੇ ਦਿੱਤੀ ਕਿ ਨਹਿੰਗ ਖਾਨ ਦੇ ਘਰ ਗੋਬਿੰਦ ਸਿੰਘ 'ਤੇ ਉਹਦੇ ਸਿੰਘ ਆਏ ਹੋਏ ਨੇ।"



ਨਹਿੰਗ ਖਾਨ ਨੂੰ ਜਦ ਇਸ ਗੱਲ ਦਾ ਪਤਾ ਲੱਗਾ ,ਤਾਂ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਯੋਧੇ ਨੂੰ ਬਚ-ਾਉਣ ਲਈ ਇਕ ਸਕੀਮ ਬਣਾਈ ਅਤੇ ਆਪਣੀ ਬੇਟੀ 'ਮੁਮਤਾਜ' ਨੂੰ ਬਚਿੱਤਰ ਸਿੰਘ ਦੇ ਕਮਰੇ ਵਿੱਚ ਉਸ ਦੀ ਸੇਵਾ ਸੰਭਾਲ ਲਈ ਭੇ-ਜਿਆ ਗਿਆ। ਨਵਾਬ 'ਜਾਫਰ ਅਲੀਖਾਨ' ਨੇ ਆਪਣੀ ਫੌਜ ਨੂੰ ਨਾਲ ਲੈਕੇ ਨਹਿੰਗ ਖਾਨ ਦੇ ਕਿਲੇ ਦੀ ਤਲਾਸ਼ੀ ਲਈ, ਕੋਈ ਸਿੰਘ ਨਾ ਮਿਲਿਆ, ਜਦ ਇਕ ਸਪੈਸ਼ਲ ਬੰਦ ਪਏ ਕਮਰੇ ਵਾਰੇ ਪੁੱਛਿਆ ਗਿਆ, ਤਾਂ ਨਹਿੰਗ ਖਾਨ ਨੇ ਬਣਾਈ ਗਈ ਸਕੀਮ ਅਨੁਸਾਰ ਨਵਾਬ ਨੂੰ ਦੱਸਿਆ ਗਿਆ ਕਿ "ਇਸ ਕਮਰੇ ਅੰਦਰ ਮੇਰੀ ਧੀ ਅਤੇ ਉਹਦਾ ਪਤੀ ਰਹਿ ਰਹੇ ਹਨ, ਜੇ ਜਰੂਰੀ ਹੈ, ਦਰਵਾਜਾ ਖੁਲਵਾਕੇ ਵੇਖ ਸਕਦੇ ਹੋ।"

ਨਵਾਬ ਜਾਫਰ ਆਲੀ ਖਾਨ ਨੇ ਨਹਿੰਗ ਖਾਨ ਦਾ ਯਕੀਨ ਕਰਦੇ ਹੋਏ, ਇਹ ਕਮਰਾ ਬਿਨਾਂ ਵੇਖੇ ਅਤੇ ਖਿਮਾ ਮੰਗਕੇ ਚਲਾ ਗਿਆ। ਜਿਥੇ ਜਖਮਾਂ ਦੀ ਤਾਬ ਨਾ ਝੱਲਦੇ ਹੋਏ 7-8 ਪੋਹ ਵਿਚਕਾਰਲੀ ਰਾਤ ਦਸੰਬਰ 1705 ਨੂੰ ਇਹ ਸੂਰਬੀਰ ਭਾਈ ਬਚਿੱਤਰ ਸਿੰਘ ਜੀ, ਸਦਾ ਲਈ ਇਸ ਦੁਨੀਆਂ ਤੋਂ ਚਲਾ ਗਿਆ।

ਨਹਿੰਗ ਖਾਨ ਦੀ ਇਸ ਲੜਕੀ 'ਮੁਮਤਾਜ' ਦਾ ਰਿਸਤਾ ਇਸ ਦੀ ਭੂਆ ਬੀਬੀ 'ਉਮਰੀ' (ਜੋ ਕਿ 'ਗਨੀ ਖਾਂ, ਨਬੀ ਖਾਂ ਦੀ ਮਾਤਾ ਸੀ,ਜੋ ਗੁਰੂ ਗੋਬਿੰਦ ਸਿੰਘ ਜੀ ਨੂੰ ਉੱਚ ਦਾ ਪੀਰ ਬਣਾਕੇ ਲੈਕੇ ਆਏ ਸੀ।) ਨੇ ਬੱਸੀ ਪਠਾਣਾਂ ਨੇੜੇ 'ਜਵਾਰਖਾਨ' ਨਾਲ ਕਰਵਾਇਆ ਹੋਇਆ ਸੀ।

ਜਦ ਸਮਾਂ ਆਉਣ ਤੇ ਬੀਬੀ ਮੁਮਤਾਜ ਨਾਲ, ਪਿਤਾ ਨਹਿੰਗ ਖਾਨ ਨੇ ਨਿਕਾਹ ਦੀ ਗੱਲ ਤੋਰੀ, ਤਾਂ ਬੀਬੀ ਮੁਮਤਾਜ ਨੇ ਕਿਹਾ "ਅੱਬਾ ਜਾਨ,ਕਿਹਦੇ ਨਿਕਾਹ ਦੀ ਗੱਲ ਕਰਦੇ ਹੋਏ? ਮੁਸਲਮਾਨ ਬੱਚੀ ਕੀ ਦੋ ਵਾਰ ਨਿਕਾਹ ਕਰ ਸਕਦੀ ਆ? ਪਿਤਾ ਨੇ ਕਿਹਾ "ਮੁਮਤਾਜ ਕੀ ਕਹੀ ਜਾਂਦੀ ਆਂ ਤੂੰ?

ਮੁਮਤਾਜ ਨੇ ਕਿਹਾ "ਅੱਬਾ ਜਾਨ, ਭੁੱਲ ਗਿਆ ਤੂੰ, ਨਵਾਬ ਜਾਫਰ ਅਲੀ ਖਾਂ ਨੂੰ ਤੂੰ ਕੀ ਕਿਹਾ ਸੀ? ਕਿ ਇਸ ਕਮਰੇ ਵਿੱਚ ਮੇਰੀ ਧੀ ਅਤੇ ਉਹਦਾ ਖਾਵੰਦ (ਪਤੀ) ਅੰਦਰ ਹਨ! ਤੂੰ ਬਚਿੱਤਰ ਸਿੰਘ ਨੂੰ ਮੇਰਾ ਪਤੀ ਬਣਾਇਆ ਸੀ ਕਿ ਨਹੀਂ ? ਬੱਸ ਮੈਂ ਤਾਂ ਉਸੇ ਦਿਨ ਹੀ ਸਮਝ ਲਿਆ ਸੀ, ਕਿ ਬਚਿੱਤਰ ਸਿੰਘ ਨਾਲ ਮੇਰਾ ਨਿਕਾਹ ਹੋ ਗਿਆ, ਇਕ ਸ਼ਹੀਦ ਦੀ ਪਤਨੀ ਦੂਜੀ ਵਾਰ ਸ਼ਾਦੀ ਕਰਕੇ, ਸ਼ਹੀਦੀ ਨੂੰ ਕਲੰਕਿਤ ਨਹੀਂ ਕਰ ਸਕਦੀ। ਇਸ ਲਈ ਹੁਣ ਮੈਂ ਹੋਰ ਵਿਆਹ ਨਹੀਂ ਕਰਵਾ ਸਕਦੀ।" ਸਾਰੇ ਰਿਸਤੇਦਾਰਾਂ ਦੇ ਸਮਝਾਉਣ ਦੇ ਬਾਵਜੂਦ ਬੀਬੀ ਮੁਮਤਾਜ ਆਪਣੀ ਗੱਲ ਤੇ ਕਾਇਮ ਰਹਿੰਦੇ ਹੋਏ ਮੁੜਕੇ ਵਿਆਹ ਨਹੀਂ ਕਰਵਾਇਆ। ਕਿਲੇ ਅੰਦਰ ਜਿਸ ਥਾਂ ਤੇ ਭਾਈ ਬਚਿੱਤਰ ਸਿੰਘ ਜੀ ਦਾ ਸੰਸਕਾਰ ਕੀਤਾ ਗਿਆ ਸੀ, ਉਸ ਥਾਂ ਤੇ ਧੂਫ ਬੱਤੀ ਕਰਕੇ ਸੱਜਦਾ ਕਰਦੀ, ਅੱਲਾ ਦਾ ਭਾਣਾ ਮੰਨਕੇ ਆਪਣੀ ਸਾਰੀ ਜਿੰਦਗੀ ਗੁਜਰ ਦਿੱਤੀ । ਜਿਸ ਕਰਕੇ ਬੀਬੀ ਮੁਮਤਾਜ ਦੇ ਨਾਮ ਤੇ ਇਥੇ ਵਿਸ਼ੇਸ਼ ਅਸਥਾਨ ਬਣਾਇਆ ਗਿਆ ਹੈ। ਜਿੰਨ੍ਹਾਂ ਚਿਰ ਇਤਿਹਾਸ ਕਾਇਮ ਹੈ, ਬੀਬੀ ਮੁਮਤਾਜ ਅਤੇ ਪਿਤਾ ਨਹਿੰਗ ਖਾਨ ਜੀ ਨਾਮ ਸੁਨਹਿਰੀ ਅੱਖਰਾਂ ਵਿੱਚ ਦਰਜ ਰਹੇਗਾ, ਅਤੇ ਇਹਨਾਂ ਦੀ ਕੁਰਬਾਨੀ ਦੀਆਂ ਗੱਲਾਂ ਹੁੰਦੀਆਂ ਰਹਿਣਗੀਆਂ ਅਤੇ ਕੁਰਬਾਨੀਆਂ ਕਰਨ ਵਾਲਿਆਂ ਨੂੰ ਸਦਾ ਸਿਜਦਾ ਹੁੰਦਾ ਰਹੇਗਾ।

## 'ਮਾਤਾ ਗੁਜਰੀ ਅਤੇ ਸਾਹਿਬਜਾਦੇ'

ਮਾਤਾ ਗੁਜਰੀ ਸਮਝਾਉਂਦੀ ਬੱਚਿਆਂ ਨੂੰ,
ਜਾਕੇ ਵਿੱਚ ਕਚਿਹਰੀ ਡੋਲਿਓ ਨਾ।
ਪਿਉ ਦਾਦਿਆਂ ਖੱਟਿਆ ਜੋ ਧਰਮ ਖਾਤਰ,
ਤੁਸੀਂ ਕਿਸੇ ਗਲੋਂ ਵੀ ਰੋਲਿਓ ਨਾ।
ਉਹਨਾਂ ਡਰ 'ਤੇ ਲਾਲਚ ਦੇਣੇ ਦੋਵੇਂ
ਤੁਸੀਂ ਕਮਜੋਰ ਸ਼ਬਦ ਕੋਈ ਬੋਲਿਓ ਨਾ।
ਛੋਟੀ ਉਮਰਾਂ ਤੇ ਆਸਾਂ ਵੱਡੀਆ ਨੇ,
ਕਿਸੇ ਕੀਮਤ 'ਤੇ ਆਸਾਂ ਮਧੋਲਿਓ ਨਾ।

ਅੱਗੋਂ ਬੱਚਿਆਂ ਨੇ ਦਾਦੀ ਨੂੰ ਜਵਾਬ ਦਿੱਤਾ
ਤੁਸੀਂ ਕੱਢ ਦਿਓ ਮਨ 'ਚੋਂ ਭਰਮ ਦਾਦੀ ਜੀ।
ਅਸੀਂ ਪੁੱਤਰ ਹਾਂ ਗੁਰੂ ਗੋਬਿੰਦ ਸਿੰਘ ਦੇ ਜੀ,
ਅੱਗੇ ਰੱਖਣਾ ਅਸਾਂ ਪਹਿਲਾਂ ਧਰਮ ਦਾਦੀ ਜੀ।
ਅਸੀਂ ਤਸੀਹਿਆਂ ਤੋਂ ਨਹੀਂ ਡਰਨ ਵਾਲੇ
ਜੋ ਮਰਜ਼ੀ ਉਹ ਪਏ ਕਰਨ ਦਾਦੀ ਜੀ।
ਲੱਖਾਂ ਲਾਲਚਾਂ ਡਰਾਵਿਆਂ ਨੂੰ ਠੁਕਰਾਅ ਅਸੀ
ਕਰ ਲਵਾਂਗੇ ਕਬੂਲ ਮਰਨ ਦਾਦੀ ਜੀ।

– ਮੇਜਰ ਸਿੰਘ 'ਬੁਢਲਾਡਾ'

## ਮੇਰੀਆਂ ਭੈਣਾਂ

ਮਖੌਲ ਵੀ ਜ਼ਰਦੀਆਂ ਨੇ
ਓਹ ਖਰਮਸਤੀਆਂ ਵੀ ਕਰਦੀਆਂ ਨੇ।
ਓਹਨਾਂ ਨੂੰ ਚੱਜ ਅਚਾਰ ਬੜਾ
ਓਹਨਾਂ ਵੀਰੇ ਨਾਲ ਪਿਆਰ ਬੜਾ
ਓਹਨਾਂ ਲਿਆਕਤ ਤੇ ਸਹਿਚਾਰ ਬੜਾ
ਓਹ ਗੱਲ ਸਬੱਬੀ ਕਰਦੀਆਂ ਨੇ
ਮੇਰੀਆਂ ਭੈਣਾਂ......!

ਮੈਨੂੰ ਕੋਈ ਔਕੜ ਆਈ ਨਾ
ਓਹਨਾਂ ਦੇ ਵਿਵਹਾਰ ਵਜੋਂ
ਓਹਨਾਂ ਨੂੰ ਨਿਰੀ ਅਜ਼ਾਦੀ ਏ
ਓਹਨਾਂ ਨੂੰ ਪਤਾ ਹੈ ਕੰਢਿਆਂ ਦਾ
ਓਹਨਾਂ ਨੂੰ ਸਬਰ ਸੰਤੋਖ ਬੜਾ
ਓਹ ਪਰੀਆਂ ਸਭ ਦੇ ਘਰ ਦੀਆਂ ਨੇ
ਮੇਰੀਆਂ ਭੈਣਾਂ......!

ਓਹਨਾਂ ਦੇ ਵਿਆਹ ਦਾ ਬੋਝ ਨਹੀਂ
ਓਹ ਲੇਖ ਸੁਧਾਰਨੇ ਜਾਣਗੀਆਂ
ਓਹਨਾਂ ਨੂੰ ਬੰਨ੍ਹ, ਕਸ ਰੱਖਿਆ ਨੀ
ਓਹ ਅਪਣਾ ਅਕਸ ਪਹਿਚਾਣ ਗਈਆਂ
ਓਹ ਧੀਆਂ ਧਰਮੀ ਪਿਓ ਦੀਆਂ ਨੇ
ਓਹ ਮਾਵਾਂ ਤੇ ਵੀ ਮਰਦੀਆਂ ਨੇ
ਮੇਰੀਆਂ ਭੈਣਾਂ........!

ਤੂੰ ਕੀ ਜਾਣੇ
ਕੀ ਪਿਆਰ ਹੁੰਦਾਂ
ਕੀ ਸ਼ਿੱਦਤ
ਕੀ ਸੰਸਕਾਰ ਹੁੰਦਾਂ
ਤੈਨੂੰ ਰੁਖ਼ਸਤ ਮਿਲੇ
ਜੇ ਝੰਝਟਾਂ ਚੋਂ
ਤੈਨੂੰ ਵੀ ਸਭ ਕੁੱਝ ਦੱਸ ਦੇਵਣ
ਇਹ ਦੂਰ ਵਹਿਮ ਸਭ ਕਰਦੀਆਂ ਨੇ
ਮੇਰੀਆਂ ਭੈਣਾਂ.........!

ਹਰਦੀਪ ਅਹਿਮਦਪੁਰ
8195870014

## ਮਿੰਨੀ ਕਹਾਣੀ/ ਲੋਗੜ੍ਹ ਦੀ ਰਜ਼ਾਈ

ਐਤਵਾਰ ਦਾ ਦਿਨ ਸੀ, ਥੋੜੀ ਥੋੜੀ ਠੰਡ ਵਧਣੀ ਸ਼ੁਰੂ ਹੋ ਗਈ । ਘਰ ਵਾਲੀ ਨੇ ਗਰਮ ਕੱਪੜੇ ਕੱਢਣੇ ਸ਼ੁਰੂ ਕੀਤੇ ਤੇ ਇੱਕ ਵਿਆਹ ਦੀ ਲੋਗੜ ਦੀ ਭਾਰੀ ਰਜ਼ਾਈ ਕੱਢੀ, ਜੋ ਕਿ ਨਵੀਂ ਪਈ ਸੀ, ਜਿਆਦਾ ਵਰਤੀ ਨਹੀਂ ਗਈ। ਹੁਣ ਨਵੇਂ-ਨਵੇਂ, ਹਲਕੇ ਵਜਨ ਦੇ ਕੰਬਲ ਵਰਤੋਂ ਵਿੱਚ ਆ ਗਏ। ਉਸਨੇ ਕਿਹਾ ਕਿ ਕਿਸੀ ਗਰੀਬ ਨੂੰ ਦੇ ਦੇਈਏ, ਵੇਚਕੇ ਇਸਨੂੰ ਕੀ ਮਿਲਣਾ ਹੈ। ਅਸੀਂ ਮੰਦਰ ਦੇ ਪਾਸ ਸੜਕ ਦੇ ਕਿਨਾਰੇ ਬੈਠੇ ਭਿਖਾਰੀ ਨੂੰ ਰਜ਼ਾਈ ਦਿੱਤੀ ਤੇ ਨਾਲ 10 ਰੁਪਏ ਚਾਹ, ਪਾਣੀ ਲਈ ਵੀ ਦੇ ਦਿੱਤੇ। ਉਸਨੇਂ ਆਪਣੇ ਅੰਦਾਜ ਵਿੱਚ ਹੱਥ ਬੰਨਕੇ ਬੜੀ ਅਸੀਸ ਦਿੱਤੀ ਤੇ ਸਾਡਾ ਵੀ ਮਨ ਖੁਸ਼ ਹੋ ਗਿਆ ਕਿ ਬੱਚੇ ਤਾਂ ਬਾਹਰ ਗਏ ਹਨ, ਘਰ ਵਿੱਚ ਇਸਦੀ ਜ਼ਰੂਰਤ ਨਹੀ ਸੀ, ਚਲੋ ਕਿਸੇ ਗ਼ਰੀਬ ਦਾ ਸ਼ਰੀਰ ਢੱਕ ਗਿਆ ਤੇ ਸਰਦੀ ਤੋਂ ਚੰਗਾ ਬਚਾਅ ਹੋ ਜਾਏਗਾ। ਪ੍ਰਮਾਤਮਾ ਦਾ ਸ਼ੁਕਰ ਹੈ ਕਿ ਅਸੀਂ ਵੀ ਕੋਈ ਧਾਰਮਿਕ ਕੰਮ ਕਰਿਆ ਤੇ ਸਾਡਾ ਅਗਲਾ ਜੀਵਨ ਸੁਧਰ ਜਾਏਗਾ। ਅਸੀਂ ਵੀ 10 ਰੁਪਏ ਦੀਆਂ ਜਲੇਬੀਆਂ ਲਈਆਂ ਤੇ ਘਰ ਵਾਪਿਸ ਆਏ। ਬਹੁਤ ਅੱਛੀ ਨੀਂਦ ਆਈ। ਦੂਸਰੇ ਦਿਨ ਸਵੇਰੇ ਮੈਂ ਆਪਣੀ ਦੁਕਾਨ ਖੋਲੀ ਤੇ 10 ਸਾਢੇ 10 ਵਜੇ ਦਾ ਸਮਾਂ ਸੀ। ਇਕ ਆਦਮੀ ਮੇਰੇ ਪਾਸ ਪੁਰਾਣੀ ਰਜ਼ਾਈ ਵੇਚਣ ਆਇਆ ਕਿਉਂਕਿ ਸਾਡਾ ਰੂਈਂ ਭਰਨ ਤੇ ਰਜ਼ਾਈਆਂ ਬਨਾਉਣ ਦਾ ਕੰਮ ਹੈ, ਬਹੁਤ ਹੀ ਪੁਰਾਣੀ ਦੁਕਾਨ ਸ਼ਰਮਾ ਬਰਦਰਜ਼ ਦੇ ਨਾਂ ਨਾਲ ਮਸ਼ਹੂਰ ਹੈ । ਰਿਕਸ਼ਾ ਵਿੱਚੋਂ ਜਦੋਂ ਰਜ਼ਾਈ ਉਤਾਰੀ ਤਾਂ ਮੇਰਾ ਮੱਥਾ ਠਣਕ ਗਿਆ, ਰਜ਼ਾਈ ਤਾਂ ਉਹੀ ਹੈ। ਭਿਖਾਰੀ ਮਰ ਗਿਆ ਹੋਣਾ ਤੇ ਇਹ ਆਦਮੀ ਰਜ਼ਾਈ ਵੇਚਣ ਆਇਆ ਹੋਵੇਗਾ। ਜਦੋਂ ਉਸਨੇ ਦੱਸਿਆ ਹੈ ਕਿ ਮੈਂ ਰਜ਼ਾਈ ਵੇਚਣੀ ਹੈ ਤਾਂ ਅਸੀ ਕਿਹਾ ਚੋਰੀ ਦਾ ਮਾਲ ਨਹੀ ਖਰੀਦ ਦੇ, ਕੱਲ ਪੁਲਿਸ ਪੁੱਛ ਗਿੱਛ ਕਰੇਗੀ ਸਾਡੇ ਲਈ ਵਿਪਤਾ ਹੋ ਸਕਦੀ ਹੈ। ਉਸਨੇਂ ਦੱਸਿਆ ਕਿ ਸ਼ਾਮ ਕੁਮਾਰ ਭਿਖਾਰੀ ਨੇ ਕੱਲ ਰਾਤੀਂ ਇਹ ਰਜ਼ਾਈ ਮੈਨੂੰ 50 ਰੁਪਏ ਵਿੱਚ ਵੇਚੀ ਹੈ। ਉਸਦੇ ਪਾਸ ਸ਼ਰਾਬ ਪੀਣ ਲਈ ਪੈਸੇ ਨਹੀਂ ਸਨ। ਉਹ ਤਾਂ ਹਰ ਰੋਜ ਦਾ ਪਿਅੱਕੜ ਹੈ, ਉਸ ਦਾ ਨਸ਼ਾ ਟੁੱਟ ਰਿਹਾ ਸੀ ਤੇ ਮੈਂ 50 ਰੁਪਏ ਵਿੱਚ ਖਰੀਦ ਲਈ । ਆਪਣੀ ਤੱਸਲੀ ਲਈ ਤੁਸੀਂ ਮੇਰਾ ਘਰ ਦਾ ਪਤਾ ਵੀ ਲਿਖ ਲਵੋ। ਜਦੋਂ ਮੈਂ ਕਿਹਾ ਕਿ ਤੂੰ ਕਿੰਨੇ ਦੀ ਵੇਚਣੀ ਹੈ। ਉਹ ਬੋਲਿਆ ਬਾਬੂ ਜੀ ਰਿਕਸ਼ਾ ਵਾਲਾ ਹਾਂ. ਹੱਥੀ ਕੰਮ ਕਰਕੇ, ਮੰਜੂਰੀ ਕਰਕੇ ਪੈਸੇ ਕਮਾਉਦਾਂ ਹਾਂ, ਮੈਂ ਕਿਹੜਾ ਕਮਿਸ਼ਨ ਲੈਣਾ ਹੈ, 50 ਰੁਪਏ ਦਿੱਤੇ ਹਨ, 50 ਹੀ ਦੇ ਦੇਵੋ। ਮੈਂ ਉਸਨੂੰ 100 ਰੁਪਿਆ ਦੇ ਦਿੱਤਾ ਕਿ 50 ਰੁਪਏ ਕੀਮਤ ਤੇ 50 ਰੁਪਏ ਤੇਰੀ ਮਿਹਨਤ ਅਤੇ ਇਮਾਨਦਾਰੀ। ਭਿਖਾਰੀ ਨੂੰ ਦਾਨ ਦੇਣ ਤੋਂ ਚੰਗਾ ਹੈ ਮਿਹਨਤ ਕਸ਼ ਨੂੰ ਦਿੱਤਾ ਜਾਵੇ। ਜਦੋਂ ਸ਼ਾਮ ਨੂੰ ਦੁਕਾਨ ਬੰਦ ਕਰਕੇ, ਘਰ ਪਹੁੰਚਿਆ ਤਾਂ ਘਰ ਵਾਲੀ ਨੂੰ ਕਿਹਾ ਕਿ ਕਾਰ ਵਿੱਚੋਂ ਰਜ਼ਾਈ ਕੱਢ ਲਵੋ। ਉਹ ਬੋਲੀ ਨਵੀਂ ਹੈ, ਮੈਂ ਕਿਹਾ ਸੁਹਰਿਆ ਵਾਲੀ ਰਜ਼ਾਈ ਹੁਣ 50 ਦੀ ਵਜਾਏ 100 ਰੁਪਏ ਦੀ ਹੋ ਗਈ ਹੈ। ਇਹ ਆਪਣੀ ਸੀ, ਆਪਣੀ ਹੈ, ਆਪਣੀ ਰਹੇਗੀ, ਤੇਰੀ ਮਾਂ ਦੀ ਦਿੱਤੀ, ਲੋਗੜ ਦੀ ਰਜ਼ਾਈ । ਸਾਡਾ ਮਨ ਉਨਾਂ ਹੀ ਖੁਸ਼ ਸੀ ਜਿੰਨਾ ਕਿ ਮੇਲੇ ਦੇ ਵਿੱਚ ਰੁਲਿਆ ਕੁੱਤਾ ਘਰ ਵਾਪਿਸ ਆਉਣ ਤੇ ਹੁੰਦਾ ਹੈ।

ਰਮੇਸ਼ ਇੰਦਰ ਸ਼ਰਮਾ
91-98148-46159

## 65 ਅਮਰੀਕੀ ਯੂਨੀਵਰਸਿਟੀਆਂ ਵੀਜ਼ਾ ਤਬਦੀਲੀਆਂ ਦੇ ਵਿਰੋਧ ਵਿਚ ਅਦਾਲਤ ਪਹੁੰਚੀਆਂ

(ਸਫਾ 1 ਦੀ ਬਾਕੀ)

ਦਾ ਰੁਖ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਨਵੀਂ ਨੀਤੀ ਤਹਿਤ ਐੱਫ, ਜੇ ਅਤੇ ਐੱਮ ਕੈਟਾਗਿਰੀਆਂ ਦੇ ਵੀਜ਼ਾ ਹੋਲਡਰਾਂ ਦੀ ਵੱਡੀ ਗਿਣਤੀ ਨੂੰ ਤਿੰਨ ਅਤੇ ਦਸ ਸਾਲਾਂ ਦੀ ਰੋਕ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਸਦਾ ਕੋਈ ਹੱਲ ਵੀ ਨਹੀਂ ਹੈ।

**ਅਮਰੀਕੀ ਕੰਪਨੀ ਨੂੰ ਅਦਾ ਕਰਨੇ ਪੈਣਗੇ 4.9 ਮਿਲੀਅਨ ਡਾਲਰ**

ਅਮਰੀਕਾ ਦੀ ਇੱਕ ਵੱਡੀ ਪੈਕਿੰਗ ਕਰਨ ਵਾਲੀ ਕੰਪਨੀ ਨੂੰ ਭੇਦਭਾਵ ਉਤੇ ਆਧਾਰਿਤ ਇੱਕ ਕੇਸ ਦੇ ਨਿਪਟਾਰੇ ਵਜੋਂ 4.9 ਅਮਰੀਕੀ ਡਾਲਰ ਅਦਾ ਕਰਨੇ ਪੈਣਗੇ। ਕੰਪਨੀ ਉੱਤੇ ਮੁਸਲਮਾਨਾਂ ਅਤੇ ਸਿੱਖਾਂ ਸਮੇਤ ਕੁਝ ਵਿਸ਼ੇਸ਼ ਧਾਰਮਿਕ ਸਮੂਹਾਂ ਦੇ ਮੁਲਾਜ਼ਮਾਂ ਨੂੰ ਕੰਮ ਵਾਲੀ ਥਾਂ ਉੱਤੇ ਤਰੱਕੀ ਦੇ ਮੌਕਿਆਂ ਤੋਂ ਵਾਂਝੇ ਰੱਖਣ ਦਾ ਦੋਸ਼ ਹੈ। ਯੂਨਾਈਟਡ ਪਾਰਸਲ ਸਰਵਿਸ ਕੰਪਨੀ ਨੂੰ ਧਾਰਮਿਕ ਭੇਦਭਾਵ ਨਾਲ ਜੁੜੇ ਇਸ ਕੇਸ ਦੇ ਨਿਪਟਾਰੇ ਵਜੋਂ 4.9 ਅਮਰੀਕੀ ਡਾਲਰ ਅਦਾ ਕਰਨੇ ਪੈਣਗੇ। ਇਹ ਕੇਸ ਇਕੁਅਲ ਐਂਪਲਾਇਮੈਂਟ ਓਪਰਚੂਨਿਟੀ ਕਮਿਸ਼ਨ ਵੱਲੋਂ ਦਾਖਲ ਕੀਤਾ ਗਿਆ ਸੀ।

# ਹਾਕੀ ਦੇ ਨਵੇਂ ਬਣੇ ਵਿਸ਼ਵ ਚੈਂਪੀਅਨ ਬੈਲਜੀਅਮ ਦਾ ਵਤਨ ਪੁੱਜਣ 'ਤੇ ਹੋਇਆ ਸ਼ਾਨਾਮੱਤਾ ਸਵਾਗਤ

## ਬੈਲਜੀਅਮ ਦੇ ਰਾਜੇ ਫਿਲਿਪ ਤੇ ਰਾਣੀ ਸਮੇਤ ਲੱਖਾਂ ਲੋਕਾਂ ਨੇ ਟੀਮ ਦਾ ਕੀਤਾ ਭਰਵਾਂ ਸਵਾਗਤ

ਖੇਡ ਮੈਦਾਨ ਬੋਲਦਾ ਹੈ

ਜਗਰੂਪ ਸਿੰਘ ਜਰਖੜ
98143-00722

ਭੁਬਨੇਸ਼ਵਰ ਦੇ ਕਲਿੰਗਾ ਹਾਕੀ ਸਟੇਡੀਅਮ ਵਿਖੇ ਸਮਾਪਤ ਹੋਏ 14ਵੇਂ ਵਿਸ਼ਵ ਕੱਪ ਹਾਕੀ ਮੁਕਾਬਲੇ ਨੇ ਇਤਿਹਾਸ ਦੀਆਂ ਕਈ ਨਵੀਆਂ ਪੈੜਾਂ ਪਾਈਆਂ ਹਨ। ਸਭ ਤੋਂ ਵੱਡੀ ਗੱਲ ਇਹ ਹੋਈ ਕਿ ਇਸ ਵਿਸ਼ਵ ਕੱਪ 'ਚ ਇੱਕ ਅਜਿਹਾ ਦੇਸ਼ ਦੁਨੀਆ ਦਾ ਚੈਂਪੀਅਨ ਬਣਿਆ ਜਿਸ ਨੇ ਇਸ ਤੋਂ ਪਹਿਲਾਂ ਕਿਸੇ ਵਿਸ਼ਵ ਕੱਪ 'ਚ ਨਾ ਸੈਮੀਫਾਈਨਲ ਮੁਕਾਬਲਾ ਖੇਡਿਆ ਸੀ ਨਾ ਹੀ ਹੋਰ ਦੁਨੀਆ ਪੱਧਰ 'ਤੇ ਹਾਕੀ ਦੀ ਕੋਈ ਵੱਡੀ ਪ੍ਰਾਪਤੀ ਕੀਤੀ ਸੀ। ਬੈਲਜੀਅਮ ਦੀ ਹਾਕੀ ਟੀਮ ਨੇ ਜਿਉਂ ਹੀ ਫਾਈਨਲ ਮੁਕਾਬਲੇ 'ਚ ਹਾਲੈਂਡ ਨੂੰ ਸ਼ੂਟ-ਆਊਟ ਰਾਹੀਂ 3-2 ਨਾਲ ਹਰਾ ਕੇ ਚੈਂਪੀਅਨ ਬਣਨ ਦਾ ਬਿਗੁਲ ਵਜਾਇਆ ਤਾਂ ਪੂਰਾ ਬੈਲਜੀਅਮ ਤਾਂ ਖੁਸ਼ੀ ਵਿਚ ਝੂਮਿਆ ਹੀ ਹੋਣਾ ਤੇ ਦੁਨੀਆ ਦੇ ਹਾਕੀ ਪ੍ਰੇਮੀਆਂ ਹਾਲੈਂਡ ਨੂੰ ਹਰਾ ਕੇ ਵਿਸ਼ਵ ਚੈਂਪੀਅਨ ਤਾਜ ਆਪਣੇ ਨਾਮ ਕੀਤਾ ਤਾਂ ਹਾਕੀ ਪ੍ਰੇਮੀਆਂ ਦੀ ਵੀ ਵੱਡੀ ਹਮਦਰਦੀ ਤੇ ਪਿਆਰ ਬੈਲਜੀਅਮ ਨੂੰ ਮਿਲਿਆ। ਵਿਸ਼ਵ ਕੱਪ ਜਿੱਤਣ ਤੋਂ ਬਾਅਦ ਜਿਉਂ ਹੀ ਬੈਲਜੀਅਮ ਦੀ ਟੀਮ ਵਤਨ ਪੁੱਜੀ ਤਾਂ ਬੈਲਜੀਅਮ ਦੀ ਰਾਜਧਾਨੀ ਬਰਸਲਜ਼ ਏਅਰਪੋਰਟ ਪੁੱਜਣ 'ਤੇ ਬੈਲਜੀਅਮ ਏਅਰਫੋਰਸ ਦੇ 4 ਜਹਾਜ਼ ਟੀਮ ਦੇ ਸਵਾਗਤ ਲਈ ਖੜ੍ਹੇ ਸਨ ਅਤੇ ਬੈਲਜੀਅਮ ਦੇ ਕਿੰਗ ਫਿਲਿਪਸ ਤੇ ਰਾਣੀ ਮੈਥੀਲਡ ਦੇ ਮਹਿਲ ਰੋਇਲ ਪੈਲੇਸ ਇਨ ਬਰਸਲਜ਼ ਨੇ ਟੀਮ ਦੇ ਕਪਤਾਨ ਥਾਮਸ ਬ੍ਰੈਲਜ਼ ਅਤੇ ਜੇਤੂ ਖਿਡਾਰੀਆਂ ਨੂੰ ਆਪਣੇ ਗਲਾ ਲਾ ਕੇ ਸਨਮਾਨਤ ਕੀਤਾ। ਉਸ ਤੋਂ ਬਾਅਦ ਬਰਸਲਜ਼ ਦੇ ਟੌਮ ਹਾਲ ਵਿਖੇ ਮੇਅਰ ਫਿਲਿਪ ਕਲੋਜ਼ ਅਤੇ ਆਲਡਰਮੈਨ ਬਿਨੋਇਟ ਹਰਮਨਪਿਆਰੀ ਹੋ ਰਹੀ ਹੈ। ਬੈਲਜੀਅਮ ਦੇ ਖੇਡ ਪ੍ਰੇਮੀਆਂ ਲਈ ਇਸ ਤੋਂ ਵੱਡੀ ਖੁਸ਼ੀ ਹੋਰ ਕੀ ਹੋ ਸਕਦੀ ਹੈ ਕਿ ਅੱਜ ਦੀ ਘੜੀ ਬੈਲਜੀਅਮ ਫੁਟਬਾਲ ਦੀ ਦੁਨੀਆ 'ਚ ਵੀ ਨੰਬਰ 1 ਟੀਮ ਤੇ ਵਿਸ਼ਵ ਕੱਪ ਹਾਕੀ ਦੀ ਸਮਾਪਤੀ ਤੋਂ ਬਾਅਦ ਵੀ ਹਾਕੀ 'ਚ ਨੰਬਰ 1 ਰੈਂਕਿੰਗ 'ਤੇ ਪੁੱਜ ਗਿਆ ਹੈ। ਬੈਲਜੀਅਮ ਜਦੋਂ ਵਿਸ਼ਵ ਕੱਪ ਹਾਕੀ ਖੇਡਣ ਆਇਆ ਸੀ ਤਾਂ ਉਸਦੀ ਵਿਸ਼ਵ ਹੱਕੀ ਰੈਂਕਿੰ 3 ਸੀ ਅਤੇ ਜਦੋਂ ਵਤਨ ਵਾਪਸ ਪੁੱਜਿਆ ਤਾਂ ਦੁਨੀਆਂ ਦੀ ਨੰਬਰ 1 ਟੀਮ ਬਣ ਕੇ ਪੁੱਜਿਆ। ਵਿਸ਼ਵ ਹਾਕੀ ਕੱਪ ਦੌਰਾਨ ਬੈਲਜੀਅਮ ਜਿਥੇ ਭਾਰਤ ਨਾਲ 2-2 'ਤੇ ਬਰਾਬਰ ਖੇਡਿਆ ਉਥੇ ਹੀ ਕੈਨੇਡਾ ਨੂੰ 2-1 , ਦੱਖਣੀ ਅਫਰੀਕਾ ਨੂੰ 5-1, ਪਾਕਿਸਤਾਨ ਨੂੰ 5-0, ਜਰਮਨ ਨੂੰ 2-1, ਸੈਮੀਫਾਈਨਲ 'ਚ ਬੈਲਜੀਅਮ ਦੀ ਹਾਕੀ ਦੀ ਸ਼ਾਨਮੱਤੀ ਪ੍ਰਾਪਤੀ ਤੋਂ ਬਾਅਦ ਭਾਰਤੀ ਹਾਕੀ ਨੂੰ ਸਬਕ ਸਿੱਖਣਾ ਚਾਹੀਦਾ ਹੈ। ਬੈਲਜੀਅਮ ਨੇ ਇਹ ਥੋੜ੍ਹੇ







ਨੇ ਵੀ ਬੈਲਜੀਅਮ ਦੀ ਇਸ ਮਾਣਮੱਤੀ ਜਿੱਤ 'ਤੇ ਵੱਡਾ ਮਾਣ ਹਾਸਲ ਕੀਤਾ ਕਿਉਂਕਿ ਜਦੋਂ ਫੁੱਟਬਾਲ ਵਿਸ਼ਵ ਕੱਪ ਦੇ ਫਾਈਨਲ 'ਚ ਇੱਕ 40 ਲੱਖ ਦੀ ਅਬਾਦੀ ਵਾਲਾ ਨਿੱਕਾ ਜਿਹਾ ਮੁਲਕ ਕਰੋਏਸ਼ੀਆ ਫਾਈਨਲ 'ਚ ਪੁੱਜਿਆ ਤਾਂ ਦੁਨੀਆ ਦੇ ਫੁਟਬਾਲ ਪ੍ਰੇਮੀਆਂ ਦੀ ਵੱਡੀ ਹਮਦਰਦੀ ਤੇ ਪਿਆਰ ਕਰੋਏਸ਼ੀਆ ਨੂੰ ਮਿਲਿਆ। ਇਸੇ ਤਰ੍ਹਾਂ ਜਦੋਂ ਇਕ ਕਰੋੜ ਦੀ ਨਿੱਕੀ ਜਿਹੀ ਅਬਾਦੀ ਵਾਲੇ ਬੈਲਜੀਅਮ ਨੇ ਤਿੰਨ ਵਾਰ ਬਣੇ ਵਿਸ਼ਵ ਚੈਂਪੀਅਨ ਹੈਲਨ ਆਦਿ ਹੋਰ ਉੱਚ ਅਧਿਕਾਰੀਆਂ ਨੇ ਟੀਮ ਦਾ ਸ਼ਾਨਾਮੱਤਾ ਸਵਾਗਤ ਕੀਤਾ। ਫਿਰ ਬਰਸਲਜ਼ ਸਿਟੀ ਹਾਲ ਬਾਲਕੋਨੀ ਵਿਖੇ ਹਾਕੀ ਪ੍ਰੇਮੀਆਂ ਅਤੇ ਬੈਲਜੀਅਮ ਦੇ ਲੋਕਾਂ ਨੇ ਇਸ ਤਰ੍ਹਾਂ ਟੀਮ ਦਾ ਸਵਾਗਤ ਕੀਤਾ ਜਿਸ ਤਰ੍ਹਾਂ 2018 ਵਿਸ਼ਵ ਕੱਪ ਵਿਚ ਜਦੋਂ ਬੈਲਜੀਅਮ ਦੀ ਫੁਟਬਾਲ ਦੀ ਟੀਮ ਕਾਂਸੀ ਦਾ ਤਗਮਾ ਜਿੱਤ ਕੇ ਵਤਨ ਪੁੱਜੀ ਸੀ, ਉਹਨਾਂ ਯਾਦਾਂ ਨੂੰ ਤਾਜ਼ਾ ਕਰਾ ਦਿੱਤਾ। ਫੁਟਬਾਲ ਤੋਂ ਬਾਅਦ ਬੈਲਜੀਅਮ ਵਿਚ ਹਾਕੀ ਦਿਨੋ ਦਿਨ ਬਹੁਤ ਹੀ ਇੰਗਲੈਂਡ ਨੂੰ 6-0 ਅਤੇ ਫਾਈਨਲ 'ਚ ਹਾਲੈਂਡ ਨੂੰ 3-3 ਨਾਲ ਹਰਾ ਕੇ ਬੈਲਜੀਅਮ ਨੇ ਮਾਣਮੱਤੀ ਪ੍ਰਾਪਤੀ ਹਾਸਲ ਕੀਤੀ। ਬੈਲਜੀਅਮ ਦਾ ਅਲੈਗਜ਼ੈਂਡਰ ਹੈਂਡਰਿਕ 7 ਗੋਲ ਕਰਕੇ ਸਰਵੋਤਮ ਸਕੋਰਰ ਬਣਿਆ। ਬੈਲਜੀਅਮ ਟੀਮ ਨੇ ਕੁੱਲ 22 ਗੋਲ ਕੀਤੇ ਜਦਕਿ ਉਸਦੇ ਖਿਲਾਫ ਸਿਰਫ 5 ਗੋਲ ਹੀ ਹੋਏ। ਹਾਕੀ ਦੀ ਦੁਨੀਆ 'ਚ ਬੈਲਜੀਅਮ ਹਾਲੈਂਡ, ਆਸਟ੍ਰੇਲੀਆ, ਜਰਮਨੀ ਵਾਂਗ ਦੁਨਿਆ ਦੀ ਇਕ ਵੱਡੀ ਤਾਕਤ ਬਣ ਗਿਆ ਹੈ। ਜਿਹੇ ਸਾਲਾਂ ਦੇ ਸਮੇਂ 'ਚ ਇਹ ਦਰਸਾ ਦਿੱਤਾ ਹੈ ਕਿ ਹਾਕੀ ਦੀ ਦੁਨੀਆ ਦੀ ਚੈਂਪੀਅਨ ਬਣਨਾ ਕੋਈ ਅਸੰਭਵ ਨਹੀਂ ਇਸ ਲਈ ਸਖਤ ਮਿਹਨਤ, ਸਮਰਪਤ ਭਾਵਨਾ, ਅਤੇ ਆਪਣੇ ਆਪ ਨੂੰ ਸਮੇਂ ਦੇ ਹਿਸਾਬ ਨਾਲ ਢਾਲਣਾ ਜਰੂਰੀ ਹੈ। ਬੈਲਜੀਅਮ ਦੀ ਹਾਕੀ ਟੀਮ ਜਿਥੇ ਇਕ ਵੱਡੀ ਵਧਾਈ ਦੀ ਹੱਕਦਾਰ ਹੈ ਉਥੇ ਦੁਨੀਆ ਦੀ ਹਾਕੀ ਲਈ ਇਕ ਸ਼ੁਭ ਸ਼ਗਨ ਹੈ ਕਿ ਵਿਸ਼ਵ ਹਾਕੀ ਪਹਿਲਾਂ ਨਾਲੋਂ ਦਿਨੋ ਦਿਨ ਬਿਹਤਰ ਹੋ ਰਹੀ ਹੈ।

## "ਸ਼ਹਾਦਤ-ਨਿੱਕੀਆਂ ਜਿੰਦਾਂ"

**ਫਤਹਿਗੜ੍ਹ ਸਾਹਿਬ ਜੋੜ ਮੇਲ ਨੂੰ ਸਮਰਪਿਤ**

ਬੱਚਿਆਂ ਦੇ ਸਿਰ ਸੋਹਣੀ ਕਲਗੀ ਸਜਾਕੇ,
ਦਾਦੀ ਮਾਂ ਨੇ ਕਿਹਾ ਪਿਆਰ ਨਾਲ ਗਲ ਲਾਕੇ,
ਡਰਨਾ ਨਹੀਂ ਦੇਖ ਖੜ੍ਹੀ ਮੌਤ ਸਾਹਮਣੇ
ਸੂਬੇ ਅੱਗੇ ਜਾਕੇ ਸ਼ੇਰਾਂ ਵਾਗੂੰ ਗੱਜਣਾਂ,
ਝੁਕ ਸਕਦੈ ਪਹਾੜ ਕਹਿਣੇ ਉਹਨਾਂ ਦੇ
ਤੁਸੀਂ ਨਹੀਂ ਹਕੂਮਤਾਂ ਦੇ ਅੱਗੇ ਝੁਕਣਾ,
ਪਾਜਿਓ ਸ਼ਹੀਦੀ ਹੱਸ ਹੱਸ ਬੱਚਿਓ
ਸ਼ਹਾਦਤਾਂ ਦਾ ਚਾਹੀਦਾ ਨਹੀਂ ਪੰਧ ਰੁਕਣਾ...

ਦਾਦੇ ਥੋਡੇ ਦਾ ਸੀ ਦਾਦਾ ਨਹੀਂ ਝੁਕਿਆ
ਬਹਿ ਗਿਆ ਸੀ ਤੱਤੀ ਤਵੀ ਉੱਤੇ ਹੱਸਕੇ,
ਤੱਤਾ ਤੱਤਾ ਰੇਤ ਵੀ ਡੁਲਾ ਨਾ ਸਕਿਆ
ਧਰਮ ਲਈ ਮਰਨਾ ਸੀ ਗਿਆ ਦੱਸ ਕੇ,
ਦਾਦੇ ਦੀ ਸ਼ਹਾਦਤ ਕੰਬਾਇਆ ਦਿੱਲੀ ਨੂੰ
ਮੌਤ ਨੂੰ ਵੀ ਸੀ ਪਾ ਦਿੱਤਾ ਸੁੱਕਣਾ,
ਝੁਕ ਸਕਦੈ ਪਹਾੜ.....

ਅਣਖ ਬਹਾਦਰੀ ਹੈ ਖੂਨ ਥੋਡੇ ਚ
ਮੌਤ ਨੂੰ ਵਿਆਹੁਤਾ ਮੁੱਢੋਂ ਰੀਤ ਚੱਲੀ ਐ,
ਜਦੋਂ ਜਦੋਂ ਖੂਨ ਗੈਰਤਾਂ ਦਾ ਡੁੱਲ੍ਹਿਆ
ਜ਼ੁਲਮ ਵਿਰੁੱਧ ਮੱਚੀ ਤਰਥੱਲੀ ਐ,
ਕੁੰਡਲੀਆ ਸੱਪ ਬਣ ਜਾਣਾ ਖਾਲਸਾ
ਜ਼ਾਲਮਾਂ ਨੂੰ ਜਿਹਨੇ ਡੱਸ ਡੱਸ ਸੁੱਟਣਾ
ਝੁਕ ਸਕਦੈ ਪਹਾੜ.....

ਲਾਲਚ ਤਸੀਹੇ ਸਤਨਾਮ ਮੱਟੂਆ
ਸਕੇ ਨਾ ਡੁਲਾ ਸਿਦਕ ਤੋਂ ਸ਼ੇਰਾਂ ਨੂੰ,
ਕਰ ਲਿਆ ਮੌਤ ਨੂੰ ਕਬੂਲ ਹੱਸਕੇ,
ਸੋਲ੍ਹ ਜਿੰਦਾਂ ਸਹਿਗੀਆਂ ਜ਼ੁਲਮੀ ਲਹਿਰਾਂ ਨੂੰ,
ਹੋਗੇ ਕੁਰਬਾਨ ਦੋਵੇਂ ਸਿੱਖ ਕੌਮ ਲਈ
ਸਾਨੂੰ ਵੀ ਸੰਘਰਸ਼ ਚ ਪੈਣਾ ਜੁਟਣਾ,
ਪਾਜਿਓ ਸ਼ਹੀਦੀ ਹੱਸ ਬੱਚਿਓ...



ਸ਼ਿਮੀਅਰ ਸਤਨਾਮ ਸਿੰਘ ਮੱਟੂ
91-97797-08257

### 31 ਦਸੰਬਰ ਬਰਸੀ 'ਤੇ ਵਿਸ਼ੇਸ਼..

# ਅਲਬੇਲੇ ਤੇ ਸ਼ਾਇਰਾਨਾ ਫ਼ਨਕਾਰ ਬਾਈ ਰਾਜ ਬਰਾੜ ਨੂੰ ਚੇਤੇ ਕਰਦਿਆਂ..

ਸਾਡੇ ਤੋਂ ਵਿਛੜਿਆਂ ਬਾਈ ਰਾਜ ਬਰਾੜ ਨੂੰ ਤਿੰਨ ਸਾਲ ਹੋ ਗਏੜ, ਸੰਨ 2016 ਦੇ ਅਖੀਰਲੇ ਦਿਨ ਉਹ ਇਸ ਫਾਨੀ ਸੰਸਾਰ ਨੂੰ ਸਦਾ-ਸਦਾ ਲਈ ਅਲਵਿਦਾ ਆਖ ਗਏ, ਬਾਈ ਰਾਜ ਬਰਾੜ ਦੀ ਬੇਵਕਤੀ ਮੌਤ ਅੱਜ ਵੀ ਮਨ 'ਚ ਚੀਸ ਪੈਦਾ ਕਰਦੀ ਹੈ। ਗੁਣਾਂ ਦੀ ਗੁਥਲੀ ਬਾਈ ਰਾਜ ਬਰਾੜ ਨੂੰ ਉਸ ਦਾ ਇਕੋ ਔਗਣ ਲੈ ਕੇ ਬਹਿ ਗਿਆ। ਉਸ ਨੇ ਕਦੇ ਹੋਰਾਂ ਕਲਾਕਾਰਾਂ ਵਾਂਗ ਦੂਹਰਾ ਕਿਰਦਾਰ ਨਹੀਂ ਨਿਭਾਇਆ ਸੀ। ਉਹ ਜੋ ਸੀ, ਜਿਵੇਂ ਦਾ ਸੀ, ਲੋਕਾਂ ਸਾਹਮਣੇ ਸੀ। ਇਸੇ ਲਈ ਉਸ ਨੇ ਲੱਖਾਂ ਕੱਟੜ ਪ੍ਰਸ਼ੰਸਕ ਅੱਜ ਵੀ ਹਨ। ਪੰਜਾਬੀ ਗਾਇਕੀ ਦੇ ਪਿੜਖ਼ 'ਚ ਲੰਮਾ ਸਮਾਂ ਰਾਜ ਕਰਨ ਵਾਲਾ ਬਾਈ ਰਾਜ ਬਰਾੜ ਤੁਰ ਗਿਆ। ਪਰ ਜਾਂਦਾ-ਜਾਂਦਾ ਉਹ ਪੰਜਾਬੀ ਫ਼ਿਲਮ 'ਆਮ ਆਦਮੀ' ਬਣਾਕੇ ਗਿਆ, 25 ਮਈ ਨੂੰ ਦੁਨੀਆਂ ਭਰ 'ਚ ਰਿਲੀਜ਼ ਕੀਤੀ, ਇਹ ਫ਼ਿਲਮ ਬਾਈ ਰਾਜ ਬਰਾੜ ਦੀ ਸਮਾਜ ਪ੍ਰਤੀ ਸੋਚ ਦਾ ਸਬੂਤ ਸੀ। ਬਾਈ ਰਾਜ ਬਰਾੜ ਨੇ ਕੋਸ਼ਿਸ਼ ਕੀਤੀ ਸੀ ਕਿ ਇਸ ਫ਼ਿਲਮ ਜ਼ਰੀਏ ਪੰਜਾਬ ਦੀ ਸਿਆਸਤ ਦਾ ਅਸਲ ਰੰਗ ਲੋਕਾਂ ਸਾਹਮਣੇ ਪੇਸ਼ ਕੀਤਾ ਜਾਵੇ। ਇਹ ਫ਼ਿਲਮ ਆਮ ਲੋਕਾਂ ਦੀ ਕਹਾਣੀ ਸੀ, ਫ਼ਿਲਮ 'ਚ ਸਿਆਸੀ ਪਾਰਟੀਆਂ ਅਤੇ ਪਰਿਵਾਰਾਂ ਵੱਲੋਂ ਆਮ ਲੋਕਾਂ ਦੇ ਕੀਤੇ ਜਾ ਰਹੇ ਸੋਸ਼ਣ ਦੀ ਗੱਲ ਕੀਤੀ ਗਈ ਸੀ। ਫ਼ਿਲਮ 'ਚ ਦਿਖਾਇਆ ਗਿਆ ਸੀ ਕਿ ਜਿੰਨਾਂ ਚਿਰ ਆਮ ਲੋਕ ਆਪਣੇ ਹੱਕਾਂ ਪ੍ਰਤੀ ਜਾਗਰੂਕ ਨਹੀਂ ਹੁੰਦੇ, ਉਨਾਂ ਚਿਰ ਉਹਨਾਂ ਦਾ ਸੋਸ਼ਣ ਜਾਰੀ ਰਹੇਗਾ। ਪਹਿਲਾਂ ਇਸ ਫ਼ਿਲਮ ਦਾ ਨਾਂ 'ਜਮੂਰੇ' ਰੱਖਿਆ ਗਿਆ ਸੀ, ਪਰ ਜਦੋਂ ਫ਼ਿਲਮ ਬਣਕੇ ਸਾਹਮਣੀ ਆਈ ਤਾਂ ਫ਼ਿਲਮ ਦੇ ਵਿਸ਼ੇ ਮੁਤਾਬਕ ਟੀਮ ਨੂੰ 'ਆਮ ਆਦਮੀ' ਟਾਈਟਲ ਜ਼ਿਆਦਾ ਢੁੱਕਵਾ ਲੱਗਿਆ। ਇਹ ਬਾਈ ਰਾਜ ਬਰਾੜ ਦੀ ਜ਼ਿੰਦਗੀ ਦੀ ਦੂਜੀ ਅਤੇ ਸਭ ਤੋਂ ਅਹਿਮ ਫ਼ਿਲਮ ਸੀ। ਫ਼ਿਲਮ ਦਾ ਕੰਮ ਮੁਕੰਮਲ ਕਰਨ ਤੋਂ ਬਾਅਦ ਉਹ ਇਸ ਦੀ ਰਿਲੀਜ਼ਿੰਗ ਦੀ ਵਿਉਂਤਬੰਦੀ ਕਰ ਰਹੇ ਸਨ, ਪਰ ਇਸ ਦੌਰਾਨ ਉਹਨਾਂ ਦੀ ਅਚਾਨਕ ਮੌਤ ਹੋ ਗਈ। ਫ਼ਿਲਮ ਦੇ ਨਿਰਮਾਤਾਵਾਂ ਨੇ ਉਨਖ਼ਾਂ ਦੀ ਇਹ ਆਖਰੀ ਫ਼ਿਲਮ ਸ਼ਰਧਾਂਜਲੀ ਵਜੋਂ ਉਹਨਾਂ ਦੇ ਸਰੋਤਿਆਂ ਤੱਕ ਪਹੁੰਚਾਈ।



ਅੱਜ ਬਾਈ ਰਾਜ ਬਰਾੜ ਨੂੰ ਚੇਤੇ ਕਰਦਿਆਂ, ਉਹਨਾਂ ਦੁਆਰਾ ਆਪਣੇ ਅਖੀਰਲੇ ਦਿਨਾਂ 'ਚ, ਆਪਣੀ ਜ਼ਿੰਦਗੀ ਉੱਪਰ ਲਿਖੇ ਤੇ ਗਾਏ, ਉਸ ਗੀਤ ਬੋਲ ਆਪ-ਮੁਹਾਰੇ ਯਾਦ ਆ ਗਏ..

"ਮੈਂ ਵੀ ਅਵੱਲਾ, ਮੇਰੇ ਕੰਮ ਵੀ ਅਵੱਲੇ ਨੇ!
ਕੀ ਨਹੀਂ ਮਾੜਾ ਕੀਤਾ, ਥੋਡੇ ਇਸ ਝੱਲੇ ਨੇ!!
ਮਾਂ-ਪਿਓ, ਭੈਣ-ਭਾਈ, ਯਾਰਾਂ ਤੋਂ ਸਰਾਪੇ ਨੇ!
ਆਹ ਲਓ ਪੁੱਤ ਛੱਡਤੀ, ਸਰਾਬ ਥੋਡੇ ਪਾਪੇ ਨੇ"
ਬੜਾ ਵੱਡਾ ਜੇਰਾ "ਰਾਜ", ਕੀਤਾ ਸੱਚ ਕਹਿਣ ਦਾ!
ਵੱਢ ਦਿੱਤਾ ਫਾਹਾ ਏਸ, ਚੰਦਰੀ ਸੁਦੈਣ ਦਾ!!
ਕੱਖਾਂ ਵਿੱਚ ਰੋਲਤਾ ਸੀ, ਇਸ ਨਿੱਤ ਦੇ ਸਿਆਪੇ ਨੇ!
ਆਹ ਲਓ ਪੁੱਤ ਛੱਡਤੀ, ਸਰਾਬ ਥੋਡੇ ਪਾਪੇ ਨੇ"

ਬਾਈ ਰਾਜ ਬਰਾੜ ਦੀ ਲੇਖਣੀ 'ਤੇ ਗਾਇਕੀ ਦੀ ਕਦਰ ਮੈਂ ਹੀ ਨਹੀਂ ਪਤਾ ਨਹੀਂ ਮੇਰੇ ਵਰਗੇ ਕਿੰਨ੍ਹੇ ਕੁ ਹੋਰ ਉਹਦੇ ਸੁਦਾਈ ਸਨ। ਪਰ ਜਨਾਬ! ਇਹ ਗੱਲ ਤਾਂ ਚਿੱਤ-ਚੇਤੇ ਹੀ ਨਹੀਂ ਸੀ, ਕਿ ਏਦਾਂ ਹੋ ਜਾਏਗਾ। ਦਸੰਬਰ 2016 ਦੇ ਉਹਨਾਂ ਦਿਨਾਂ ਦੀ ਗੱਲ ਐ, ਜਦੋਂ ਉਹ ਆਪਣੇ ਹੀ ਪਿੰਡ ਮੱਲਕੇ (ਮੋਗਾ) ਆਪਣੀ ਫ਼ਿਲਮ "ਜਮੂਰੇ" ਦੀ ਸ਼ੂਟਿੰਗ ਕਰ ਰਹੇ ਸਨ। ਤਾਂ ਅਸੀਂ ਆਪਣੇ ਮੈਗਜ਼ੀਨ "ਜਸਟ ਪੰਜਾਬੀ" ਦੀ ਇੰਟਰਵਿਊ ਲਈ ਬਾਈ ਰਾਜ ਬਰਾੜ ਤੋਂ ਬਕਾਇਦਾ ਟਾਈਮ ਲੈ ਕੇ ਉਹਨਾਂ ਨੂੰ "ਜਮੂਰੇ" ਦੇ ਸ਼ੂਟ 'ਤੇ ਮਿਲਣ ਗਏ। ਕਾਫੀ ਸਮਾਂ ਗੱਲਾਂ-ਬਾਤਾਂ ਹੋਈਆ, ਪਰ ਬਾਈ ਰਾਜ ਬਰਾੜ ਨੇ ਪਤਾ ਨਹੀਂ ਕਿੰਨ੍ਹੇ ਵਾਰੀ ਆਪਣੀ ਜਾਨ ਦੀ ਵੈਰਣ ਦਾਰੂ ਦੀ ਗੱਲ ਕਹਿ ਦਿੱਤੀ, ਕਿ ਇਹ ਮੈਨੂੰ ਲੈ ਕੇ ਬਹਿ ਗਈ। ਏਸੇ ਤਰ੍ਹਾਂ ਉੱਪਰ ਲਿਖੇ ਗੀਤ ਦੀਆਂ ਸਤਰਾਂ ਦਾ ਇੱਕ-ਇੱਕ ਸ਼ਬਦ ਬਾਈ ਰਾਜ ਬਰਾੜ ਦੀ ਹੱਡ-ਬੀਤੀ ਨੂੰ ਬਿਆਨਦਾ ਐ, ਕਿ ਉਹ ਧੁਰ ਅਮਦਰੋਂ ਕਿੰਨ੍ਹਾਂ ਦੁਖੀ ਸੀ। ਬਾਈ ਰਾਜ ਬਰਾੜ ਵਾਂਗ ਹੀ ਪੰਜਾਬ ਦੇ ਬਹੁਤੇ ਗਾਇਕਾ/ ਗੀਤਕਾਰਾਂ ਨੂੰ ਉਹਨਾਂ ਦੀ ਦਾਰੂ-ਪੀਣੀ, ਆਖ਼ਿਰ ਉਹਨਾਂ ਨੂੰ ਹੀ ਪੀ ਗਈ ਅਤੇ ਉਹਨਾਂ ਨੂੰ ਅਰਸ਼ 'ਤੇ ਬੈਠਿਆਂ ਨੂੰ ਫਰਸ 'ਤੇ ਲਿਆਦਾਂ। ਹਾਲੇ ਵੀ ਬਹੁਤੇ ਗਾਇਕ ਆਪਣੀ ਇਸ ਆਦਤ ਨੂੰ ਨਹੀਂ ਮੰਨਦੇ, ਪਰ ਬਾਈ ਰਾਜ ਬਰਾੜ ਆਪਣੀ ਇਸ ਆਦਤ ਨੂੰ ਕਬੂਲਦਾ ਸੀ, ਉਹਨੇ ਇਹਦੇ ਤੋਂ ਸਦਾ ਲਈ ਤੌਬਾ ਕਰ ਲਈ ਸੀ, ਪਰ ਕੁਦਰਤ ਨੂੰ ਕੁਝ ਹੋਰ ਈ ਮਨਜ਼ੂਰ ਸੀ।



ਗੁਰਬਾਜ ਗਿੱਲ
91-98723-62507

ਬਾਈ ਰਾਜ ਬਰਾੜ ਦਾ ਬੇਵਕਤੀ ਤੁਰ ਜਾਣਾ, ਪੰਜਾਬੀ ਸੰਗੀਤ ਜਗਤ ਲਈ ਵੱਡਾ ਘਾਟਾ ਹੈ ਹੀ, ਨਾਲ ਹੀ ਉਹਨਾਂ ਨਾਲ ਜੁੜੇ ਕਿੰਨ੍ਹੇ ਹੋਰ ਲੋਕਾਂ ਦੀ ਚਲਦੀ ਰੋਜ਼ੀ-ਰੋਟੀ ਖਤਮ ਹੋ ਗਈ, ਜਿਹਨਾਂ ਨੇ ਬੜਾ ਲੰਬਾ ਸਮਾਂ ਬਾਈ ਰਾਜ ਬਰਾੜ ਨਾਲ ਇਕੱਠਿਆ ਗੁਜ਼ਾਰਿਆ।

ਪਰ ਸਭ ਤੋਂ ਵੱਡਾ ਘਾਟਾ ਉਸ ਦੇ ਆਪਣੇ ਪਰਿਵਾਰ ਨੂੰ ਪਿਆ, ਜਿਹਨਾਂ ਦਾ ਪੁੱਤ, ਪਤੀ ਤੇ ਪਿਤਾ ਮੁੜਕੇ, ਕਦੇ ਉਹਨਾਂ ਨੂੰ ਨਹੀਂ ਮਿਲਣਾ, ਇਸ ਦਰਦ ਦਾ ਕੋਈ ਹੱਲ ਨਹੀਂ, ਪਰ ਜਿਵੇਂ ਕਹਿੰਦੇ ਨੇ ਕਿ ਇੱਕ ਗਾਇਕ/ ਗੀਤਕਾਰ ਦੀ ਪ੍ਰਾਪਰਟੀ ਉਹਦੇ ਗੀਤ ਹੀ ਹੁੰਦੇ ਨੇੜ ਤਾਂ ਬਾਈ ਰਾਜ ਬਰਾੜ ਆਪਣੇ ਬੱਚਿਆਂ ਲਈ ਆਪਣੇ ਗੀਤਾਂ ਦੀ ਅਣਮੁੱਲੀ ਵਿਰਾਸਤ ਛੱਡ ਕੇ ਗਏ ਹਨ। ਭਾਵੇ ਕਿ ਬਾਈ ਰਾਜ ਬਰਾੜ ਅੱਜ ਸਾਡੇ ਵਿਚਕਾਰ ਨਹੀਂ, ਪਰ ਉਹਨਾਂ ਦੀ ਯਾਦ ਹਮੇਸਾਂ ਸਾਡੇ ਦਿਲਾਂ ਚ' ਇੰਝ ਹੀ ਵਸੀ ਰਹੇਗੀ।

# ਕਥਾ : ਮਹਾਨ ਸ਼ਹੀਦ ਭਾਈ ਸੰਗਤ ਸਿੰਘ ਜੀ ਦੀ

ਸਿਦਕ ਨੂੰ ਪਾਲਣ ਅਤੇ ਸ਼ਹਾਦਤ ਦਾ ਚਾਅ ਕਰਨ ਵਾਲੇ ਸਿੱਖ ਇਤਿਹਾਸ ਦੀ ਲਾਸਾਨੀ ਸ਼ਹਾਦਤ ਸਬੰਧੀ ਵਿਚਾਰਦਿਆਂ ਹੈਰਾਨੀ ਹੁੰਦੀ ਹੈ ਕਿ ਕਿਵੇਂ ਸੂਰਮੇ ਆਪਣੇ ਗੁਰੂ ਖਾਤਰ ਜਾਂ ਗੁਰੂ ਦੀ ਥਾਵੇਂ ਸਿਰ ਵਾਰ ਜਾਂਦੇ ਹਨ। ਪਰ ਇਹ ਜਜ਼ਬਾ ਕੋਈ ਦਿਨਾਂ ਮਹੀਨਿਆਂ ਵਿੱਚ ਪੈਦਾ ਨਹੀਂ ਹੁੰਦਾ ਇਸ ਵਿੱਚ ਪਰਿਵਾਰਕ ਵਿਰਸੇ ਦਾ ਵੀ ਬਹੁਤ ਮਹੱਤਵ ਹੁੰਦਾ ਹੈ ਕਿ ਪੀੜ੍ਹੀ ਦਰ ਪੀੜ੍ਹੀ ਸ਼ਰਧਾ, ਪ੍ਰਤੀਬੱਧਤਾ ਅਤੇ ਸੂਰਬੀਰਤਾ ਪਲਦੀ ਹੈ। ਕੁਰਬਾਨੀਆਂ ਦੇ ਇਤਿਹਾਸ ਨੂੰ ਵਿਚਾਰਦਿਆਂ ਇਕ ਅਜਿਹੀ ਲਾਸਾਨੀ ਕੁਰਬਾਨੀ ਦਾ ਵਿਸਥਾਰ ਹੈ ਮਹਾਨ ਸ਼ਹੀਦ ਭਾਈ ਸੰਗਤ ਸਿੰਘ ਜੀ ਦਾ ਜੀਵਨ ਅਤੇ ਨਿਭਾਏ ਗਏ ਸਿਦਕ, ਸਿਰੜ ਦੀ ਵਾਰ ਵਾਰ ਚੇਤੇ ਕਰਨ ਵਾਲੀ ਕਥਾ। ਜੋ ਸਦੀਆਂ ਤੱਕ ਆਪਣੇ ਸੱਚੇ ਮਕਸਦ ਵਾਸਤੇ ਲੜਨ ਵਾਲਿਆਂ ਦੀ ਅਗਵਾਈ ਕਰਦੀ ਰਹੇਗੀ। ਜੋ ਸੱਚ ਖਾਤਰ ਹਨੇਰਿਆਂ ਦੇ ਖਿਲਾਫ ਲੜਨ ਦਾ ਜਜ਼ਬਾ ਬਣੀ ਰਹੇਗੀ।

ਸਿੱਖ ਇਤਿਹਾਸ ਦੇ ਸੂਰਮੇ ਸ਼ਹੀਦ ਭਾਈ ਸੰਗਤ ਸਿੰਘ ਜੀ ਦੀ ਜਿਨ੍ਹਾਂ ਨੂੰ ਸੰਗਤ ਸਿੰਘ ਬੰਗੇਸਰ ਕਰਕੇ ਵੀ ਇਤਿਹਾਸ ਵਿੱਚ ਯਾਦ ਕੀਤਾ ਜਾਂਦਾ ਹੈ। ਪਹਿਲਾਂ ਭਾਈ ਸੰਗਤ ਸਿੰਘ ਜੀ ਦੇ ਪਿਛੋਕੜ ਵੱਲ ਨਿਗਾਹ ਮਾਰਨੀ ਚਾਹੀਦੀ ਹੈ ਕਿ ਕਿਸੇ ਦੇ ਰੋਮ ਰੋਮ ਵਿੱਚ ਭੈਅ ਮੁਕਤ ਸੂਰਬੀਰਤਾ ਕਿਵੇਂ ਰਚਦੀ ਹੈ। ਕਿਵੇਂ ਕੁਰਬਾਨੀ ਦਾ ਜਜ਼ਬਾ ਪੈਦਾ ਹੁੰਦਾ ਹੈ, ਕਿ ਇਨਸਾਨ ਸਾਹਮਣੇ ਦਿਸਦੀ ਮੌਤ ਦੇਖ ਕੇ ਬਚਣ ਦੀ ਬਜਾਏ ਮਾਣ ਭਰੀ ਖੁਸ਼ੀ ਨਾਲ ਜਾਨ ਵਾਰਨ ਲਈ ਤਿਆਰ ਹੋ ਜਾਂਦਾ ਹੈ। ਯਾਦ ਰਹੇ ਅਜਿਹੇ ਸੂਰਮੇ ਹੀ ਇਤਿਹਾਸ ਦੇ ਥੰਮ ਬਣਦੇ ਹਨ। ਆਉਣ ਵਾਲੀਆਂ ਪੀੜ੍ਹੀਆਂ ਅਜਿਹੇ ਸੂਰਮਿਆਂ ਨੂੰ ਯਾਦ ਹੀ ਨਹੀਂ ਰੱਖਦੀਆਂ ਸਗੋਂ ਉਨ੍ਹਾਂ ਨੂੰ ਆਪਣਾ ਪ੍ਰੇਰਨਾ ਸ੍ਰੋਤ ਵੀ ਮੰਨਦੀਆਂ ਹਨ ਤਾਂ ਕਿ ਆਪਣੇ ਜੁਝਾਰੂ ਵਿਰਸੇ ਨੂੰ ਜੀਉਂਦਾ ਰੱਖਿਆ ਜਾ ਸਕੇ ਅਤੇ ਅੱਗੇ ਤੋਰਿਆ ਜਾ ਸਕੇ।



ਕੇਹਰ ਸ਼ਰੀਫ
+49 173 3546050

ਇਤਿਹਾਸ ਵਿੱਚ ਭਾਈ ਸੰਗਤ ਸਿੰਘ ਜੀ ਦੇ ਪਰਿਵਾਰ ਦਾ ਗੁਰੂ ਘਰ ਵੱਲ ਸ਼ਰਧਾ ਭਰਪੂਰ ਸਨੇਹ ਬਹੁਤ ਪਹਿਲਾਂ ਜੁੜ ਜਾਂਦਾ ਹੈ। ਜਦੋਂ ਸਿੱਖਾਂ ਦੇ ਚੌਥੇ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਨੇ 'ਗੁਰੂ ਕਾ ਚੱਕ' ਭਾਵ ਅਮ੍ਰਿਤਸਰ ਵਸਾਇਆ ਤਾਂ ਗੁਰੂ ਸੇਵਾ ਅਤੇ ਗੁਰੂ ਦਰਸ਼ਨਾਂ ਵਾਸਤੇ ਬਹੁਤ ਸਾਰੀਆਂ ਸੰਗਤਾਂ ਦੂਰ ਦੁਰਾਡੇ ਤੋਂ ਵੀ ਆਇਆ ਕਰਦੀਆਂ ਸਨ। ਗੁਰੂ ਦੀ ਮਹਿਮਾਂ ਸੁਣ ਕੇ ਗਰੀਬ ਪਰਿਵਾਰ ਵੀ ਇਸ ਪਾਸੇ ਵੱਲ ਤੁਰਨ ਲੱਗ ਪਏ ਸਨ। ਇਨ੍ਹਾਂ ਗਰੀਬ ਪਰਿਵਾਰਾਂ ਵਿੱਚ ਕੱਪੜਾ ਬੁਣਨ ਦਾ ਕੰਮ ਕਰਨ ਵਾਲੇ ਕਿਰਤੀ ਭਾਈ ਜਰਨੈਲ ਦਾ ਪਰਿਵਾਰ ਵੀ ਸੀ। ਗੁਰੂ ਰਾਮ ਦਾਸ ਜੀ ਨੇ ਆਪਣੀ ਸੰਗਤ ਵਿੱਚੋਂ ਜਾਤ ਪਾਤ ਨੂੰ ਸਦਾ ਲਈ ਖਤਮ ਕਰਨ ਵਾਸਤੇ ਇਕ ਦਿਨ ਧਾਰਮਿਕ ਦੀਵਾਨ ਤੋਂ ਬਾਅਦ ਭਾਈ ਜਰਨੈਲ ਜੀ ਤੇ ਉਨ੍ਹਾਂ ਨਾਲ ਆਈ ਸੰਗਤ ਦੀ ਸੇਵਾ ਭਾਵਨਾ ਤੋਂ ਅਤਿ ਪਰਸੰਨ ਹੋ ਕੇ ਆਪਣੇ ਕੋਲ ਬੁਲਾ ਕੇ 'ਸਿਰੋਪਾਓ' ਦੀ ਦੀ ਬਖਸ਼ਿਸ਼ ਕਰਦਿਆਂ ਸੰਗਤਾਂ ਨੂੰ ਹੁਕਮ ਕੀਤਾ ਕਿ ਇਹ ਸਿੱਖ ਮੇਰੇ ਨਾਮ ਨਾਲ ਰਾਮਦਾਸੀਏ ਕਰਕੇ ਜਾਣੇ ਜਾਣ। ਰਾਮਦਾਸੀਏ ਦਾ ਲਕਬ ਚੌਥੇ ਗੁਰੂ ਸ੍ਰੀ ਗੁਰੂ ਰਾਮਦਾਸ ਕਰਕੇ ਪ੍ਰਾਪਤ ਹੋਇਆ। ਇੱਥੇ ਇਹ ਵੀ ਯਾਦ ਰੱਖਣ ਵਾਲੀ ਗੱਲ ਹੈ ਕਿ ਗੁਰੂ ਨਾਨਕ ਦੇਵ ਜੀ ਵਲੋਂ ਸਿੱਖ ਧਰਮ ਦੇ ਆਰੰਭ ਵੇਲੇ ਤੋਂ ਹੀ ਸਮਾਜਿਕ ਬੁਰਾਈਆਂ ਦਾ ਡਟ ਕੇ ਵਿਰੋਧ ਕੀਤਾ ਗਿਆ ਜਦੋਂ ਕਿ ਸਮਾਜ ਵਿਰੋਧੀ ਅੰਸਰਾਂ ਵਲੋਂ ਕਿਸੇ ਧਰਮ ਦੇ ਨਾਂ ਹੇਠ ਸਮਾਜ ਨੂੰ ਵਰਣਾਂ ਵਿੱਚ ਵੰਡਿਆ ਹੋਇਆ ਸੀ ਤਾਂ ਬਾਬੇ ਨਾਨਕ ਨੇ ਕਿਹਾ ਸੀ 'ਚਾਰਿ ਵਰਨਿ ਇਕੁ ਵਰਨਿ ਕਰਾਇਆ' ਕਿ ਜਾਤਪਾਤ ਦਾ ਭੇਦ ਭਾਵ ਮਿਟਾ ਕੇ ਪੰਗਤ ਤੇ ਸੰਗਤ ਵਿੱਚ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਦਾ ਸਿਧਾਂਤ ਪ੍ਰਚਾਰਿਆ ਸੀ। 'ਏਕ ਪਿਤਾ ਏਕਸ ਕੇ ਹਮ ਬਾਰਿਕ'। ਜੇ ਇਸ ਤੋਂ ਵੀ ਪਿੱਛੇ ਜਾਣਾ ਹੋਵੇ ਤਾਂ ਭਗਤੀ ਲਹਿਰ ਦੇ ਸਮੇਂ ਵੱਲ ਨਿਗਾਹ ਮਾਰ ਲੈਣੀ ਚਾਹੀਦੀ ਹੈ ਕਿ ਭਗਤੀ ਲਹਿਰ ਦਾ ਮੁੱਖ ਮਕਸਦ ਵੀ ਪਾਈਆਂ ਵੰਡੀਆਂ ਨੂੰ ਨਕਾਰਨਾ ਅਤੇ ਮਨੁੱਖਾਂ ਦੀ ਬਰਾਬਰੀ ਦਾ ਪ੍ਰਚਾਰ ਕਰਨਾ ਹੀ ਸੀ। ਭਗਤੀ ਲਹਿਰ ਦੇ ਇਸ ਬੁਨਿਆਦੀ ਫਲਸਫੇ ਨੂੰ ਅੱਜ ਵੀ ਮਨੁੱਖੀ ਅਧਿਕਾਰਾਂ ਦੀਆਂ ਲਹਿਰਾਂ ਕਰਕੇ ਜਾਣਿਆ ਜਾਂਦਾ ਹੈ। ਦਰਅਸਲ, ਸਿਧਾਂਤਕ ਪੱਖੋਂ ਭਗਤੀ ਲਹਿਰ ਹੀ ਸਿੱਖ ਧਰਮ ਦੀ ਬੁਨਿਆਦ ਆਖੀ ਜਾ ਸਕਦੀ ਹੈ।

ਇੱਥੇ ਇਕ ਹੋਰ ਨੁਕਤੇ ਬਾਰੇ ਵਿਚਾਰ ਕਰਨੀ ਬਹੁਤ ਜਰੂਰੀ ਹੈ ਜਿਸ ਬਾਰੇ ਗੁਰੂ ਨਾਮ ਲੇਵਾ ਸੰਗਤਾਂ ਨੂੰ ਅਤੇ ਧਾਰਮਿਕ ਸੰਸਥਾਵਾਂ ਦੇ ਪ੍ਰਬੰਧਕਾਂ ਨੂੰ ਖਾਸ ਤੌਰ ਤੇ ਸੋਚਣਾ ਬਣਦਾ ਹੈ, ਸਿਰੋਪਾਓ ਭਾਵ ਸਿਰੋਪਾ ਬਾਰੇ। ਗੁਰੂ ਸਾਹਿਬ ਵੇਲੇ ਧਾਰਮਿਕ ਪੱਧਰ ਤੇ ਸੇਵਾ ਭਾਵ ਵਾਲੇ ਲੋਕਾਂ ਨੂੰ ਹੀ ਸਿਰੋਪਾਓ / ਸਿਰੋਪਾ ਦੀ ਬਖਸ਼ਿਸ਼ ਕੀਤੀ ਜਾਂਦੀ ਸੀ- ਉਹ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਵਿਚ ਅਤੇ ਗੁਰੂ ਘਰ ਦੇ ਗ੍ਰੰਥੀ (ਗੁਰੂ ਘਰ ਦਾ ਵਜ਼ੀਰ) ਵਲੋਂ। ਅੱਜ ਜੋ ਹਾਲ ਸਿਰੋਪਾ ਦਾ ਹੋਇਆ ਪਿਆ ਹੈ ਜਾਂ ਹੋਈ ਜਾ ਰਿਹਾ ਹੈ ਕਿ ਜਿਸ ਦੇ ਘਰ ਚਾਰ ਵੋਟਾਂ ਹਨ ਉਸ ਨੂੰ ਉਸ ਦੇ ਘਰ ਜਾ ਕੇ ਦੇ ਦਿੱਤਾ ਜਾਂਦਾ ਹੈ ਜੋ ਸਰਾਸਰ ਗਲਤ ਹੈ। ਗੁਰੂ ਵਾਲੀ ਭਾਵਨਾ ਦੇ ਵੀ ਉਲਟ ਹੈ। ਇਹ ਕਾਰਜ ਬੰਦੇ-ਕੁਬੰਦੇ ਦੀ ਪਛਾਣ ਕੀਤੇ ਬਿਨਾਂ ਹੀ ਕੀਤਾ ਜਾ ਰਿਹਾ ਹੈ। ਇਸ ਬਾਰੇ ਡੂੰਘਾਈ ਨਾਲ ਸੋਚਣ ਦੀ ਲੋੜ ਹੈ।

ਜਦੋਂ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਨੇ ਮੀਰੀ ਪੀਰੀ ਧਾਰਣ ਕਰਨ ਤੋਂ ਬਾਅਦ ਸਿੱਖ ਸੰਗਤਾਂ ਵੱਲ ਇਕ ਗਸ਼ਤੀ ਹੁਕਮਨਾਮਾ ਘੱਲਿਆ ਕਿ ਸਿੱਖ ਸੇਵਕ ਹੋਰ ਤੋਹਫਿਆਂ ਦੀ ਥਾਵੇਂ ਸ਼ਸਤਰ ਤੇ ਘੋੜੇ ਆਦਿ ਲੈ ਕੇ ਆਉਣ। ਨਾਲ ਹੀ ਹੋ ਰਹੇ ਜੁਲਮ ਦੇ ਖਿਲਾਫ ਹਥਿਆਰਬੰਦ ਹੋਣ ਦਾ ਸੱਦਾ ਦਿੱਤਾ। ਸਾਧਨਾ ਵਾਲੇ ਬਹੁਤ ਸਾਰੇ ਲੋਕ ਘੋੜੇ ਬਗੈਰਾ ਲੈ ਕੇ ਵੀ ਆਏ। ਦੁਆਬੇ ਤੇ ਮਾਲਵੇ ਦੇ ਸੂਰਬੀਰ ਯੋਧਿਆਂ ਨੇ ਆਪਣੀਆਂ ਸੇਵਾਵਾਂ ਪੇਸ਼ ਕਰਦਿਆਂ ਕਿਹਾ ਸੀ ਕਿ "ਸੱਚੇ ਪਾਤਸ਼ਾਹ, ਅਸੀਂ ਗਰੀਬ ਲੋਕ ਹਾਂ, ਸਾਡੇ ਕੋਲ ਤੁਹਾਨੂੰ ਭੇਟ ਕਰਨ ਲਈ ਕੁੱਝ ਵੀ ਨਹੀਂ, ਅਸੀਂ ਕੇਵਲ ਆਪਣੀਆਂ ਜਾਨਾਂ ਹੀ ਵਾਰ ਸਕਦੇ ਹਾਂ ਤੇ ਸਾਨੂੰ ਆਪਣੀ ਫੌਜ ਵਿੱਚ ਰੱਖ ਲਵੋ।'' ਗੁਰਬਿਲਾਸ ਪਾਤਸ਼ਾਹੀ ਛੇਵੀਂ ਦੇ ਪੰਨਾ 153 ਤੇ ਮੈਕਾਲਿਫ ਇਸ ਬਾਰੇ ਲਿਖਦੇ ਹਨ :

'ਹਮ ਅਨਾਥ ਸਿਰ ਭੇਟ ਕੀਨੇ , ਦਯਾ ਕਰਯੋ ਕਹਿ ਦੀਨੇ'

ਗੁਰੂ ਸਾਹਿਬਾਂ ਦੇ ਦਰਸ਼ਨਾਂ ਨੂੰ ਆਉਣ ਵਾਲੀਆਂ ਸੰਗਤਾਂ ਵਿੱਚ ਜਲੰਧਰ ਦੇ ਲਾਗਲੇ ਪਿੰਡ ਜੰਡੂ ਸਿੰਘਾ ਦੇ ਭਾਈ ਬੁੱਧਾ ਜੀ ਅਤੇ ਭਾਈ ਸੁੱਧਾ ਜੀ ਅਤੇ ਸਪਰੌੜ ਖੇੜੀ ਦੇ ਭਾਈ ਭਾਨੂੰ ਜੀ ਵੀ ਸ਼ਾਮਲ ਸਨ। ਇਹ ਭਾਈ ਭਾਨੂ ਜੀ, ਭਾਈ ਸੰਗਤ ਸਿੰਘ ਜੀ ਦੇ ਦਾਦਾ ਜੀ ਸਨ। ਭਾਈ ਭਾਨੂੰ ਜੀ ਨੇ ਗੁਰੂ ਹਰਗੋਬਿੰਦ ਸਾਹਿਬ ਜੀ ਵਲੋਂ ਲੜੀਆਂ ਚੌਹਾਂ ਜੰਗਾਂ ਵਿੱਚ ਹੀ ਆਪਣੀ ਬਹਾਦਰੀ ਦੇ ਜੌਹਰ ਵਿਖਾਏ ਸਨ। ਇਸ ਅਮੀਰ ਪਰਿਵਾਰਕ ਵਿਰਸੇ ਦੇ ਮਾਲਕ ਸਨ ਭਾਈ ਸੰਗਤ ਸਿੰਘ ਜੀ।

ਜਦੋਂ ਭਾਈ ਮੱਖਣ ਸ਼ਾਹ ਲੁਬਾਣਾ ਨੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਨੂੰ ਬਾਬਾ ਬਕਾਲਾ ਵਿਖੇ ਲੱਭ ਲਿਆ ਤਾਂ ਸਭ ਤੋਂ ਪਹਿਲਾਂ ਭਾਈ ਰਣੀਆਂ ਜੀ ਗੁਰੂ ਦਰਸ਼ਨਾਂ ਵਾਸਤੇ ਬਾਬਾ ਬਕਾਲਾ ਵਿਖੇ ਪਹੁੰਚੇ। ਬਚਪਨ ਤੋਂ ਹੀ ਸੇਵਾ ਦੀ ਚੇਟਕ ਲੱਗਣ ਕਰਕੇ ਗੁਰੂ ਸੇਵਾ ਵਿੱਚ ਜੁਟ ਗਏ। ਗੁਰੂ ਸਾਹਿਬ ਦੇ ਹੁਕਮ ਅਨੁਸਾਰ ਭਾਈ ਰਣੀਆਂ ਜੀ ਨੂੰ ਕੁੱਝ ਦਿਨਾਂ ਵਾਸਤੇ ਉਨ੍ਹਾਂ ਦੇ ਪਿੰਡ ਜਾਣ ਲਈ ਕਹਿ ਦਿੱਤਾ ਗਿਆ ਅਤੇ ਫੇਰ ਮਾਖੋਵਾਲ ਵਿਖੇ ਇਕ ਹੋਰ ਨਵਾਂ ਨਗਰ ਵਸਾਉਣ ਦਾ ਦੱਸਕੇ ਉੱਥੇ ਪਹੁੰਚਣ ਲਈ ਹਦਾਇਤ ਕੀਤੀ। ਗੁਰੂ ਪਿਆਰ 'ਚ ਰੰਗੇ ਇਹ ਭਾਈ ਰਣੀਆਂ ਜੀ ਹੀ ਭਾਈ ਸੰਗਤ ਸਿੰਘ ਦੇ ਪਿਤਾ ਜੀ ਸਨ।

ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਕਹਿਲੂਰ ਦੇ ਰਾਜੇ ਕੋਲੋਂ ਪਿੰਡ ਮਾਖੋਵਾਲ ਦੀ ਜ਼ਮੀਨ ਖਰੀਦ ਕੇ ਇੱਥੇ ਨਵਾਂ ਨਗਰ ਵਸਾਇਆ ਤਾਂ ਇਸ ਨਵੇਂ ਵਸਾਏ ਨਗਰ ਦਾ ਨਾਂ ਆਪਣੀ ਮਾਤਾ ਜੀ ਦੇ ਨਾਂ 'ਤੇ 'ਚੱਕ ਨਾਨਕੀ' ਰੱਖਿਆ ਜੋ ਬਾਅਦ ਵਿੱਚ ਆਨੰਦਪੁਰ ਸਾਹਿਬ ਬਣ ਗਿਆ। ਇਸ ਨਗਰ ਵਸਾਉਣ ਦੀ ਨੀਂਹ ਦਾ ਟੱਕ 19 ਜੂਨ 1665 ਨੂੰ ਬਾਬਾ ਬੁੱਢਾ ਜੀ ਦੇ ਪੋਤਰੇ ਬਾਬਾ ਗੁਰਦਿੱਤਾ ਜੀ ਨੇ ਲਾਇਆ ਸੀ। ਉਸ ਸਮੇਂ ਭਾਈ ਸੰਗਤ ਸਿੰਘ ਜੀ ਦੇ ਮਾਤਾ ਪਿਤਾ ਭਾਈ ਰਣੀਆਂ ਜੀ ਤੇ ਬੀਬੀ ਅਮਰੋ ਜੀ ਨੇ ਗੁਰੂ ਘਰ ਦੇ ਸੇਵਾਦਾਰ ਜਾਂ ਟਹਿਲੀਏ ਵਜੋਂ ਆਪਣਾ ਜੀਵਨ ਅਰਪਣ ਕੀਤਾ ਸੀ। ਇੱਥੋਂ ਹੀ ਸਿੱਖੀ ਦੇ ਪ੍ਰਚਾਰ ਲਈ ਗੁਰੂ ਤੇਗ ਬਹਾਦਰ ਚੱਲੇ ਸਨ। ਸੰਗਤਾਂ ਵਿੱਚ ਮਾਤਾ ਨਾਨਕੀ ਜੀ, ਮਾਤਾ ਗੁਜਰੀ ਜੀ, ਮਾਮਾ ਕ੍ਰਿਪਾਲ ਚੰਦ ਅਤੇ ਹੋਰ ਕਈਆਂ ਦੇ ਨਾਲ ਬੀਬੀ ਅਮਰੋ ਜੀ ਤੇ ਭਾਈ ਰਣੀਆਂ ਜੀ ਵੀ ਨਾਲ ਗਏ ਸਨ। ਪ੍ਰਚਾਰ ਵਜੋਂ ਮਾਲਵੇ ਦੇ ਬਾਂਗਰ ਇਲਾਕੇ ਤੇ ਮਥਰਾ, ਕੁਰਕਸ਼ੇਤਰ, ਆਗਰਾ, ਕਾਨਪੁਰ, ਇਲਾਹਾਬਾਦ ਆਦਿਕ ਅਨੇਕਾਂ ਥਾਵਾਂ 'ਤੇ ਗੁਰੂ ਨਾਨਕ ਦੀ ਸਿੱਖੀ ਦਾ ਪ੍ਰਚਾਰ ਕਰਦੇ ਹੋਏ ਬਿਹਾਰ ਦੇ ਪਟਨਾ ਵਿਖੇ ਪਹੁੰਚੇ ਸਨ। ਸੰਗਤਾਂ ਨੂੰ ਮੁੱਖ ਤੌਰ ਤੇ ਬੀਬੀ ਅਮਰੋ ਜੀ ਅਤੇ ਭਾਈ ਰਣੀਆਂ ਜੀ ਨੂੰ ਆਪਣੇ ਪਰਿਵਾਰ ਦੀ ਦੇਖ ਭਾਲ ਦੀ ਜੁੰਮੇਵਾਰੀ ਸੌਂਪ ਕੇ ਨੌਵੇਂ ਗੁਰੂ ਸਿੱਖੀ ਦੇ ਪ੍ਰਚਾਰ ਖਾਤਰ ਅਸਾਮ ਅਤੇ ਢਾਕੇ ਵੱਲ ਗਏ ਸਨ। ਪਟਨਾ ਵਿਖੇ 22 ਦਸੰਬਰ 1666 ਨੂੰ ਬਾਲ ਗੋਬਿੰਦ ਰਾਏ ਦਾ ਜਨਮ ਹੋਇਆ ਸੀ। ਇਸ ਤੋਂ ਚਾਰ ਮਹੀਨੇ ਬਾਅਦ ਬੀਬੀ ਅਮਰੋ ਜੀ ਦੀ ਕੁੱਖੋਂ ਭਾਈ ਰਣੀਆਂ ਜੀ ਦੇ ਘਰ ਬੱਚੇ ਦਾ ਜਨਮ ਹੋਇਆ ਜਿਸ ਦਾ ਨਾਂ ਸੰਗਤਾ ਰੱਖਿਆ ਗਿਆ। ਬਾਲ ਸੰਗਤਾ ਦੀ ਸ਼ਕਲ ਬਾਲ ਗੋਬਿੰਦ ਰਾਏ ਨਾਲ ਬਹੁਤ ਹੀ ਮਿਲਦੀ ਸੀ। ਇਸ ਬਾਰੇ ਵੀ ਕਾਫੀ ਦੰਦ ਕਥਾਵਾਂ ਹਨ ਕਿ ਇਕ ਵਾਰ ਜਦੋਂ ਬਾਲ ਉਮਰੇ ਬਾਲ ਗੋਬਿੰਦ ਰਾਏ ਤੇ ਭਾਈ ਸੰਗਤਾ ਜੀ ਰਾਣੀ ਮੈਣੀ ਦੇ ਘਰ ਗਏ ਤਾਂ ਭੁਲੇਖਾ ਪਾਉਣ ਵਾਸਤੇ ਬਾਲ ਗੋਬਿੰਦ ਰਾਏ ਨੇ ਭਾਈ ਸੰਗਤੇ ਨੂੰ ਅੱਗੇ ਕਰ ਦਿੱਤਾ, ਇਸ ਤਰ੍ਹਾਂ ਰਾਣੀ ਪੂਰੀ ਪਹਿਚਾਣ ਤਾਂ ਨਾ ਕਰ ਸਕੀ ਪਰ ਦੋਵਾਂ ਨੂੰ ਪਿਆਰ ਦਿੰਦਿਆਂ ਕਹਿਣ ਲੱਗੀ ਕਿ 'ਤੁਸੀਂ ਦੋਵੇਂ ਹੀ ਮੇਰੇ ਪਿਆਰੇ ਪੁੱਤਰ ਹੋ'। ਦੋਹਾਂ ਦੀ ਸ਼ਕਲ ਬਹੁਤੀ ਮਿਲਦੀ ਹੋਣ ਕਰਕੇ ਅਜਿਹਾ ਵਾਪਰਨਾ ਦੱਸਿਆ ਗਿਆ ਹੈ।

ਦਸਵੇਂ ਗੁਰੂ ਸਾਹਿਬ ਤੇ ਭਾਈ ਸੰਗਤ ਸਿੰਘ ਦਾ ਬਚਪਨ ਇਕੱਠਾ ਹੀ ਬੀਤਿਆ। ਜਦੋਂ ਅਸੀਂ ਬਾਅਦ ਦੇ ਸਮੇਂ ਦੀਆਂ ਲੜਾਈਆਂ ਬਾਰੇ ਸੁਣਦੇ/ਪੜ੍ਹਦੇ ਹਾਂ ਤਾਂ ਇਹ ਵੀ ਦੇਖਦੇ ਹਾਂ ਕਿ ਇਹ ਕੁੱਝ ਤਾਂ ਬਹੁਤ ਪਹਿਲਾਂ ਤੋਂ ਹੀ ਸ਼ੁਰੂ ਹੋ ਗਿਆ ਸੀ। ਬਚਪਨ ਵਿੱਚ ਹੀ ਫਰਜ਼ੀ ਜੰਗ ਦੀ ਖੇਡ ਖੇਡਣ ਸਮੇਂ ਬਾਲ ਗੋਬਿੰਦ ਰਾਏ ਖੇਡਣ ਵਾਸਤੇ ਦੋ ਟੋਲੀਆਂ ਬਣਾਉਂਦੇ ਇਕ ਦੇ ਆਪ ਆਗੂ ਬਣਦੇ ਤੇ ਦੂਜੀ ਟੋਲੀ ਦੀ ਅਗਵਾਈ ਭਾਈ ਸੰਗਤਾ ਜੀ ਕਰਦੇ। ਇਸ ਤਰ੍ਹਾਂ ਇਹ ਅਭਿਆਸ ਬਚਪਨ ਤੋਂ ਹੀ ਸ਼ੁਰੂ ਹੋ ਗਿਆ ਸੀ। ਇਸ ਸਮੇਂ ਹੀ ਆਪਸੀ ਸਾਂਝ ਬਣੀ ਜੋ ਸਾਰੀ ਉਮਰ ਰਹੀ। ਭਾਈ ਸੰਗਤ ਸਿੰਘ ਜੀ ਗੁਰੂ ਦੇ ਵਿਸ਼ਵਾਸ ਪਾਤਰ ਰਹੇ। ਇਹ ਵੀ ਪੜ੍ਹਨ ਵਿੱਚ ਆਉਂਦਾ ਹੈ ਕਿ ਭਾਈ ਸੰਗਤ ਸਿੰਘ ਹੋਰਾਂ ਨੇ ਗੁਰੂ ਸਾਹਿਬ ਨਾਲ ਸ਼ਸਤਰ ਵਿੱਦਿਆ, ਤਲਵਾਰਬਾਜ਼ੀ, ਨੇਜ਼ਾਬਾਜ਼ੀ, ਘੋੜਸਵਾਰੀ ਆਦਿ ਵਿਚ ਵੀ ਨਿਪੁੰਨਤਾ ਪ੍ਰਾਪਤ ਕੀਤੀ।

ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਕਿ ਗੁਰੂ ਸਾਹਿਬ ਕੋਲ ਆਮ ਲੋਕ ਆਪਣੀਆਂ ਸਮੱਸਿਆਵਾਂ ਲੈ ਕੇ ਵੀ ਆਉਂਦੇ ਸਨ। ਇਕ ਦਿਨ ਦਰਬਾਰ ਵਿੱਚ ਰੋਂਦਾ ਹੋਇਆ ਇਕ ਬ੍ਰਾਹਮਣ ਆਇਆ ਤੇ ਫਰਿਆਦ ਕੀਤੀ ਕਿ ਉਸ ਦੀ ਘਰ ਵਾਲੀ ਨੂੰ ਇਕ ਪਠਾਣ ਉਸਤੋਂ ਖੋਹ ਕੇ ਰੋਪੜ ਵਾਲੇ ਪਾਸੇ ਲੈ ਗਿਆ ਹੈ ਉਸ ਦੀ ਮੱਦਦ ਕੀਤੀ ਜਾਵੇ। ਉਹ ਗੁਰੂ ਦੇ ਦਰਬਾਰ ਵਿੱਚ ਇਹ ਹੀ ਆਸ ਲੈ ਕੇ ਆਇਆ ਹੈ। ਗੁਰੂ ਸਾਹਿਬ ਨੇ ਸਾਹਿਬਜ਼ਾਦਾ ਅਜੀਤ ਸਿੰਘ ਤੇ ਭਾਈ ਸੰਗਤ ਸਿੰਘ ਨੂੰ ਤੁਰੰਤ ਕਾਰਵਾਈ ਕਰਨ ਲਈ ਕਿਹਾ। ਸਾਹਿਬਜ਼ਾਦਾ ਅਜੀਤ ਸਿੰਘ ਤੇ ਭਾਈ ਸੰਗਤ ਸਿੰਘ ਜੀ ਘੋੜਿਆਂ ਤੇ ਅਸਵਾਰ ਹੋ ਕੇ ਪਠਾਣ ਦੀ ਪੈੜ ਨੱਪਦੇ ਹੋਏ ਉਸਦੇ ਮਗਰ ਹੋ ਤੁਰੇ, ਪਠਾਣ ਅਜੇ ਆਪਣੇ ਘਰ ਪਹੁੰਚਿਆ ਹੀ ਸੀ ਤੇ ਧੱਕੇ ਨਾਲ ਖੋਹ ਕੇ ਲਿਆਂਦੀ ਬ੍ਰਾਹਮਣੀ ਬੈਠੀ ਰੋ ਰਹੀ ਸੀ ਉਦੋਂ ਤੱਕ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਭਾਈ ਸੰਗਤ ਸਿੰਘ ਜੀ ਉੱਥੇ ਪਹੁੰਚ ਗਏ। ਪਹਿਲਾਂ ਤਾਂ ਪਠਾਣ ਦੀ ਚੰਗੀ ਸੁਧਾਈ ਕੀਤੀ ਗਈ ਜਦੋਂ ਭਾਈ ਸੰਗਤ ਸਿੰਘ ਉਸ ਪਾਪੀ 'ਤੇ ਤਲਵਾਰ ਦਾ ਵਾਰ ਕਰਨ ਲੱਗੇ ਤਾਂ ਪਠਾਣ ਦੇ ਘਰ ਵਾਲੀ ਦਾ ਤਰਲਾ ਮੰਨ ਕੇ ਉਸ ਨੂੰ ਮਾਫ ਕਰ ਦਿੱਤਾ ਗਿਆ। ਉਸ ਬੀਬੀ ਨੂੰ ਨਾਲ ਲਿਆ ਕੇ ਬ੍ਰਾਹਮਣ ਦੇ ਹਵਾਲੇ ਕਰ ਦਿੱਤਾ ਗਿਆ।



ਇਸੇ ਤਰ੍ਹਾਂ ਜਦੋਂ ਆਨੰਦਪੁਰ ਦੇ ਕਿਲਾ ਅਨੰਦਗੜ੍ਹ ਨੂੰ ਮੁਗਲ ਫੌਜਾਂ ਨੇ ਘੇਰਾ ਪਾਇਆ ਹੋਇਆ ਸੀ ਤੇ ਘੇਰਾ ਇੰਨਾ ਤੰਗ ਕਰ ਦਿੱਤਾ ਗਿਆ ਕਿ ਬਾਹਰੋਂ ਰਸਦ ਪਾਣੀ ਅੰਦਰ ਆਉਣਾ ਵੀ ਬਹੁਤ ਔਖਾ ਕਰ ਦਿੱਤਾ ਗਿਆ। ਮੁਗਲ ਕਈ ਵਾਰ ਰਾਤ ਵੇਲੇ ਹਮਲਾ ਕਰਕੇ ਰਸਦ ਲੁੱਟ ਵੀ ਲੈਂਦੇ। ਹਾਲਤ ਇੱਥੋਂ ਤੱਕ ਮਾੜੇ ਹੋ ਗਏ ਸਨ ਕਿ ਕਈ ਵਾਰ ਪਾਣੀ ਲੈਣ ਗਏ ਚਾਰ ਵਿੱਚੋਂ ਦੋ ਹੀ ਵਾਪਸ ਮੁੜਦੇ ਸਨ। ਉਸ ਵੇਲੇ ਕਿਲੇ ਦੀ ਰਾਖੀ ਵਾਸਤੇ ਉਡਣ ਦਸਤੇ ਬਣਾਏ ਗਏ। ਇਕ ਦਸਤੇ ਦੀ ਅਗਵਾਈ ਭਾਈ ਸੰਗਤ ਸਿੰਘ ਨੂੰ ਸੌਂਪੀ ਗਈ। ਇਸ ਤਰ੍ਹਾਂ ਦੀ ਜੁੰਮੇਵਾਰੀ ਪਰਖੇ ਹੋਏ ਵਿਅਕਤੀਆਂ ਨੂੰ ਹੀ ਸੌਂਪੀ ਜਾਂਦੀ ਸੀ।

1699 ਦੀ ਵਿਸਾਖੀ ਨੂੰ ਜਦੋਂ ਦਸਵੇਂ ਗੁਰੂ ਸ੍ਰੀ ਗੁਰੂ ਗੋਬੰਦ ਸਿੰਘ ਜੀ ਨੇ ਖਾਲਸੇ ਦੀ ਸਾਜਣਾ ਕੀਤੀ ਤਾਂ ਇਸ ਦਿਨ ਹੀ ਦਸਵੇਂ ਗੁਰੂ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣੇ ਅਤੇ ਸੰਗਤਾ ਵੀ ਅਮ੍ਰਿਤਪਾਨ ਕਰਕੇ ਭਾਈ ਸੰਗਤ ਸਿੰਘ ਬਣੇ। ਭਾਈ ਸੰਗਤ ਸਿੰਘ ਦੇ ਨਾਲ ਹੋਰ ਅਮ੍ਰਿਤ ਛਕਣ ਵਾਲੇ ਉਨ੍ਹਾਂ ਦੇ ਮਾਤਾ ਪਿਤਾ ਅਤੇ ਚਾਚਾ ਭਾਈ ਜੋਧਾ ਜੀ, ਸਾਥੀ ਭਾਈ ਮਦਨ ਸਿੰਘ, ਭਾਈ ਕਾਠਾ ਤੇ ਭਾਈ ਰਾਮ ਸਿੰਘ ਸਨ। ਇਸ ਤੋਂ ਬਾਅਦ ਗੁਰੂ ਜੀ ਦੇ ਹੁਕਮ ਅਨੁਸਾਰ ਭਾਈ ਸੰਗਤ ਸਿੰਘ ਜੀ ਮਾਲਵੇ ਖੇਤਰ ਦੇ ਪਿੰਡਾਂ ਵਿੱਚ ਸਿੱਖੀ ਦੇ ਪ੍ਰਚਾਰ ਹਿੱਤ ਗਏ ਤੇ ਲੋਕਾਂ ਨੂੰ ਸਿੱਖੀ ਨਾਲ ਜੋੜਿਆ।

20 ਦਸੰਬਰ 1704 ਨੂੰ ਰਾਤ ਦੇ ਪਹਿਲੇ ਪਹਿਰ ਸਿੱਖਾਂ ਨੇ ਮਾਤਾ ਗੁਜਰੀ ਜੀ ਰਾਹੀਂ ਜੋਰ ਪਵਾ ਕੇ ਦਸ਼ਮੇਸ਼ ਪਿਤਾ ਨੂੰ ਆਨੰਦਪੁਰ ਛੱਡਣ ਵਾਸਤੇ ਰਾਜ਼ੀ ਕਰ ਲਿਆ। ਅੱਗੋਂ ਸਰਸਾ ਦੀ ਨਦੀ ਠਾਠਾਂ ਮਾਰ ਰਹੀ ਹੈ। ਵੈਰੀ ਕੁਰਾਨ ਦੀਆਂ ਕਸਮਾਂ ਤੋੜ ਕੇ ਹਮਲਾਵਰ ਹੋ ਕੇ ਆ ਪਏ। ਇੱਥੇ ਭਿਆਨਕ ਜੰਗ ਹੋਈ ਬਹੁਤ ਸਾਰੇ ਸਿੰਘ ਸ਼ਹੀਦੀਆਂ ਪਾ ਗਏ। ਪਰਿਵਾਰ ਦੇ ਵਿਛੋੜੇ ਪੈ ਗਏ। ਗੁਰੂ ਸਾਹਿਬ ਨੇ ਚਾਲੀ ਸਿੰਘਾਂ ਨਾਲ ਚਮਕੌਰ ਸਾਹਿਬ ਜਾਣ ਦਾ ਫੈਸਲਾ ਕਰ ਲਿਆ। 21 ਦਸੰਦਰ ਦੀ ਰਾਤ ਨੂੰ ਜਦੋਂ ਗੁਰੂ ਸਾਹਿਬ ਚਮਕੌਰ ਪਹੁੰਚੇ ਤਾਂ ਮੁਗਲਾਂ ਨੂੰ ਖਬਰ ਹੋ ਗਈ ਸੀ। ਇਸ ਕਰਕੇ ਛੇਤੀ ਹੀ ਨਾਹਰ ਖਾਂ ਤੇ ਖ਼ੁਆਜਾ ਜਫ਼ਰ ਬੇਗ ਦੀ ਅਗਵਾਈ ਵਿੱਚ ਭਾਰੀ ਗਿਣਤੀ ਵਿੱਚ ਮੁਗਲ ਫੌਜ ਪਹੁੰਚ ਗਈ। ਚਾਪਰੇ ਹੋਏ ਨਾਹਰ ਖਾਂ ਨੇ ਮੁੜ ਮੁੜ ਹਮਲੇ ਕੀਤੇ। ਪਰ ਆਖਰ ਗੁਰੂ ਸਾਹਿਬ ਦੇ ਇਕ ਤੀਰ ਨਾਲ ਉਹ ਮਾਰਿਆ ਗਿਆ ਤੇ ਜਫਰ ਬੇਗ ਲੁਕ-ਲੁਕਾ ਕੇ ਆਪਣੀ ਜਾਨ ਬਚਾ ਗਿਆ। ਇਸ ਭਾਰੀ ਫੌਜ ਤੇ ਦੂਜੇ ਪਾਸੇ 40 ਸਿੰਘਾਂ ਦੇ ਹਵਾਲੇ ਨਾਲ ਜਫ਼ਰਨਾਮਾ ਦੇ ਬੰਦ 41 ਵਿੱਚ ਲਿਖਿਆ ਮਿਲਦਾ ਹੈ :

ਹਮ ਆਖਿਰ ਚਿ ਮਰਦੀਕੁਨਦ ਕਾਰਜ਼ਾਰ
ਕਿ ਬਰ ਚਿਹਲ ਤਨ ਆਯਦਸ਼ ਬੇਸ਼ੁਮਾਰ

ਆਖਰ ਜੰਗ ਵਿੱਚ ਮਰਦਾਨਗੀ ਵੀ ਕੀ ਕਰ ਸਕਦੀ ਹੈ ਜੇ ਚਾਲੀ ਆਦਮੀਆਂ ਉੱਤੇ ਬੇਸ਼ੁਮਾਰ ਫੌਜ ਟੁੱਟ ਪਈ ਹੋਵੇ।

ਇੱਥੇ ਹੋਈ ਜੰਗ ਵਿੱਚ ਪਹਿਲਾਂ ਵੱਡੇ ਸਾਹਿਬਜਾਦਿਆਂ ਦੀਆਂ ਸ਼ਹੀਦੀਆਂ ਹੋਈਆਂ । ਇਸ ਬਾਰੇ ਮਿ-ਰਜ਼ਾ ਅਬਦੁੱਲ ਗਨੀ ਖਾਨ ਗੁਰੂ ਸਾਹਿਬ ਵਲੋਂ ਲਿਖਦਾ ਹੈ ਕਿ :

ਬੇਟੋਂ ਕੇ ਕਤਲ ਹੋਨੇ ਕੀ ਪਹੁੰਚੀ ਯੂੰਹੀ ਖਬਰ
ਸੁਕਰੇ ਅੱਲਾ ਕੀਆ ਉਠਾ ਕੇ ਸਰ
ਮੁਝ ਪਰ ਸੇ ਆਜ ਤੇਰੀ ਅਮਾਨਤ ਅਦਾ ਹੁਈ
ਬੇਟੋਂ ਕੀ ਜਾਂ, ਧਰਮ ਕੀ ਖਾਤਿਰ ਅਦਾ ਹੁਈ

ਇਸੇ ਤਰ੍ਹਾਂ ਜੇ ਅੱਲਾ ਯਾਰ ਖਾਂ ਜੋਗੀ ਦਾ ਲਿਖਿਆ ਪੜ੍ਹੀਏ ਤਾਂ ਉਹ ਲਿਖਦਾ ਹੈ :

ਜਿਸ ਖਿੱਤੇ ਮੇਂ ਹਮ ਕਹਿਤੇ ਥੇ ਅੱਲਾ ਯਹ ਵੋਹੀ ਹੈ
ਕੁੱਲ ਲੁਟਾ ਕੇ ਜਿਸ ਜਗਾ ਸੇ ਜਾਨਾ ਯਹ ਵੋਹੀ ਹੈ
ਜਿਸ ਜਗਾ ਪੇ ਹੈ ਬੱਚੋਂ ਕੋ ਕਟਾਨਾ ਯਹ ਵੋਹੀ ਹੈ
ਮੱਟੀ ਕਹਿ ਦੇਤੀ ਹੈ ਕਿ ਠਿਕਾਨਾ ਯਹ ਵੋਹੀ ਹੈ।

ਇਸ ਸਥਿਤੀ ਵਿੱਚ ਸ਼ਹੀਦ ਪਿਉ ਦਾ ਪੁੱਤਰ ਤੇ ਸ਼ਹੀਦ ਪੁੱਤਰਾਂ ਦਾ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਆਪਣੇ ਆਪ ਨੂੰ ਕੱਲ੍ਹ ਜੰਗ ਵਿੱਚ ਸ਼ਹੀਦ ਹੋਣ ਵਾਸਤੇ ਤਿਆਰ ਕਰ ਰਹੇ ਹਨ। ਇਸੇ ਨੂੰ ਦੇਖਕੇ ਉੱਥੇ ਬਚਦੇ ਸਿੰਘਾਂ ਨੇ ਸੋਚਿਆ ਕਿ ਇਸ ਸਮੇਂ ਪੰਥ ਨੂੰ ਗੁਰੂ ਸਾਹਿਬ ਦੀ ਲੋੜ ਹੈ। 1699 ਦੀ ਵਿਸਾਖੀ ਸਮੇਂ ਖਾਲਸਾ ਪੰਥ ਦੀ ਸਾਜਣਾ ਵੇਲੇ ਖਾਲਸੇ ਨੂੰ ਬਖਸ਼ੀ ਵਡਿਆਈ ਅਧੀਨ ਆਪੇ ਗੁਰ ਚੇਲਾ ਬਣਨ ਵਾਲੇ ਗੁਰੂ ਸਾਹਿਬ ਨੂੰ ਕਿਹਾ ਗਿਆ ਕਿ ਉਹ ਚਮਕੌਰ ਦੀ ਗੜ੍ਹੀ ਛੱਡ ਜਾਣ। ਇਹ ਬਹੁਤ ਜੋਖ਼ਮ ਭਰਿਆ ਕੰਮ ਸੀ, ਗੁਰੂ ਸਾਹਿਬ ਨੇ ਖਾਲਸੇ ਦੇ ਹੁਕਮ ਅੱਗੇ ਸੀਸ ਨਿਵਾਇਆ ਤੇ ਹੁਕਮ ਮੰਨਿਆਂ। ਫੇਰ ਗੁਰੂ ਸਾਹਿਬ ਨੇ ਆਪਣੇ ਬਚਪਨ ਦੇ ਬੇਲੀ, ਜੋ ਉਨ੍ਹਾਂ ਦੇ ਹਮਸ਼ਕਲ ਤੇ ਹਮ ਉਮਰ ਵੀ ਸਨ ਜੋ ਹਰ ਵਕਤ ਨਿਮਾਣੇ ਸਿੱਖ ਵਜੋਂ ਵਿਚਰਦੇ ਸਨ ਤੇ ਗੁਰੂ ਸਾਹਿਬ ਦੀਆਂ ਨਜ਼ਰਾਂ ਵਿੱਚ ਜੰਗਜੂ ਸਿਪਾਹੀ ਵੀ ਸਨ। ਜੋ ਗੁਰੂ ਸਾਹਿਬ ਵਲੋਂ ਹਰ ਇਮਤਿਹਾਨ ਵਿੱਚ ਪੂਰੇ ਉਤਰਦੇ ਰਹੇ ਸਨ ਨੂੰ ਆਪਣੇ ਪਿਆਰੇ ਸਿੱਖ ਦਾ ਮਾਣ ਦਿੰਦੇ ਹੋਏ ਆਪਣੀ ਛਾਤੀ ਨਾਲ ਲਾਇਆ ਤੇ ਆਪਣੀ ਹੀਰਿਆਂ ਜੜੀ ਕਲਗੀ (ਜਿਸ ਨੂੰ ਜਿਗਾ ਕਲਗੀ ਵੀ ਲਿਖਿਆ ਤੇ ਕਿਹਾ ਜਾਂਦਾ ਹੈ) ਭਾਈ ਸੰਗਤ ਸਿੰਘ ਦੇ ਸਿਰ ਤੇ ਸਜਾਈ ਅਤੇ ਆਪਣੇ ਸ਼ਸਤਰ- ਬਸਤਰ ਉਨ੍ਹਾਂ ਨੂੰ ਬਖਸ਼ਿਸ਼ ਕੀਤੇ ਅਤੇ ਤਕੜੇ ਰਹਿਣ ਦੀ ਥਾਪਣਾ ਦਿੰਦੇ ਹੋਏ ਕਿਹਾ ਕਿ ਭਾਈ ਸੰਗਤ ਸਿੰਘ ਤੁਸੀਂ ਮੇਰੇ ਮਗਰੋਂ ਮੇਰੀ ਪੌਸ਼ਾਕ ਵਿੱਚ, ਕਲਗੀ ਸਣੇ ਮੇਰੇ ਮੋਰਚੇ ਵਾਲੇ ਆਸਣ ਤੇ ਬੈਠਣਾ ਹੈ ਅਤੇ ਦਿਨ ਚੜ੍ਹਨ 'ਤੇ ਜਦੋਂ ਮੁਗਲ ਫੌਜੀ ਗੜ੍ਹੀ ਉੱਤੇ ਹਮਲਾ ਕਰਨ ਤਾਂ ਵੈਰੀ ਦਾ ਡਟ ਕੇ ਮੁਕਾਬਲਾ ਕਰਨਾ ਹੈ। ਜੀਉਂਦੇ ਜੀਅ ਵੈਰੀ ਦੇ ਹੱਥ ਨਹੀਂ ਲੱਗਣਾਂ ਤੇ ਮੈਦਾਨ-ਏ-ਜੰਗ ਵਿੱਚ ਵੈਰੀ ਨਾਲ ਜੂਝਦਿਆਂ ਹੋਇਆਂ ਸ਼ਹਾਦਤ ਪ੍ਰਾਪਤ ਕਰਨੀ ਹੈ।

ਇਸ ਸਮੇਂ ਭਾਈ ਸੰਗਤ ਸਿੰਘ ਜੀ ਵਲੋਂ ਗੁਰੂ ਸਾਹਿਬ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਝਾਕਣਾ ਅਤੇ ਬਿਨ ਬੋਲੇ ਜਾਨ ਵਾਰਨ ਦਾ ਵਾਅਦਾ ਕਰਨਾ - ਕੀ ਮੰਜ਼ਰ ਹੋਵੇਗਾ ਉਸ ਵੇਲੇ, ਉਨ੍ਹਾਂ ਚਮਤਕਾਰੀ ਪਲਾਂ ਨੂੰ ਸਿਰਫ ਕਿਆਸਿਆ ਹੀ ਜਾ ਸਕਦਾ ਹੈ, ਫੜਨਾ ਔਖਾ ਹੈ।। ਸਾਡੇ ਰਾਗੀ-ਢਾਡ੍ਹੀ ਤੇ ਸਿੱਖ ਪ੍ਰਚਾਰਕ ਜਦੋਂ ਸੰਗਤਾਂ ਨਾਲ ਅਜਿਹੇ ਸਮੇਂ ਨੂੰ ਬਿਆਨ ਕਰਦੇ ਹਨ ਤਾਂ ਲਗਦਾ ਹੀ ਨਹੀਂ ਕਿ ਉਹ ਆਪਣੇ ਵਿਖਿਆਨ ਵਿਚ ਉਨ੍ਹਾਂ ਪਲਾਂ ਨੂੰ ਫੜਨ ਦੇ ਯੋਗ ਹਨ ਜੋ ਸੁਣ ਰਹੀਆਂ ਸੰਗਤਾਂ ਦੇ ਮਨਾਂ ਵਿਚ ਵਿਯੋਗ, ਬੈਰਾਗ ਤੇ ਰੋਹ ਦਾ ਜਾਗ ਲਾ ਸਕਣ ਦੇ ਯੋਗ ਹੋਣ। ਐਹੋ ਜਹੇ ਨਿਰਣਾਇਕ ਪਲ ਇਤਿਹਾਸ ਦੇ ਸਾਰਥੀ ਹੁੰਦੇ ਹਨ। ਹਨੇਰਿਆਂ ਵਿਚ ਚਾਨਣ ਦਾ ਬੀਜ ਬੀਜਣ ਵਾਲੀ, ਸੂਰਬੀਰਤਾ ਭਰੀ ਜੋਸ਼ੀਲੀ ਤੇ ਅਣਥੱਕ ਨਵੀਂ ਲੀਹ ਬਣ ਜਾਂਦੇ ਹਨ ਅਜਿਹੇ ਪਲ ਜੋ ਇਸ ਵਿਰਸੇ ਦੇ ਵਾਰਸਾਂ ਨੂੰ ਥਕਾਨ ਰਹਿਤ ਸੋਚ ਦੀ ਰੌਸ਼ਨਾਈ ਬਖਸ਼ਦੇ ਹਨ। ਇਸ ਸਬੰਧੀ ਗੁਰਬਿਲਾਸ ਪਾਤਸ਼ਾਹੀ ਦਸਵੀਂ ਵਿੱਚ ਭਾਈ ਕੋਇਰ ਸਿੰਘ ਲਿਖਦੇ ਹਨ :

ਜੋਤਿ ਦਈ ਤਿਹ ਕੋ ਅਪਨੀ ਪੁਨਿ ਕਲਗੀ ਔ ਜਿਗਾ ਸੁਖਦਾਨੀ
ਸੰਗਤ ਸਿੰਘ ਹੈ ਨਾਮ ਜਿਸੈ ਕਛੁ ਤਾ ਬਪੁ ਹੈ ਕਰਿ ਸ੍ਰੀ ਗੁਰਸਾਨੀ

ਜੰਗ ਸਬੰਧੀ ਗੁਰੂ ਸਾਹਿਬ ਦੇ ਵਿਚਾਰ ਜ਼ਫ਼ਰਨਾਮੇ ਦੇ ਬੰਦ 22 ਵਿੱਚ ਇਸ ਤਰ੍ਹਾਂ ਦਰਜ ਹਨ :

ਚੂੰ ਕਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ

"ਜਦੋਂ ਕਿਸੇ ਕੰਮ ਲਈ ਸਾਰੇ ਉਪਾਅ ਖਤਮ ਹੋ ਜਾਣ ਤਦ ਤਲਵਾਰ ਨੂੰ ਹੱਥ ਵਿੱਚ ਧਾਰਨ ਕਰਨਾ ਜਾਇਜ਼ ਹੈ''।

ਕਈ ਵਾਰ ਇਤਿਹਾਸ ਨੂੰ ਠੀਕ ਢੰਗ ਨਾਲ ਨਾ ਲਿਖਣ ਵਾਲੇ ਕੁੱਝ ਗੱਲਾਂ ਗਲਤ ਲਿਖ ਜਾਂਦੇ ਹਨ ਜਿਨ੍ਹਾਂ ਦੀ ਸੁਧਾਈ ਕਰਦਿਆਂ ਵਕਤ ਲੱਗ ਜਾਂਦਾ ਹੈ। ਇਸੇ ਤਰ੍ਹਾਂ ਦੀ ਇਕ ਉਕਾਈ ਕਈ ਵਾਰ ਕੀਤੀ ਜਾਂਦੀ ਹੈ ਉਹ ਹੈ ਕਿ ਜਦੋਂ ਗੁਰੂ ਸਾਹਿਬ ਚਮਕੌਰ ਦੀ ਗੜ੍ਹੀ ਨੂੰ ਛੱਡਦੇ ਹਨ ਤਾਂ ਉਹ ਕਲਗੀ ਕਿਸ ਨੂੰ ਪਹਿਨਾਉਂਦੇ ਹਨ। ਇਸ ਬਾਰੇ ਸਾਫ ਕਹਿਣਾ ਬਣਦਾ ਹੈ ਕਿ ਉਹ ਸੂਰਮਾ, ਯੋਧਾ ਤੇ ਗੁਰੂ ਘਰ ਦਾ ਅਨਿਨ ਵਿਸ਼ਵਾਸਪਾਤਰ ਭਾਈ ਸੰਗਤ ਸਿੰਘ ਹੀ ਸਨ ਜਿਨ੍ਹਾਂ ਨੂੰ ਗੁਰੂ ਸਾਹਿਬ ਨੇ ਇਸ ਯੋਗ ਸਮਝਿਆ। ਇਹ ਸੂਰਮਾਂ ਭਾਈ ਸੰਗਤ ਸਿੰਘ ਹੀ ਸੀ ਜਿਨ੍ਹਾਂ ਗੁਰੂ ਦੇ ਥਾਂ ਸੱਚ ਦੀ ਜਿੱਤ ਵਾਸਤੇ ਆਪ ਆਪਣਾ ਸੀਸ ਵਾਰਿਆ। ਇੱਥੇ ਇਕ ਗੱਲ ਕਹਿਣੀ ਹੋਰ ਬਣਦੀ ਹੈ ਕਿ 1699 ਦੀ ਵਿਸਾਖੀ ਨੂੰ ਆਨੰਦਪੁਰ ਸਾਹਿਬ ਵਿਖੇ ਖਾਲਸਾ ਦੀ ਸਾਜਣਾ ਸਮੇਂ ਗੁਰੂ ਸਾਹਿਬ ਨੇ ਵਾਰੋ ਵਾਰੀ ਪੰਜ ਸਿਰ ਮੰਗੇ ਸਨ ਉਸ ਵੇਲੇ ਕਿਸੇ ਨੂੰ ਨਹੀਂ ਸੀ ਪਤਾ ਕਿ ਅੱਗੇ ਕੀ ਵਾਪਰਨ ਵਾਲਾ ਹੈ, ਪਰ ਜਦੋਂ ਗੁਰੂ ਸਾਹਿਬ ਨੂੰ ਖਾਲਸੇ ਨੇ ਪੰਥ ਦੀ ਅਗਵਾਈ ਕਰਦੇ ਰਹਿਣ ਵਾਸਤੇ ਚਮਕੌਰ ਦੀ ਕੱਚੀ ਗੜ੍ਹੀ ਵਿੱਚੋਂ ਚਲੇ ਜਾਣ ਵਾਸਤੇ ਕਿਹਾ ਤਾਂ ਇਹ ਪੱਕਾ ਸੀ ਕਿ ਗੁਰੂ ਸਾਹਿਬ ਦੇ ਇੱਥੋਂ ਚਲੇ ਜਾਣ ਤੋਂ ਬਾਅਦ ਜੋ ਵੀ ਇੱਥੇ ਰਹਿਣਗੇ ਉਨ੍ਹਾਂ ਦੀ ਸ਼ਹਾਦਤ ਲਾਜ਼ਮੀ ਹੈ। ਕਈ ਵਾਰ ਪਹਿਲਾਂ ਲਿਖਿਆ ਵੀ ਇਤਿਹਾਸ ਬਣ ਜਾਂਦਾ ਹੈ। ਮਿਸਾਲ ਵਜੋਂ - ਗੁਰੂ ਸਾਹਿਬ, ਭਾਈ ਸੰਗਤ ਸਿੰਘ ਨੂੰ ਜਿਗਾ ਕਲਗੀ ਤੇ ਆਪਣੇ ਵਸਤਰ ਪਹਿਨਾਉਂਦਿਆ ਆਪਣਾ ਕਿਹਾ ਹੀ ਸੱਚ ਕਰ ਰਹੇ ਸਨ ਕਿ :

ਖਾਲਸਾ ਮੇਰੋ ਰੂਪ ਹੈ ਖਾਸ ਖਾਲਸਾ ਮੇਂ ਹੀ ਕਰੋਂ ਨਿਵਾਸ

ਜਦੋਂ ਗੁਰੂ ਸਾਹਿਬ ਦੋ ਸਿੰਘਾਂ ਸਮੇਤ ਰਾਤ ਦੇ ਹਨੇਰੇ ਵਿੱਚ ਚਮਕੌਰ ਦੀ ਗੜ੍ਹੀ ਨੂੰ ਛੱਡਕੇ ਗਏ ਤਾਂ ਕਿਹਾ ਜਾਂਦਾ ਹੈ ਕਿ

(ਬਾਕੀ ਅਗਲੇ ਸਫੇ 'ਤੇ)

# ਭਾਨ ਵਾਂਗ ਖਿੱਲਰੀਆਂ ਸਿਆਸੀ ਪਾਰਟੀਆਂ

ਦੇਸ਼ ਭਰ ਵਿੱਚ ਸਿਆਸੀ ਪਾਰਟੀਆਂ ਇੰਜ ਟੁੱਟ-ਭੱਜ ਰਹੀਆਂ ਹਨ, ਜਿਵੇਂ ਭਾਨ ਬਣ ਕੇ ਖਿੱਲਰ ਰਹੀਆਂ ਹੋਣ। ਇਹ ਆਪਣੇ ਆਪ ਨਹੀਂ ਖਿੱਲਰ ਰਹੀਆਂ, ਸਗੋਂ ਇਨ੍ਹਾਂ ਨੂੰ ਆਪਣਿਆਂ ਵੱਲੋਂ ਹੀ ਖਿਲਾਰਿਆ ਜਾ ਰਿਹਾ ਹੈ, ਜਿਸ ਦਾ ਫਾਇਦਾ ਇਨ੍ਹਾਂ ਵਿੱਚੋਂ ਕਿਸੇ ਨੂੰ ਵੀ ਨਹੀਂ ਹੋਣ ਲੱਗਾ, ਬਲਕਿ ਦੇਸ ਦੀਆਂ ਦੋ ਮੁੱਖ ਪਾਰਟੀਆਂ ਨੂੰ ਹੀ ਹੋਵੇਗਾ, ਜੋ ਇਨ੍ਹਾਂ ਸਾਰੀਆਂ ਨੂੰ ਮਗਰਮੱਛ ਵਾਂਗ ਹੜੱਪ ਕਰ ਲੈਣਗੀਆਂ। ਅਜਿਹਾ ਪਹਿਲਾਂ ਵੀ ਹੁੰਦਾ ਰਿਹਾ ਹੈ ਅਤੇ ਹੁਣ ਵੀ ਹੋਣ ਤੋਂ ਨਹੀਂ ਟਲੇਗਾ।

1920 ਦਾ ਬਣਿਆ ਅਕਾਲੀ ਦਲ ਅੱਜ ਤੱਕ ਕਈ ਵਾਰ ਟੁੱਟਿਆ, ਭਾਨ ਵਾਂਗ ਖਿੱਲਰਿਆ ਅਤੇ ਇੱਕ ਦਲ 'ਚੋਂ ਨਿਕਲ ਕੇ ਕਈ ਦਲ ਬਣ ਗਏ ਅਤੇ ਮੁੜ ਕੇ ਏਕਾ ਕਰਨ ਵੱਲ ਨਾ ਮੁੜੇ। ਹੁਣ ਮੁੜ ਦੇਸ ਭਰ ਵਿੱਚ ਅਕਾਲੀ ਦਲ (ਬਾਦਲ) ਵਿਰੁੱਧ ਅਜਿਹੀ ਨਾਂਹ-ਵਾਚਕ ਹਵਾ ਵਗਣ ਲੱਗ ਪਈ ਕਿ ਪਾਰਟੀ ਦੀ ਰਾਜਨੀਤਕ ਹੋਂਦ ਨੂੰ ਹੀ ਖ਼ਤਰਾ ਪੈਦਾ ਹੋ ਕੇ ਰਹਿ ਗਿਆ। ਕਈ ਅਜਿਹੇ ਕਾਰਨ ਹਨ, ਜਿਨ੍ਹਾਂ ਕਰ ਕੇ ਪਾਰਟੀ ਦੇ ਵਿਰੁੱਧ ਲੋਕ-ਮਨਾਂ ਵਿੱਚ ਅੰਤਾਂ ਦੀ ਨਫ਼ਰਤ ਪੈਦਾ ਹੋ ਗਈ। ਮਾਝੇ ਦੇ ਟਕਸਾਲੀ ਆਗੂਆਂ ਨੇ ਨਵਾਂ ਅਕਾਲੀ ਦਲ (ਟਕਸਾਲੀ) ਬਣਾ ਲਿਆ, ਜੋ ਮਾਂ-ਪਾਰਟੀ ਦੇ ਨੇਤਾਵਾਂ ਲਈ ਵੱਡਾ ਖ਼ਤਰਾ ਪੈਦਾ ਕਰਨ ਦੇ ਸਮਰੱਥ ਬਣੇਗਾ।

ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਆਗੂ ਸ਼ਾਇਦ ਇਹ ਸਮਝਦੇ ਹੋਣ ਕਿ ਪਹਿਲਾਂ ਵੀ ਪਾਰਟੀ ਤੋਂ ਵੱਖ ਹੋ ਕੇ ਬਥੇਰੇ ਦਲ ਬਣੇ, ਪਰ ਮਾਂ-ਪਾਰਟੀ ਨੂੰ ਨੁਕਸਾਨ ਨਹੀਂ ਪਹੁੰਚਿਆ। ਇਸ ਵਾਰ ਮਸਲਾ ਨਾਜ਼ਕ ਮਸਲਿਆਂ ਨਾਲ ਜੁੜਿਆ ਹੋਣ ਕਰ ਕੇ ਮੁੱਖ ਅਕਾਲੀ ਦਲ ਨੂੰ ਖ਼ਤਰਿਆਂ ਦਾ ਸਾਹਮਣਾ ਕਰਨਾ ਹੀ ਪਵੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਮਾਮਲਾ ਸੰਗਤਾਂ ਦੀਆਂ ਸ਼ਰਧਾ ਭਰੀਆਂ ਭਾਵਨਾਵਾਂ ਨਾਲ ਜੁੜਿਆ ਹੋਣ ਅਤੇ ਗੋਲੀ ਕਾਂਡ ਨਾਲ ਦੋ ਸਿੰਘ ਸ਼ਹੀਦ ਕਰ ਦਿੱਤੇ ਜਾਣ ਕਾਰਨ ਪਾਰਟੀ ਲਈ ਖ਼ਤਰਿਆਂ ਨੂੰ ਜਰਬ ਆਈ ਹੋਈ ਹੈ, ਜੋ ਖ਼ਤਮ ਹੋਣ ਦਾ ਨਾਂਅ ਨਹੀਂ ਲੈਂਦੀ, ਜਿਸ ਕਰ ਕੇ ਨਫ਼ਰਤ ਦੀ ਹਵਾ ਬੰਦ ਹੋਣ ਲਈ ਤਿਆਰ ਹੀ ਨਹੀਂ।

ਨਵੀਂ ਬਣੀ ਪਾਰਟੀ, ਆਮ ਆਦਮੀ ਪਾਰਟੀ, ਪਹਿਲਾਂ ਤਾਂ ਲੋਕਾਂ ਦਾ ਪੂਰਾ ਧਿਆਨ ਖਿੱਚ ਗਈ, ਪਰ ਬਾਅਦ ਵਿੱਚ ਛੇਤੀ ਹੀ ਦੋ-ਫਾੜ ਹੋ ਗਈ। ਲੋਕ ਜਿਸ ਤੇਜ਼ੀ ਨਾਲ ਪਾਰਟੀ ਪ੍ਰਤੀ ਹਮਦਰਦੀ ਰੱਖਣ ਲੱਗ ਪਏ ਸਨ, ਉਸ ਤੋਂ ਵੀ ਵੱਧ ਗਤੀ ਨਾਲ ਇਸ ਪਾਰਟੀ ਤੋਂ ਦੂਰ ਹੋਣ ਲੱਗ ਪਏ। ਪਾਰਟੀ ਦੇ 8 ਵਿਧਾਇਕਾਂ ਦਾ ਧੜਾ ਬਾਗ਼ੀ ਹੋ ਗਿਆ ਅਤੇ ਦਿੱਲੀ ਵਿਚਲੇ ਚੌਧਰੀਆਂ ਨੂੰ ਕੋਸਣ ਲੱਗ ਪਿਆ। ਨਤੀਜਾ ਇਹ ਨਿਕਲਿਆ ਕਿ ਹੋਰਨਾਂ ਨਾਲ ਮਿਲ ਕੇ ਇੱਕ ਨਵਾਂ ਗੱਠਜੋੜ 'ਪੰਜਾਬ ਡੈਮੋਕਰੈਟਿਕ ਅਲਾਇੰਸ' ਬਣਾ ਲਿਆ।

ਨਵੇਂ ਬਣੇ ਗੱਠਜੋੜ ਵਿੱਚ ਆਪ ਦਾ ਬਾਗ਼ੀ ਧੜਾ, ਲੋਕ ਇਨਸਾਫ਼ ਪਾਰਟੀ, ਯੂਨਾਈਟਿਡ ਅਕਾਲੀ ਦਲ, ਬਹੁਜਨ ਸਮਾਜ ਪਾਰਟੀ ਅਤੇ ਡਾ. ਧਰਮਵੀਰ ਗਾਂਧੀ ਦਾ ਧੜਾ ਸ਼ਾਮਲ ਹੋ ਗਏ। ਇਨ੍ਹਾਂ ਵਿੱਚ ਵੀ ਕੁਝ ਮਤਿਆਂ ਨੂੰ ਲੈ ਕੇ ਵਿਰੋਧ ਪੈਦਾ ਹੋਣਾ ਆਰੰਭ ਹੋ ਗਿਆ, ਜਿਸ ਕਾਰਨ ਜੰਮਦਿਆਂ ਦੇ ਸਿਰਾਂ 'ਤੇ ਹੀ ਅਹਿਣ ਪੈਣੀ ਸ਼ੁਰੂ ਹੋ ਗਈ। ਇਹ ਗੱਠਜੋੜ 'ਆਪ' ਨੂੰ ਨੁਕਸਾਨ ਪਹੁੰਚਾਏਗਾ ਅਤੇ 'ਆਪ' ਇਸ ਗੱਠਜੋੜ ਦੇ ਸੁਫ਼ਨਿਆਂ ਨੂੰ ਚਕਨਾਚੂਰ ਕਰਨ ਵਾਸਤੇ ਜ਼ੋਰ-ਅਜ਼ਮਾਈ ਕਰਨ ਤੋਂ ਨਹੀਂ ਹਟੇਗੀ। ਦੋਵਾਂ ਧਿਰਾਂ ਦੇ ਹੱਥ-ਪੱਲੇ ਕੁਝ ਨਹੀਂ ਪੈਣ ਲੱਗਾ, ਸਗੋਂ ਕੇਵਲ ਖ਼ਾਲੀ ਛਣਕਣੇ ਖੜਕਾਉਂਦੇ ਰਹਿ ਜਾਣਗੇ।

ਅਕਾਲੀ ਦਲ ਦੀ ਆਪਸੀ ਖਹਿਬਾਜ਼ੀ ਅਤੇ ਨਵੇਂ ਪੰਜਾਬ ਡੈਮੋਕਰੈਟਿਕ ਗੱਠਜੋੜ ਦੀ ਖਿੱਚੋਤਾਣ ਕਾਂਗਰਸ ਵਾਸਤੇ ਲਾਹੇਵੰਦ ਹੋਣਗੀਆਂ। ਨੇੜੇ ਆ ਰਹੀਆਂ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਨੂੰ ਹਰਾਉਣ ਵਾਲੀਆਂ ਪਾਰਟੀਆਂ ਆਪਸ ਵਿੱਚ ਇੱਕ-ਦੂਜੀ ਧਿਰ ਨੂੰ ਹਰਾਉਣ 'ਤੇ ਤਾਕਤ ਲਾਉਣਗੀਆਂ। ਅਜੇ ਵਕਤ ਪਿਆ ਹੈ, ਜਿਸ ਦੌਰਾਨ ਭਾਨ ਵਾਂਗ ਖਿੱਲਰੀਆਂ ਪਾਰਟੀਆਂ ਨੂੰ ਚਿੰਤਨ-ਮੰਥਨ ਕਰਨਾ ਚਾਹੀਦਾ ਹੈ,





ਤਾਂ ਜੁ ਇਸ ਹੋਣ ਵਾਲੇ ਸਿਆਸੀ ਘਾਟੇ ਤੋਂ ਬਚਾਅ ਕਰ ਸਕਣ।

ਕਮਿਊਨਿਸਟ ਪਾਰਟੀ ਆਫ਼ ਇੰਡੀਆ ਹੁਣ ਤੱਕ 16 ਤੋਂ ਵੱਧ ਸਿਆਸੀ ਪਾਰਟੀਆਂ ਵਿੱਚ ਵੰਡ ਹੋ ਕੇ ਆਪਣੀ ਭਾਨ ਇਕੱਠੀ ਕਰਨ ਦੇ ਸਮਰੱਥ ਹੀ ਨਹੀਂ ਰਹੀ। ਜੇ ਅਜੇ ਵੀ ਇਨ੍ਹਾਂ ਸਾਰੀਆਂ ਪਾਰਟੀਆਂ ਦੇ ਆਗੂ ਚੌਧਰ ਦੀ ਹਉਮੈ ਤਿਆਗ ਕੇ ਵਿਚਾਰਧਾਰਾ ਦੀ ਚੌਧਰ ਦੀ ਅਗਵਾਈ ਨੂੰ ਮੰਨ ਕੇ ਇਕੱਠੇ ਹੋ ਜਾਣ ਦਾ ਮਨ ਬਣਾ ਲੈਣ ਤਾਂ ਲੋਕ ਇਨ੍ਹਾਂ ਮਗਰ ਤੁਰਨ ਲਈ ਤਿਆਰ ਹੋ ਸਕਦੇ ਹਨ, ਕਿਉਂਕਿ ਇਨ੍ਹਾਂ ਦੀ ਵਿਚਾਰਧਾਰਾ ਲੋਕ-ਹਿੱਤ ਤੋਂ ਉੱਕਾ ਹੀ ਦੂਰ ਨਹੀਂ। ਦੇਸ ਦੇ ਲੋਕਾਂ ਦੀ ਗ਼ਰੀਬੀ ਦੂਰ ਕਰਨ ਵਾਲੀ ਅਤੇ ਲੋਕਾਂ ਵਿੱਚ ਸਮਾਨਤਾ ਲਿਆਉਣ ਵਾਲੀ ਇਹ ਵਿਚਾਰਧਾਰਾ ਛਾਵੇ ਤਾਂ ਲੋਕ ਸਵਾਗਤ ਕਰਨਗੇ।

ਹਰਿਆਣੇ ਵਿੱਚ ਦੇਵੀ ਲਾਲ, ਓਮ ਪ੍ਰਕਾਸ਼ ਚੌਟਾਲਾ ਦਾ ਪਰਵਾਰ ਫਟਿਆ ਫਿਰਦਾ ਹੈ, ਜਿਸ ਕਾਰਨ ਪਰਵਾਰ ਦੇ ਇੱਕ ਮੈਂਬਰ ਦੁਸ਼ਿਅੰਤ ਚੌਟਾਲਾ ਨੇ ਨਵੀਂ ਜਨਨਾਇਕ ਜਨਤਾ ਪਾਰਟੀ ਬਣਾ ਲਈ, ਜਿਸ ਨਾਲ ਪਾਰਟੀ ਦੋ-ਫਾੜ ਹੋ ਗਈ। ਇਸ ਦਾ ਸਿੱਧਾ ਲਾਹਾ ਭਾਜਪਾ ਜਾਂ ਕਾਂਗਰਸ ਨੂੰ ਪਹੁੰਚੇਗਾ। ਇਨੈਲੋ ਚੋਣਾਂ ਸਮੇਂ ਮਾਰ ਖਾ ਜਾਵੇਗੀ, ਕਿਉਂਕਿ ਇਸ ਵਿੱਚ ਏਕੇ ਦੀ ਸੰਭਾਵਨਾ ਨਹੀਂ। ਅਜਿਹੀ ਹਾਲਤ ਵਿੱਚ ਕਾਂਗਰਸ ਨੂੰ ਹੀ ਫਾਇਦਾ ਹੁੰਦਾ ਲੱਗਦਾ ਹੈ, ਕਿਉਂਕਿ ਰਾਜ ਵਿੱਚ ਭਾਜਪਾ ਦੀ ਹਾਲਤ ਵੀ ਚੰਗੀ ਨਹੀ।

ਉੱਤਰ ਪ੍ਰਦੇਸ਼ ਅੰਦਰ ਵੱਡੀ ਪਾਰਟੀ ਬਣ ਕੇ ਰਾਜ ਵਿੱਚ ਕਈ ਵਾਰ ਸਰਕਾਰ ਬਣਾ ਚੁੱਕੀ ਹੈ, ਪਰ ਹੁਣ ਸਮਾਜਵਾਦੀ ਪਾਰਟੀ ਵੀ ਦੋ-ਫਾੜ ਜਾਂ ਤਿੰਨ-ਫਾੜ ਹੋ ਚੁੱਕੀ ਹੈ, ਜਿਸ ਕਾਰਨ ਪਰਵਾਰਕ ਲੜਾਈ ਖ਼ਤਮ ਹੋਣ ਦਾ ਨਾਂਅ ਨਹੀਂ ਲੈਂਦੀ। ਪਿਉ-ਪੁੱਤਰ, ਚਾਚੇ-ਭਤੀਜੇ ਦੀ ਆਪਸੀ ਖਹਿਬਾਜ਼ੀ ਨੇ ਰਾਜ ਵਿੱਚ ਅਜਿਹਾ ਖਲਲ ਪਾਇਆ ਕਿ ਆਪਣਾ ਹੀ ਰਾਜ-ਭਾਗ ਆਪਣੇ ਹੀ ਹੱਥੀਂ ਗੁਆ ਲਿਆ। ਹਾਂ, ਇਹ ਖ਼ਬਰ ਸੂਬੇ ਲਈ ਜ਼ਰੂਰ ਚੰਗੀ ਹੈ ਕਿ ਐੱਸ ਪੀ ਅਤੇ ਬਸਪਾ ਗੱਠਜੋੜ ਰਾਹੀਂ ਨੇੜੇ ਆ ਰਹੀਆਂ ਹਨ, ਜੋ ਕਾਂਗਰਸ ਅਤੇ ਭਾਜਪਾ ਨੂੰ ਦੂਰ ਰੱਖ ਸਕਣਗੀਆਂ। ਜੇ ਦੋਵੇਂ ਕਾਂਗਰਸ ਵਾਲੇ ਗੱਠਜੋੜ ਵਿੱਚ ਆ ਗਈਆਂ, ਫੇਰ ਸੂਬਾ ਮੌਜੂਦਾ ਹਕੂਮਤ ਤੋਂ ਬਚ ਸਕੇਗਾ।

ਬਿਹਾਰ ਵਿੱਚ ਲਾਲੂ ਪ੍ਰਸਾਦ ਯਾਦਵ ਦਾ ਡੰਕਾ ਵੱਜਦਾ ਸੀ, ਪਰ ਵਾਧੂ ਚਾਰਾ ਖਾਣ ਨਾਲ ਗੱਲ ਵਿਗੜ ਗਈ। ਲਾਲੂ ਤਾਂ ਅਦਾਲਤਾਂ ਦੇ ਚੱਕਰ ਕੱਟ ਰਿਹਾ ਹੈ ਜਾਂ ਫੇਰ ਬੀਮਾਰੀਆਂ ਦਾ ਸ਼ਿਕਾਰ ਹੋ ਗਿਆ, ਪਰ ਉਸ ਦੇ ਪਰਵਾਰ ਵਿੱਚ ਖਾਹਮਖਾਹ ਹੀ ਰੌਲਾ ਪੈ ਗਿਆ, ਜਿਸ ਕਾਰਨ ਰਾਸ਼ਟਰੀ ਜਨਤਾ ਦਲ ਨੂੰ ਤਾਂ ਘਾਟਾ ਪਵੇਗਾ ਹੀ, ਪਰ ਵਿਰੋਧੀ ਪਾਰਟੀਆਂ ਨੂੰ ਭਾਨ ਵਾਂਗ ਖਿੱਲਰੀ ਲਾਲੂ ਦੀ ਪਾਰਟੀ ਕਾਰਨ ਲਾਹਾ ਮਿਲੇਗਾ। ਲਾਲੂ ਦੇ ਦੋਹਾਂ ਪੁੱਤਰਾਂ ਅਤੇ ਧੀ ਨੂੰ ਆਪਸੀ ਮੱਤਭੇਦ ਦੂਰ ਕਰਨੇ ਪੈਣਗੇ, ਤਾਂ ਹੀ ਪਾਰਟੀ ਬਚੇਗੀ।

ਦੇਸ ਦੀਆਂ ਹੋਰ ਵੀ ਕਈ ਪਾਰਟੀਆਂ ਭਾਨ ਬਣ ਕੇ ਵਕਤ ਦੇ ਹੱਥਾਂ 'ਚੋਂ ਰੇਤੇ ਵਾਂਗ ਕਿਰਦੀਆਂ ਰਹਿੰਦੀਆਂ ਹਨ, ਜਿਸ ਦਾ ਫਾਇਦਾ ਕਈ ਉਨ੍ਹਾਂ ਪਾਰਟੀਆਂ ਨੂੰ ਹੋ ਜਾਂਦਾ ਹੈ, ਜਿਹੜੀਆਂ ਸਵਾਰਥੀ ਹੋਣ ਕਾਰਨ ਲੋਕ-ਹਿੱਤਾਂ ਵਿੱਚ ਨਹੀਂ ਸੋਚਦੀਆਂ। ਅਜਿਹਾ ਹੋਣ 'ਤੇ ਉਹ ਲੋਕ ਠੱਗੇ ਹੋਏ ਮਹਿਸੂਸ ਕਰਦੇ ਹਨ, ਜਿਹੜੇ ਮਾਂ-ਪਾਰਟੀ ਤੋਂ ਜੁਦਾ ਹੋਣ ਵਾਸਤੇ ਤਿਆਰ ਨਹੀਂ ਹੁੰਦੇ। ਪਾਰਟੀਆਂ 'ਚੋਂ ਨਿੱਤ ਹੀ ਨੇਤਾਵਾਂ ਦਾ ਕਿਰਦੇ ਰਹਿਣਾ ਲੋਕਤੰਤਰ ਦੇ ਹਿੱਤ ਵਿੱਚ ਨਹੀਂ ਹੁੰਦਾ, ਕਿਉਂਕਿ ਬਹੁਤਾ ਕਰ ਕੇ ਦਲ-ਬਦਲੀ ਸਵਾਰਥ ਕਰ ਕੇ ਹੁੰਦੀ ਹੈ, ਜਨਤਾ ਦੇ ਵੱਡੇ ਹਿੱਤਾਂ ਕਰ ਕੇ ਨਹੀਂ।

ਲੋਕਤੰਤਰ ਵਿੱਚ ਸਿਆਸੀ ਪਾਰਟੀਆਂ ਨੂੰ ਖੁੱਲ੍ਹ ਹੈ ਕਿ ਜਿਵੇਂ ਮਰਜ਼ੀ ਵਿਚਰਨ, ਪਰ ਲੋਕ-ਹਿੱਤਾਂ ਵੱਲ ਪਿੱਠ ਕਰ ਕੇ ਇੱਕ ਵੀ ਕਦਮ ਉਠਾਉਣਾ ਯੋਗ ਨਹੀਂ। ਜਿਹੜੀ ਸਿਆਸੀ ਪਾਰਟੀ ਦੇਸ਼-ਹਿੱਤਾਂ ਅਤੇ ਲੋਕ-ਹੱਕਾਂ ਦਾ ਖ਼ਿਆਲ ਨਹੀਂ ਰੱਖਦੀ, ਉਹ ਜਿਹੜੇ ਮਰਜ਼ੀ ਭੇਸ ਵਿੱਚ ਆਈ ਜਾਵੇ, ਕਦੇ ਵੀ ਸਫ਼ਲ ਨਹੀਂ ਹੋ ਸਕਦੀ। ਜਿਹੜੀ ਪਾਰਟੀ ਰਾਜ-ਭਾਗ ਵਿੱਚ ਆ ਕੇ ਲੋਕਾਂ ਨੂੰ ਤੰਗ ਕਰਦੀ ਹੈ, ਉਸ ਨੂੰ ਲੋਕ ਪਸੰਦ ਨਹੀਂ ਕਰਦੇ ਅਤੇ ਦੂਜੀ ਵਾਰ ਮੌਕਾ ਦੇਣ ਲਈ ਵੀ ਤਿਆਰ ਨਹੀਂ ਹੁੰਦੇ। ਏਕਾ ਨਾ ਰਹੇ ਤਾਂ ਪਾਰਟੀਆਂ ਨੂੰ ਭਾਨ ਵਾਂਗ ਖਿੱਲਰਨ ਤੋਂ ਰੋਕਿਆ ਜਾਣਾ ਕਿਸੇ ਤਰ੍ਹਾਂ ਵੀ ਆਸਾਨ ਨਹੀਂ ਹੁੰਦਾ।

## ਐਂਗ-ਸੈਂਗ



ਸ਼ਾਮ ਸਿੰਘ
98141-13338

### ਇਨਸਾਫ਼ 'ਚ ਦੇਰੀ

ਦੇਸ ਦੀ ਸੁਪਰੀਮ ਕੋਰਟ ਅਤੇ ਰਾਜਾਂ ਦੀਆਂ ਹਾਈ ਕੋਰਟਾਂ ਨੂੰ ਕੇਵਲ ਅਪੀਲ ਹੀ ਕੀਤੀ ਜਾ ਸਕਦੀ ਹੈ ਕਿ ਦੇਸ ਭਰ ਦੀਆਂ ਅਦਾਲਤਾਂ ਥੋੜ੍ਹੇ ਸਮੇਂ ਵਿੱਚ ਸਹੀ ਫ਼ੈਸਲੇ ਦੇਣ ਦੇ ਨਿਯਮ ਬਣਾਉਣ ਅਤੇ ਉਨ੍ਹਾਂ ਦੀ ਪਾਲਣਾ ਕਰਨ, ਤਾਂ ਕਿ ਜਨਤਾ ਨੂੰ ਦੇਰ ਤੱਕ ਉਡੀਕਣ ਲਈ ਪ੍ਰੇਸ਼ਾਨ ਨਾ ਹੋਣਾ ਪਵੇ। ਕਿਸੇ ਵੀ ਅਦਾਲਤ ਵੱਲੋਂ ਦੇਰ ਨਾਲ ਫ਼ੈਸਲਾ ਦੇਣ ਨਾਲ ਲੋਕਾਂ ਦਾ ਵਿਸ਼ਵਾਸ ਤਿੜਕ ਜਾਂਦਾ ਹੈ, ਜੋ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ। ਜੱਜ ਥੋੜ੍ਹੇ ਹਨ ਤਾਂ ਹੋਰ ਭਰਤੀ ਕੀਤੇ ਜਾਣ। ਲਮਕਦੀ ਪ੍ਰਕਿਰਿਆ 'ਤੇ ਕਾਬੂ ਪਾਉਣ ਲਈ ਢੰਗ-ਤਰੀਕੇ ਲੱਭੇ ਜਾਣ, ਤਾਂ ਜੁ ਪੀੜਤਾਂ ਨੂੰ ਸਹੀ, ਸੌਖਿਆਂ ਅਤੇ ਸਸਤੇ ਤਰੀਕੇ ਨਾਲ ਨਿਆਂ ਪ੍ਰਾਪਤ ਹੋ ਸਕੇ। ਅਜਿਹਾ ਹੋਣ ਨਾਲ ਦੇਸ਼ ਦੇ ਨਾਗਰਿਕਾਂ ਦੀ ਪ੍ਰੇਸ਼ਾਨੀ ਵੀ ਘਟਦੀ ਹੈ ਅਤੇ ਪੈਸੇ-ਧੇਲੇ ਦਾ ਖ਼ਰਚਾ ਵੀ। ਚੌਤੀ ਨਾਲ ਬਾਅਦ ਫ਼ੈਸਲਾ ਆਉਣ 'ਤੇ ਕਈ ਤਰ੍ਹਾਂ ਦੇ ਸਵਾਲਾਂ ਨੂੰ ਜਨਮ ਦਿੰਦਾ ਹੈ, ਪਰ ਇਹ ਸਵਾਲ ਅਦਾਲਤਾਂ ਨੂੰ ਕੀਤੇ ਨਹੀਂ ਜਾ ਸਕਦੇ। ਅਪੀਲ ਹੀ ਕੀਤੀ ਜਾ ਸਕਦੀ ਹੈ, ਦਲੀਲ ਨਹੀਂ ਦਿੱਤੀ ਜਾ ਸਕਦੀ।

### ਲਤੀਫ਼ੇ ਦਾ ਚਿਹਰਾ-ਮੋਹਰਾ

ਇੱਕ ਮੁੰਡਾ ਕੰਨਾਂ 'ਚ ਰੂੰ ਦੇ ਫੰਬੇ ਦੇ ਕੇ ਬਜ਼ੁਰਗ ਬੰਦੇ ਨੂੰ ਚਿੱਠੀ ਪੜ੍ਹ ਕੇ ਸੁਣਾ ਰਿਹਾ ਸੀ। ਕੋਲੋਂ ਲੰਘਦੇ ਹੋਰ ਬੰਦੇ ਨੂੰ ਦੇਖ ਕੇ ਹੈਰਾਨੀ ਹੋਈ। ਉਸ ਨੇ ਪੁੱਛਿਆ, 'ਕਾਕਾ, ਕੰਨਾਂ 'ਚ ਰੂੰ ਦੇ ਕੇ ਚਿੱਠੀ ਕਿਉਂ ਪੜ੍ਹ ਰਿਹਾਂ?'

'ਹੋਰ ਕੀ ਕਰਾਂ ਜੀ, ਇਹ ਬੰਦਾ ਅਨਪੜ੍ਹ ਹੈ ਅਤੇ ਇਹ ਚੰਗਾ ਤਾਂ ਨਹੀਂ ਕਿ ਕਿਸੇ ਦੀਆਂ ਜ਼ਾਤੀ ਗੱਲਾਂ ਸੁਣੀਆਂ ਜਾਣ।'

-----

ਚੰਦੂ ਬਾਣੀਆਂ : ਬੇਟਾ, ਗਰੀਬਾਂ ਦੇ ਮਕਾਨ ਕੱਚੇ ਹਨ ਇਨ੍ਹਾਂ ਦੇ ਲਾਭ ਦੱਸੋ।"

ਬਬਲੂ- "ਇਹ ਸਰਦੀਆਂ 'ਚ ਗਰਮ ਅਤੇ ਗਰਮੀਆਂ 'ਚ ਠੰਡੇ ਰਹਿੰਦੇ ਹਨ - ਹੋਰ...।"

ਚੰਦੂ- "ਹੋਰ ਕੀ ਬੇਟਾ?"

ਲੱਲੂ,- "ਬਰਸਾਤਾਂ ਵਿਚ ਗਰੀਬਾਂ ਦੇ ਉੱਪਰ ਡਿੱਗ ਪੈਂਦੇ ਹਨ।"

------

ਪੇਂਡੂ ਸ਼ਹਿਰ ਗਿਆ, ਖੜ੍ਹਾ ਦੇਖੀ ਜਾਵੇ।

ਦੁਕਾਨਦਾਰ ਸਬਜ਼ੀਆਂ 'ਤੇ ਪਾਣੀ ਛਿੜਕੀ ਜਾਵੇ। ਜਦੋਂ ਕਾਫੀ ਦੇਰ ਹੋ ਗਈ ਤਾਂ ਪੇਂਡੂ ਨੇ ਸਬਜ਼ੀ ਵਾਲੇ ਨੂੰ ਕਿਹਾ :

"ਜੇਕਰ ਕੱਦੂਆਂ ਨੂੰ ਹੋਸ਼ ਆ ਗਿਆ ਹੋਵੇ ਤਾਂ ਦੋ ਕਿੱਲੋ ਮੈਨੂੰ ਵੀ ਦੇ ਦਿਓ।"

# ਕਥਾ : ਮਹਾਨ ਸ਼ਹੀਦ ਭਾਈ ਸੰਗਤ ਸਿੰਘ ਜੀ ਦੀ

(ਸਫਾ 19 ਦੀ ਬਾਕੀ)

ਭਾਈ ਕੀਤਾ ਸਿੰਘ ਤੇ ਭਾਈ ਸੰਗਤ ਸਿੰਘ ਨੇ ਨਗਾਰਾ ਵੀ ਬਜ-ਾਇਆ। ਮੁਗਲਾਂ ਦੀ ਫੌਜ ਵਿੱਚ ਇਸ ਗੱਲ ਦੀ ਚਰਚਾ ਹੋਣ ਲੱਗੀ ਕਿ ਕੋਈ ਗੜ੍ਹੀ ਵਿਚੋਂ ਗਿਆ ਹੈ ਇਸ ਕਰਕੇ ਰਾਤ ਦੇ ਹਨੇਰੇ ਵਿੱਚ ਉਨ੍ਹਾਂ ਪੈੜ ਨੱਪਣ ਦਾ ਜਤਨ ਕੀਤਾ ਪਰ ਸਫਲ ਨਾ ਹੋ ਸਕੇ। ਵਜ਼ੀਰ ਖਾਨ ਨੇ ਇਹ ਸੁਣਕੇ ਆਪਣੇ ਸੈਨਿਕਾਂ ਨੂੰ ਘੂਰਨਾ ਸ਼ੁਰੂ ਕਰ ਦਿੱਤਾ। ਪਰ ਜਦੋਂ ਸਵੇਰ ਦੇ ਸੂਰਜ ਦੀਆਂ ਕਿਰਨਾਂ ਨਿਕਲੀਆਂ ਤਾਂ ਮੁਗਲਾਂ ਨੇ ਉੱਚੀ ਮਮਟੀ (ਗੁੰਬਦ) ਉੱਤੇ ਬੈਠੇ ਗੁਰੂ ਸਾਹਿਬ ਨੂੰ ਦੇਖਿਆ। ਜਦੋਂ ਵਜ਼ੀਰ ਖਾਨ ਨੂੰ ਦੱਸਿਆ ਗਿਆ ਤਾਂ ਉਸ ਨੇ ਆਪ ਦੇਖਿਆ ਕਿ ਕਲਗੀ ਵੀ ਉਹੀ ਤੇ ਪੌਸ਼ਾਕ ਵੀ ਉਹੀ। ਦਰਅਸਲ ਗੁਰੂ ਸਾਹਿਬ ਵਲੋਂ ਬਖਸ਼ੇ ਬਸਤਰ ਅਤੇ ਕਲਗੀ ਸਜਾਈ ਬੈਠਾਂ ਇਹ ਨਿਰਭੈ ਯੋਧਾ ਭਾਈ ਸੰਗਤ ਸਿੰਘ ਸੀ। ਇਹ ਭਾਈ ਸੰਗਤ ਸਿੰਘ ਜੀ ਦੀ ਸ਼ਹਾਦਤ ਤੋਂ ਕੱਝ ਘੜੀਆਂ ਪਹਿਲਾਂ ਦਾ ਚਮਕਾਰਾ ਸੀ।

ਇਸ ਬਾਰੇ ਇਤਿਹਾਸ ਲਿਖਣ ਵਾਲੇ ਜਾਤ ਅਭਿਮਾਨੀਆਂ ਨੇ ਕਈ ਥਾਵੀਂ ਗਲਤ ਬਿਆਨੀ ਵੀ ਕੀਤੀ ਤੇ ਜਿਗਾ ਕਲਗੀ ਸਬੰਧੀ ਭੁਲੇਖੇ ਪਾਉਣ ਦਾ ਜਤਨ ਕੀਤਾ ਉਸ ਗਲਤ ਬਿਆਨੀ ਬਾਰੇ ਹੇਠ ਲਿਖਿਆ ਜਰੂਰ ਪੜ੍ਹ ਲੈਣਾ ਚਾਹੀਦਾ ਹੈ।

ਇਸ ਸਬੰਧੀ ਹੋਰ ਕਾਫੀ ਸਾਰੇ ਸਬੂਤ ਹਨ ਕਿ ਗੁਰੂ ਸਾਹਿਬ ਵਲੋਂ ਕਲਗੀ ਤੇ ਸ਼ਸਤਰ-ਬਸਤਰ ਸਭ ਹੀ ਕਿਸੇ ਹੋਰ ਨੂੰ ਨਹੀਂ ਸਗੋਂ ਭਾਈ ਸੰਗਤ ਸਿੰਘ ਨੂੰ ਦਿੱਤੇ ਅਤੇ ਪਹਿਨਾਏ ਗਏ:

* ਭਾਈ ਕਾਹਨ ਸਿੰਘ ਨਾਭਾ ਭਾਈ ਸੁੱਖਾ ਸਿੰਘ ਦੇ ਹਵਾਲੇ ਨਾਲ ਮਹਾਨ ਕੋਸ਼ ਵਿੱਚ ਲਿਖਦੇ ਹਨ ਕਿ 'ਚਮਕੌਰ ਦੇ ਮਕਾਮ 'ਤੇ
* ਦਸ਼ਮੇਸ਼ ਜੀ ਨੇ ਖਾਲਸੇ ਨੂੰ ਗੁਰਤਾ ਦੇਣ ਵੇਲੇ ਭਾਈ ਸੰਗਤ ਸਿੰਘ ਬੰਗਸੀ ਨੂੰ ਜਿਗਾ ਕਲਗੀ ਬਖਸ਼ੀ।'
* ਭਾਈ ਤੇਜਾ ਸਿੰਘ ਸੋਢੀ 'ਤਵਾਰੀਖ ਗੁਰੂ ਖਾਲਸਾ' ਦੇ ਪੰਨਾ 503 ਉੱਤੇ ਗੁਰੂ ਸਾਹਿਬ ਵਲੋਂ ਭਾਈ ਸੰਗਤ ਸਿੰਘ ਜੀ ਨੂੰ
* ਕਲਗੀ ਅਤੇ ਬਸਤਰ ਦੇ ਕੇ ਆਪਣਾ ਰੂਪ ਬਖਸ਼ ਦੇਣ ਬਾਰੇ ਲਿਖਦੇ ਹਨ।
* ਗਿਆਨੀ ਗਿਆਨ ਸਿੰਘ 'ਤਵਾਰੀਖ ਗੁਰੂ ਖਾਲਸਾ' ਦੇ ਪੰਨਾ 1016 ਤੇ ਲਿਖਦੇ ਹਨ ਕਿ 'ਭਾਈ ਸੰਗਤ ਸਿੰਘ ਜੋ ਹੂ-ਬ-ਹੂ
* ਗੁਰੂ ਜੀ ਦੇ ਸਰੂਪ ਵਾਲਾ ਸੀ ਨੂੰ ਆਪਣੀ ਜਗ੍ਹਾ ਤੇ ਬਿਠਾ ਕੇ ਆਪਣਾ ਸਾਰਾ ਪੁਸ਼ਾਕਾ, ਜਿਗਾ ਕਲਗੀ ਸਮੇਤ ਪਹਿਨਾ ਦਿੱਤਾ- ਫੇਰ ਅਰਦਾਸਾ ਸੋਧਿਆ ਅਤੇ ਕਿਹਾ ਕਿ ਮੈਂ ਅੱਜ ਤੋਂ ਖਾਲਸੇ ਨੂੰ ਗੁਰਿਆਈ ਬਖਸ਼ ਦਿੱਤੀ।
* ਸੋਹਣ ਸਿੰਘ ਸੀਤਲ ਗੁਰ ਇਤਿਹਾਸ ਦਸ ਪਾਤਸ਼ਾਹੀਆਂ ਪੰਨਾ 349 'ਤੇ ਭਾਈ ਸੰਗਤ ਸਿੰਘ ਜੀ ਦੇ ਸੀਸ 'ਤੇ ਕਲਗੀ ਸਜਾ ਕੇ ਆਪਣਾ ਪੌਸ਼ਾਕਾ ਪਹਿਨਾ ਦੇਣ ਬਾਰੇ ਲਿਖਦੇ ਹਨ।
* ਪ੍ਰਿ: ਸਤਬੀਰ ਸਿੰਘ ਸਿੱਖ ਇਤਿਹਾਸ ਭਾਗ ਪਹਿਲਾ ਦੇ ਪੰਨਾ 349 ਉੱਤੇ ਲਿਖਦੇ ਹਨ 'ਗੁਰੂ ਗੋਬਿੰਦ ਸਿੰਘ ਜੀ ਨੇ ਪੰਥ ਦਾ ਹੁਕਮ ਮੰਨ ਕੇ ਗੜ੍ਹੀ ਛੱਡਣਾ ਪਰਵਾਨ ਕਰ ਲਿਆ ਅਤੇ ਭਾਈ ਸੰਗਤ ਸਿੰਘ ਨੂੰ ਕਲਗੀ ਦੇ ਕੇ ਗੜ੍ਹੀ ਛੱਡਣ ਦੀ ਤਿਆਰੀ ਕਰ ਲਈ।'
* ਪ੍ਰੋ: ਹਰਿੰਦਰ ਸਿੰਘ ਮਹਿਬੂਬ ਸਹਿਜ ਰਚਿਓ ਖਾਲਸਾ ਦੇ ਪੰਨਾ 410 'ਤੇ ਕਲਗੀ ਭਾਈ ਸੰਗਤ ਸਿੰਘ ਦੇ ਸਿਰ ਉੱਤੇ ਸਜਾਉਣ ਦੀ ਗੱਲ ਦਰਜ ਕਰਦੇ ਹਨ।
* ਡਾ: ਅਨੂਪ ਸਿੰਘ 'ਦਾਰਸ਼ਨਿਕ ਯੋਧਾ ਗੁਰੂ ਗੋਬਿੰਦ ਸਿੰਘ' ਦੇ ਪੰਨਾ 196 ਤੇ ਲਿਖਦੇ ਹਨ ਕਿ ਭਾਈ ਸੰਗਤ ਸਿੰਘ ਦੀ ਸ਼ਕਲ ਸੂਰਤ ਤੇ ਕੱਦ-ਕਾਠ ਗੁਰੂ ਜੀ ਨਾਲ ਮਿਲਦਾ ਜੁਲਦਾ ਸੀ ਇਸ ਵਾਸਤੇ ਉਸਨੂੰ ਕਲਗੀ ਸਜਾਈ ਤੇ ਗੜ੍ਹੀ ਵਿਚਲੇ ਸਿੰਘਾਂ ਨੂੰ ਆਦੇਸ਼ ਦਿੱਤਾ ਕਿ ਸਾਡੇ ਨਿਕਲਣ ਸਮੇਂ ਨਗਾਰਾ ਵਜਾਉਂਦੇ ਰਹਿਣਾ ਤੇ ਦੁਸ਼ਮਣ ਵਲੋਂ ਕੀਤੇ ਜਾਂਦੇ ਵਾਰਾਂ ਦਾ ਮੂੰਹ ਤੋੜ ਜਵਾਬ ਦਿੰਦੇ ਰਹਿਣਾ ਤਾਂ ਜੋ ਦੁਸ਼ਮਣ ਨੂੰ ਗੜ੍ਹੀ ਵਿੱਚ ਬਹੁਤੇ ਸਿੰਘ ਹੋਣ ਦਾ ਭੁਲੇਖਾ ਬਣਿਆ ਰਹੇ।
* ਗਿਆਨੀ ਗੁਰਚਰਨ ਸਿੰਘ ਨੇ 'ਜੀਵਨ ਕਥਾ ਗੁਰੂ ਗੋਬਿੰਦ ਸਿੰਘ' ਵਿੱਚ ਲਿਖਿਆ ਹੈ ਕਿ ਗੁਰੂ ਸਾਹਿਬ ਨੇ ਆਪਣੀ ਜਿਗਾ ਕਲਗੀ ਤੇ ਬਸਤਰ ਭਾਈ ਸੰਗਤ ਸਿੰਘ ਨੂੰ ਪਹਿਨਾ ਦਿੱਤੇ।
* ਡਾ: ਗੰਡਾ ਸਿੰਘ ਜੀ ਦੀ ਲਿਖਤ ਅਨੁਸਾਰ 23 ਦਸੰਬਰ 1704 ਨੂੰ ਸਵੇਰੇ ਜਦੋਂ ਮੁਗਲ ਫੌਜਾਂ ਨੇ ਚਮਕੌਰ ਦੀ ਗੜ੍ਹੀ ਨੂੰ ਘੇਰਾ ਪਾਇਆ ਤਾਂ ਬਾਬਾ ਸੰਗਤ ਸਿੰਘ ਦੇ ਗੁਰੂ ਸਾਹਿਬ ਵਾਲੀ ਪਹਿਨੀ ਹੋਈ ਪੌਸ਼ਾਕ ਤੇ ਕਲਗੀ ਤੋਂ ਭੁਲੇਖਾ ਖਾ ਗਏ । ਬਾਬਾ ਸੰਗਤ ਸਿੰਘ ਜੀ ਅੰਤ ਸਮੇਂ ਤੱਕ ਗੁਰੂ ਫਤਹਿ ਦੇ ਜੈਕਾਰੇ ਗਜਾਉਂਦੇ ਰਹੇ।

ਸਵੇਰੇ ਮੁਗਲਾਂ ਦੀ ਸਲਾਹ ਹੋਈ ਸੀ ਕਿ ਸਿੱਖਾਂ ਦੇ ਗੁਰੂ ਨੂੰ ਜੀਊਂਦੇ ਫੜਿਆ ਜਾਵੇ। ਸਿੰਘ ਸਾਰੇ ਹੀ ਭੁੱਖਣ ਭਾਣੇ। ਆਖਰ ਮੁਗਲਾਂ ਨੇ ਹਮਲਾ ਕੀਤਾ ਤੇ ਲੜਾਈ ਹੱਥੋ-ਹੱਥੀ ਹੋਈ। ਭਾਈ ਸੰਗਤ ਸਿੰਘ ਜੀ ਵੈਰੀਆਂ ਵਿੱਚ ਘਿਰੇ ਹੋਣ ਦੇ ਬਾਵਜੂਦ ਵੈਰੀਆਂ ਦੇ ਆਹੂ ਲਾਹੁੰਦੇ ਰਹੇ। ਆਖਰ ਬਹੁਤ ਹੀ ਜ਼ਖ਼ਮੀ ਹਾਲਤ ਵਿੱਚ ਧਰਤੀ 'ਤੇ ਡਿਗ ਪਏ। ਮੁਗਲ ਇਹ ਹੀ ਸੋਚਦੇ ਰਹੇ ਕਿ ਇਹ ਗੁਰੂ ਹੀ ਹੈ। ਇੱਕ ਪਠਾਣ ਨੇ ਕਾਹਲੀ ਨਾਲ ਅੱਗੇ ਵਧ ਕੇ ਸਿਰ ਧੜ ਨਾਲੋਂ ਜੁਦਾ ਕਰ ਦਿੱਤਾ। ਇਸ ਸਮੇਂ ਬਾਰੇ ਭਾਈ ਕੁਇਰ ਸਿੰਘ ਲਿਖਦੇ ਹਨ :

ਕਲਗੀ ਜਿਗਾ ਔਰ ਯਹ ਹੋਈ, ਗੋਬਿੰਦ ਇਹੈ ਹੈ ਸੋਈ
ਮਾਰ ਮੀਸ਼ ਸ਼ਮਸ਼ੀਰ ਪਠਾਨਾਂ, ਸੀਸ ਰਹਿਤ ਕਲਗੀ ਲੀ ਮਾਨਾ।

ਭਾਈ ਸੰਗਤ ਸਿੰਘ ਜੀ ਦੀ ਸ਼ਹੀਦੀ ਉਪਰੰਤ ਮੁਗਲਾਂ ਅਤੇ ਪਹਾੜੀ ਰਾਜਿਆਂ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਮਾਰੇ ਜਾਣ ਦੀ ਖਬਰ ਫੈਲਾਈ ਗਈ। ਪਰ ਅਗਲੇ ਹੀ ਦਿਨ ਚਮਕੌਰ ਦੀ ਗੜ੍ਹੀ ਵਿਚੋਂ ਭਾਈ ਸੰਗਤ ਸਿੰਘ ਜੀ ਦਾ ਸੀਸ ਲਿਆ ਕੇ ਸੂਬਾ ਸਰਹੰਦ ਦੀ ਕਚਿਹਰੀ ਵਿੱਚ ਗੁਰੂ ਸਾਹਿਬ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਨੂੰ ਵੀ ਦਿਖਾਇਆ ਗਿਆ। ਛੋਟੇ ਸਾਹਿਜ਼ਾਦਿਆਂ ਨੇ ਗੁਰੂ ਪਿਤਾ ਦਾ ਸੀਸ ਹੋਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਇਹ ਸੀਸ ਸਾਡੇ ਗੁਰੂ ਪਿਤਾ ਦਾ ਨਹੀਂ ਸਗੋਂ ਇਹ ਸੀਸ ਤਾਂ ਗੁਰੂ ਪਿਆਰੇ ਭਾਈ ਸੰਗਤ ਸਿੰਘ ਜੀ ਦਾ ਹੈ। ਇਸ ਤੋਂ ਬਾਅਦ ਸਾਹਿਬਜ਼ਾਦਿਆਂ ਨੂੰ ਬਚਪਨ ਵਿੱਚ ਖਿਡਾਉਣ ਵਾਲੀ ਬੀਬੀ ਜੈਨਾ ਨੂੰ ਬੁਲਾ ਕੇ ਪੁੱਛਿਆ ਗਿਆ ਤਾਂ ਬੀਬੀ ਜੈਨਾ ਨੇ ਵੀ ਇਸ ਨੂੰ ਭਾਈ ਸੰਗਤ ਸਿੰਘ ਦਾ ਸੀਸ ਕਿਹਾ। ਪਰ ਮੁਗਲਾਂ ਨੂੰ ਜਿਵੇਂ ਇਤਬਾਰ ਹੀ ਨਾ ਆ ਰਿਹਾ ਹੋਵੇ ਇਸ ਦੇ ਉਪਰੰਤ ਗੁਰੂ ਸਾਹਿਬ ਨੂੰ ਬਚਪਨ ਵਿੱਚ ਫਾਰਸੀ ਦੀ ਸਿੱਖਿਆ ਦੇਣ (ਇੱਥੇ ਯਾਦ ਰਹੇ ਕਿ ਫਾਰਸੀ ਦਾ ਸਬਕ ਲੈਣ ਵੇਲੇ ਕਦੇ ਕਦੇ ਭਾਈ ਸੰਗਤ ਸਿੰਘ ਵੀ ਬਾਲ ਗੋਬਿੰਦ ਦੇ ਨਾਲ ਹੀ ਹੁੰਦੇ ਸਨ) ਵਾਲੇ ਕਾਜ਼ੀ ਨੂਰਦੀਨ ਨੂੰ ਸੱਦਿਆ ਗਿਆ। ਉਨ੍ਹਾਂ ਨੇ ਵੀ ਕਚਿਹਰੀ ਵਿੱਚ ਕਿਹਾ ਕਿ ਇਹ ਸੀਸ ਤਾਂ ਭਾਈ ਸੰਗਤ ਸਿੰਘ ਦਾ ਹੈ ਗੁਰੂ ਸਾਹਿਬ ਦਾ ਨਹੀਂ।

ਇਸ ਤਰ੍ਹਾਂ ਭਾਈ ਸੰਗਤ ਸਿੰਘ ਜੀ ਨੇ ਗੁਰਸਿੱਖੀ ਦੇ ਅਸੂਲਾਂ 'ਤੇ ਚੱਲਦਿਆਂ ਗੁਰੂ ਸਾਹਿਬ ਦੇ ਬੋਲ ਪੁਗਾਉਂਦਿਆਂ ਸ਼ਹਾਦਤ ਦਾ ਜਾਮ ਪੀਤਾ। ਇੱਥੇ ਹੀ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਨਾਲ ਹੀ 37 ਸਿੰਘ ਹੋਰ ਸ਼ਹੀਦ ਹੋਏ ਜਿਨ੍ਹਾਂ ਵਿੱਚ 1699 ਦੀ ਵਿਸਾਖੀ ਵਿੱਚ ਸਾਜੇ ਪਹਿਲੇ ਪੰਜ ਪਿਆਰਿਆਂ ਵਿਚੋਂ ਤਿੰਨ ਭਾਈ ਮੋਹਕਮ ਸਿੰਘ, ਭਾਈ ਹਿੰਮਤ ਸਿੰਘ ਅਤੇ ਭਾਈ ਸਾਹਿਬ ਸਿੰਘ ਨੇ ਵੀ ਇਸੇ ਚਮਕੌਰ ਦੀ ਗੜ੍ਹੀ ਵਿੱਚ ਸ਼ਹਾਦਤ ਦਾ ਜਾਮ ਪੀਤਾ।

ਭਾਈ ਜੀਵਨ ਸਿੰਘ ਜੀ ਦੀ ਜੀਵਨ ਕਥਾ ਇਕ ਸੱਚੇ ਸੁੱਚੇ ਸਿਦਕਵਾਨ ਸਿੱਖ ਦੀ ਜੀਵਨ ਕਥਾ ਹੈ। ਆਪ ਗੁਰੂ ਗੋਬਿੰਦ ਸਿੰਘ ਜੀ ਦੇ ਆਗਿਆਕਾਰੀ ਤੇ ਪੂਰੇ ਵਿਸ਼ਵਾਸ ਦੇ ਪਾਤਰ ਸਨ। ਸਿੱਖ ਸੰਗਤਾਂ ਪ੍ਰਤੀ ਆਪ ਦਾ ਅਥਾਹ ਪਿਆਰ ਸੀ।

ਸਿੱਖ ਇਤਿਹਾਸ ਵਿੱਚ ਜਿੱਥੇ ਵੀ ਸਿਦਕਦਿਲੀ ਵਾਲੇ ਸੂਰਮਿਆਂ ਦੀ ਤੇ ਗੁਰੂ ਸਾਹਿਬ ਦੇ ਵਫਾਦਾਰ ਕੁਰਬਾਨੀ ਵਾਲੇ ਬਹਾਦਰ ਯੋਧਿਆਂ ਦੀ ਗੱਲ ਚੱਲੇਗੀ ਉੱਥੇ ਹਮੇਸ਼ਾ ਹੀ ਭਾਈ ਸੰਗਤ ਸਿੰਘ ਜੀ ਦਾ ਨਾਮ ਮੋਹਰਲੀਆਂ ਕਤਾਰਾਂ ਵਿੱਚ ਲਿਆ ਜਾਵੇਗਾ। ਆਪਾ ਵਾਰਨ ਵਾਲਾ ਸੂਰਮਤਾਈ ਭਰਿਆ ਅਜਿਹਾ ਇਤਿਹਾਸ ਹੀ ਭਵਿੱਖ ਨੂੰ ਰੁਸ਼ਨਾਉਣ ਦਾ ਕਾਰਜ ਕਰਦਾ ਹੈ।

ਆਖਰ ਵਿੱਚ ਇਹ ਦੱਸਣਾ ਵੀ ਬਣਦਾ ਹੈ ਕਿ ਜਿੱਥੇ ਚਮਕੌਰ ਦੀ ਗੜ੍ਹੀ ਵਾਲੀ ਘਮਸਾਣ ਦੀ ਜੰਗ ਹੋਈ ਸੀ ਉੱਥੇ ਹੁਣ ਗੁਰਦੁਆਰਾ ਗੜ੍ਹੀ ਸਾਹਿਬ ਸਥਿੱਤ ਹੈ।

Email : ksharif@arcor.de / sMprk :
+491733546050

ਸ੍ਰੀ ਸੀ ਐਲ ਚੁੰਬਰ ਜੀ ਦੁਆਰਾ ਪ੍ਰਕਾਸ਼ਿਤ ਕੀਤੇ ਜਾਂਦੇ ਰਹੇ 'ਕੌਮੀ ਉਡਾਰੀਆਂ', ਜਲੰਧਰ (ਦਸੰਬਰ 1985) 'ਚੋਂ ਧੰਨਵਾਦ ਸਹਿਤ

# ਆਜ਼ਾਦੀ ਤੋਂ ਪਹਿਲਾਂ ਦੇ ਪੰਜਾਬ ਵਿਚ ਆਦਿ-ਧਰਮੀਆਂ ਦੀ ਰਾਜਨੀਤੀ

ਮਦਨ ਲਾਲ ਮਢਾਰ
ਐਮ. ਏ., ਐਮ. ਫਿਲ

ਪੰਜਾਬ, ਭਾਰਤ ਦੇ ਉਹਨਾਂ ਕੁਝ ਰਾਜਾਂ ਵਿਚੋਂ ਇਕ ਹੈ, ਜਿੱਥੇ ਅਨੁਸੂਚਿਤ ਜਾਤਾਂ ਦੀ ਜਨਸੰਖਿਆ (ਆਬਾਦੀ) ਦਾ ਅਨੁਪਾਤ ਬਹੁਤ ਜ਼ਿਆਦਾ ਹੈ। ਤੁਲਨਾ ਦੇ ਤੌਰ ਤੇ ਪੰਜਾਬ ਦੀਆਂ ਅਨੁਸੂਚਿਤ ਜਾਤਾਂ, ਦੂਜੇ ਰਾਜਾਂ ਨਾਲੋਂ ਰਾਜਨੀਤਿਕ ਪੱਖੋਂ ਵਧੇਰੇ ਜਾਗਰਿਤ ਅਤੇ ਅਗਾਂਹਵਧੂ ਹਨ। ਪੰਜਾਬ ਰਾਜ ਦੇ ਸਮਾਜਿਕ ਤੇ ਰਾਜਨੀਤਕਿ ਖੇਤਰ ਵਿਚ ਉਹਨਾਂ ਦੀ ਇਕ ਮਹੱਤਵਪੂਰਨ ਥਾਂ ਹੈ। 1975 ਈ: ਤੋਂ ਪਹਿਲਾਂ ਇਹਨਾਂ ਜਾਤਾਂ ਦੀ ਹਾਲਤ ਬਹੁਤ ਤਰਸਯੋਗ ਸੀ ਅਤੇ ਇਹ ਸਿਰਫ 'ਆਦਿ-ਧਰਮ' ਲਹਿਰ ਹੀ ਸੀ, ਜਿਸਨੇ ਨੀਵੀਆਂ ਜਾਤਾਂ ਨੂੰ ਰਾਜਨੀਤਿਕ ਤੌਰ ਤੇ ਜਾਗਰਿਤ ਕੀਤਾ। ਅਸਲ ਵਿਚ ਆਦਿ-ਧਰਮ ਲਹਿਰ ਦੀ ਸ਼ੁਰੂਆਤ ਨਾਲ ਹੀ, ਇਹਨਾਂ ਜਾਤਾਂ ਦੀ ਰਾਜਨੀਤੀ ਆਰੰਭ ਹੋਈ।

ਆਜ਼ਾਦੀ ਤੋਂ ਪਹਿਲਾਂ ਦੇ ਪੰਜਾਬ ਵਿਚ ਅਨੁਸੂਚਿਤ ਜਾਤਾਂ ਦੀ ਰਾਜਨੀਤੀ ਦੇ ਅਧਿਐਨ ਤੋਂ ਪਹਿਲਾਂ ਇਹ ਜਾਨਣਾ ਮਹੱਤਵਪੂਰਨ ਹੈ ਕਿ ਆਦਿ-ਧਰਮ ਲਹਿਰ ਕੀ ਸੀ, ਤੇ ਉਹ ਕੀ ਕਾਰਨ ਸਨ, ਜਿਹਨਾਂ ਕਰਕੇ ਆਦਿ-ਧਰਮ ਲਹਿਰ ਸ਼ੁਰੂ ਹੋਈ। ਜਿਵੇਂ ਕਿ ਸਮਾਜਿਕ ਅੰਦੋਲਨ ਇਕ ਸਮਾਜ ਵਿਚ ਮੌਜੂਦ ਸਮਾਜਿਕ, ਆਰਥਿਕ, ਸੰਸਕ੍ਰਿਤਕ ਤੇ ਰਾਜਨੀਤਿਕ ਹਾਲਾਤਾਂ ਕਰਕੇ ਪੈਦਾ ਹੁੰਦਾ ਹੈ। ਆਦਿ-ਧਰਮ ਲਹਿਰ ਦਾ ਜਨਮ ਵੀ ਕੁਝ ਅਜਿਹੇ ਹਾਲਾਤਾਂ ਵਿਚ ਹੀ ਹੋਇਆ।

ਆਦਿ-ਧਰਮ ਲਹਿਰ ਸ਼ੁਰੂ ਹੋਣ ਤੋਂਪਹਿਲਾਂ ਆਦਿ-ਧਰਮੀਆਂ ਦੀ ਕਿਸਮਤ ਦਾ ਫੈਸਲਾ ਹੋਣਾ ਸੰਭਵ ਨਹੀਂ ਸੀ। ਭਾਰਤੀ ਸਮਾਜ ਵਿਚੋਂ ਇਕ ਵਰਗ ਨੂੰ ਸਰੀਰਕ ਤੌਰ 'ਤੇ ਵੱਖ ਕੀਤਾ ਗਿਆ ਸੀ ਤੇ ਉਹਨਾਂ ਨੂੰ ਅਛੂਤ ਕਿਹਾ ਜਾਂਦਾ ਸੀ, ਭਾਵੇਂ ਜਨਸੰਖਿਆ ਦੇ ਆਧਾਰ 'ਤੇ ਉਹਨਾਂ ਦੀ ਗਿਣਤੀ ਕਾਫੀ ਸੀ, ਪਰ ਉਹਨਾਂ ਨੂੰ ਭਾਰਤ-ਸਮਾਜ ਵਿਚੋਂ ਕੱਢਿਆ ਗਿਆ ਸੀ। ਇਹਨਾਂ ਅਛੂਤਾਂ ਨੂੰ ਉਚੀਆਂ ਜਾਤਾਂ ਕੋਲੋਂ ਕਿਸੇ ਖਾਸ ਦੂਰੀ 'ਤੇ ਰਹਿਣਾ ਪੈਂਦਾ ਸੀ, ਕਿਉਂਕਿ ਇਹਨਾਂ ਦਾ ਛੂਹਣਾ ਮਾਤਰ ਹੀ ਇਕ ਪਾਪ ਸਮਝਿਆ ਜਾਂਦਾ ਸੀ। ਇੱਥੋਂ ਤੱਕ ਕਿ ਉਹ ਉਚੀਆਂ ਜਾਤਾਂ ਨਾਲੋਂ ਪਹਿਰਾਵੇ, ਖਾਣ-ਪੀਣ ਅਤੇ ਬੋਲ-ਚਾਲ ਵਿਚ ਵੱਖਰੇ ਸਨ। ਉਚੀਆਂ ਜਾਤਾਂ 'ਉਹ ਚਮਾਰ' ਕਹਿਣ ਦੀ ਬਜਾਏ 'ਉਹ ਚਮਾਰ ਨੇ' ਵਰਗੀਆਂ ਗਾਲ੍ਹਾਂ ਦਾ ਆਮ ਪ੍ਰਯੋਗ ਕਰਦੀਆਂ ਸਨ। ਇਹੋ ਜਿਹੇ ਹਾਲਾਤਾਂ ਨੇ ਦੂਸਰੇ ਮੁੱਖ ਧਰਮਾਂ, ਜਿਵੇਂ ਇਸਲਾਮ, ਸਿੱਖੀ ਅਤੇ ਇਸਾਈਆਂ ਨੂੰ ਇਕ ਮੌਕਾ ਦਿੱਤਾ ਕਿ ਅਛੂਤਾਂ ਨੂੰ ਆਪਣੇ ਨਾਲ ਮਿਲਾਇਆ ਜਾਵੇ, ਕਾਫੀ ਹੱਦ ਤੱਕ ਇਹ ਧਰਮ ਇਸ ਕੰਮ ਵਿਚ ਸਫਲ ਵੀ ਹੋਏ, ਕਿਉਂਕਿ ਅਛੂਤ ਵੀ ਇਹ ਚਾਹੁੰਦੇ ਸਨ ਕਿ ਹਿੰਦੂ ਧਰਮ ਦੀ ਗੁਲਾਮੀ ਤੋਂ ਕਿਸੇ ਤਰ੍ਹਾਂ ਛੁਟਕਾਰਾ ਪਾਇਆ ਜਾਵੇ। ਹੁਣ ਤੱਕ ਸਿੱਖ ਆਪਣੀ ਕੌਮ ਦੇ ਪ੍ਰਤੀ ਬੜੇ ਜਾਗਰੂਕ ਹੋ ਚੁੱਕੇ ਸਨ ਅਤੇ ਉਹ ਵੀ ਆਪਣੀ ਕੌਮ ਦੀ ਗਿਣਤੀ ਵਧਾਉਣਾ ਚਾਹੁੰਦੇ ਸਨ। ਉੱਧਰ ਮੁਸਲਮਾਨ ਵੀ ਇਹੋ ਕੁਝ ਚਾਹੁੰਦੇ ਸਨ।ਇਹ ਕਿਹਾ ਜਾਂਦਾ ਹੈ ਕਿ ਉਹਨਾਂ ਥਾਵਾਂ ਤੇ ਛੂਤ-ਛਾਤ ਦਾ ਪ੍ਰਭਾਵ ਬਹੁਤ ਘੱਟ ਸੀ, ਜਿੱਥੇ ਮੁਸਲਮਾਨ ਬਹੁਗਿਣਤੀ ਵਿਚ ਸਨ। ਇਸਾਈ ਧਰਮ ਵੀ ਅਛੂਤਾਂ ਦੇ ਹੱਕ ਵਿਚ ਹਮਦਰਦੀ ਦਿਖਾ ਰਿਹਾ ਸੀ। ਸੰਨ 1921 ਦੀ ਜਨ-ਗਣਨਾ ਰਿਪੋਰਟ ਦੇ ਮੁਤਾਬਕ 90704 ਚੂਹੜੇ ਹਿੰਦੂ ਧਰਮ ਨੂੰ ਛੱਡ ਕੇ ਇਸਾਈ ਧਰਮ ਅਪਣਾ ਚੁੱਕੇ ਸਨ।

ਪਰ ਇਹ ਕਿੰਨੇ ਦੁੱਖ ਦੀ ਗੱਲ ਸੀ ਕਿ ਸਿੱਖੀ ਅੰਮ੍ਰਿਤ ਛਕਣ ਤੋਂ ਬਾਅਦ, ਮੁਸਲਿਮ ਟੋਪੀ ਪਹਿਨਣ ਤੋਂ ਬਾਅਦ ਤੇ ਚਰਚ ਜਾਣ ਤੋਂ ਬਾਅਦ ਵੀ ਅਛੂਤਾਂ ਦਾ ਉਹੀ ਹਾਲ ਰਿਹਾ, ਜੋ ਪਹਿਲਾਂ ਸੀ ਹੁਣ ਵੀ ਵੱਖ-ਵੱਖ ਧਰਮਾਂ ਦੇ ਅਖੌਤੀ ਉਚ ਜਾਤੀ ਮੈਂਬਰ ਅਤੇ 'ਅਛੂਤ ਮੈਂਬਰ' ਵਿਚ ਫਰਕ ਸਮਝਿਆ ਜਾਂਦਾ ਸੀ। ਸਿੱਖਾਂ ਵਿਚ ਅਛੂਤ ਬਣੇ ਮੈਂਬਰਾਂ ਨੂੰ ਮਜ਼ਹਬੀ ਜਾਂ ਰਮਦਾਸੀਆਂ ਸਿੱਖ ਕਿਹਾ ਗਿਆ ਤੇ ਮੁਸਲਮਾਨਾਂ ਵਿਚ ਮੁਸੱਲੀ ਮੁਸਲਿਮ। ਇਹਨਾਂ ਹਾਲਾਤਾਂ ਨੇ ਅਛੂਤਾਂ ਨੂੰ ਜਾਗਰਿਤ ਕੀਤਾ ਅਤੇ ਵੱਖ-ਵੱਖ ਧਰਮਾਂ ਦੇ ਇਸ ਮੁਕਾਬਲੇ ਵਿਚ ਅਛੂਤ ਨੇਤਾਵਾਂ ਨੇ ਵੀ ਆਪਣੀ ਕੌਮ ਦੀ ਵੱਖ ਪਹਿਚਾਣ ਕਾਇਮ ਕਰਨ ਦੀ ਕੋਸ਼ਿਸ਼ ਕੀਤੀ।

ਰਾਸ਼ਟਰੀ ਪੱਧਰ 'ਤੇ ਅਛੂਤਾਂ ਵੱਲੋਂ ਕੁਝ ਧਾਰਮਿਕ ਅੰਦੋਲਨ ਸ਼ੁਰੂ ਕੀਤੇ ਗਏ, ਜਿਹਨਾਂ ਵਿਚੋਂ ਡਾ. ਅੰਬੇਡਕਰ ਦੀ ਨਿਓ-ਬੋਧੀ ਲਹਿਰ ਅਤੇ ਸ਼ਡਿਊਲ ਕਾਸਟਸ ਫੈਡਰੇਸ਼ਨ ਮਹੱਤਵਪੂਰਨ ਸਨ। ਇਹਨਾਂ ਅੰਦੋਲਨਾਂ ਦੇ ਨਾਲ ਆਦਿ-ਲਹਿਰ ਵੀ ਸ਼ੁਰੂ ਹੋਈ। ਇਸ ਸਦੀ ਦੇ ਦੂਜੇ ਦਹਾਕੇ ਵਿਚ ਇਕ ਮਹੱਤਵਪੂਰਨ ਲਹਿਰ ਸੀ। ਇਹਨਾਂ ਵਿਚੋਂ ਆਦਿ-ਹਿੰਦੂ ਯੂ. ਪੀ. ਵਿਚ, ਆਦਿ-ਦ੍ਰਾਵਿਡ ਮਦਰਾਸ ਵਿਚ, ਆਦਿਵਾਸੀ ਬਿਹਾਰ ਅਤੇ ਆਂਧਰਾ ਵਿਚ ਅਤੇ ਆਦਿ ਧਰਮ ਪੰਜਾਬ ਵਿਚ ਕਾਫੀ ਪ੍ਰਚੱਲਿਤ ਹੋਈਆਂ। ਇਹ ਗੱਲ ਵਰਣਨਯੋਗ ਹੈ ਕਿ ਇਨ੍ਹਾਂ ਸਾਰੀਆਂ ਲਹਿਰਾਂ ਦਾ ਆਪਸ ਵਿਚ ਕੋਈ ਸਬੰਧ ਨਹੀਂ ਸੀ ਅਤੇ ਵੱਖ ਵੱਖ ਰਾਜਾਂ ਵਿਚ ਸ਼ੁਰੂ ਹੋਈਆਂ। 'ਆਦਿ-ਧਰਮ' ਲਹਿਰ ਨੂੰ ਇਨ੍ਹਾਂ ਵਿਚੋਂ ਸਭ ਤੋਂ ਪੁਰਾਣੀ ਤਾਂ ਨਹੀਂ ਪਰ ਸਭ ਤੋਂ ਵੱਡੀ ਤੇ ਸਭ ਤੋਂ ਜ਼ਿਆਦਾ ਸਫਲ ਕਿਹਾ ਜਾ ਸਕਦਾ ਹੈ।

'ਆਦਿ-ਧਰਮ' ਦਾ ਮਤਲਬ ਹੈ ਕਿ ਅਛੂਤ ਇਕ ਵੱਖ ਧਾਰਮਿਕ ਕੌਮ ਹਨ ਅਤੇ ਇਹ ਹਿੰਦੂ, ਸਿੱਖ, ਮੁਸਲਮਾਨ ਜਾਂ ਇਸਾਈ ਧਰਮਾਂ ਦੇ ਮੈਂਬਰ ਨਹੀਂ ਹਨ। ਅਛੂਤਾਂ ਨੇ ਇਸ ਨੂੰ 'ਸਭ ਤੋਂ ਪੁਰਾਣਾ ਤੇ ਪਹਿਲਾਂ ਦਾ ਧਰਮ ਮੰਨਿਆ ਹੈ, ਜਿਹੜਾ ਕਿ ਵਿਦੇਸ਼ੀ ਆਰੀਆਂ ਦੇ ਭਾਰਤ ਆਉਣ ਤੋਂ ਪਹਿਲੇ ਮੂਲ-ਵਾਸੀਆਂ (ਆਦਿ-ਧਰਮੀਆਂ) ਦੁਆਰਾ ਪੂਜਿਆ ਜਾਂਦਾ ਸੀ।'

ਆਦਿ-ਧਰਮ ਅੰਦੋਲਨ ਨੂੰ ਅਛੂਤਾਂ ਦੇ ਕੁਝ ਨੌਜਵਾਨ ਪੜ੍ਹੇ-ਲਿਖੇ ਤੇ ਆਰਥਿਕ ਪੱਖੋਂ ਨਿੱਗਰ ਨੇਤਾਵਾਂ ਨੇ ਸ਼ੁਰੂ ਕੀਤਾ। ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਨੂੰ ਇਸ ਅੰਦੋਲਨ ਦੇ ਮੋਢੀ ਮੰਨਿਆ ਜਾਂਦਾ ਹੈ। ਬਾਬੂ ਜੀ ਨੇ ਅਸਲ ਵਿਚ ਰਾਜਨੀਤਿਕ ਟਰੇਨਿੰਗ ਸੈਨ ਫਰਾਂਸਿਸਕੋ (ਸੰਯੁਕਤ ਰਾਜ ਅਮਰੀਕਾ) ਵਿਚ ਗਦਰ ਅੰਦੋਲਨ ਦੌਰਾਨ ਲਈ। ਬਾਬੂ ਮੰਗੂ ਰਾਮ ਪਿੰਡ ਮੁੱਗੋਵਾਲ, ਜ਼ਿਲ੍ਹਾ ਹੁਸ਼ਿਆਰਪੁਰ ਦੇ ਵਸਨੀਕ ਸਨ, ਪਰ ਉਹ ਰੁਜ਼ਗਾਰ ਲਈ ਅਮਰੀਕਾ ਚਲੇ ਗਏ ਸਨ। ਉਥੇ ਹੀ ਉਹ ਗਦਰ ਪਾਰਟੀ ਵਿਚ ਸ਼ਾਮਲ ਹੋ ਗਏ। ਉਹ ਗਦਰ ਪਾਰਟੀ ਦੇ ਇਕ ਉਘੇ ਦੇਸ਼ ਭਗਤ ਸਨ। ਜਦੋਂ ਸੰਨ 1925 ਵਿਚ ਉਹ ਭਾਰਤ ਵਾਪਸ ਪਰਤ ਰਹੇ ਸਨ ਤਾਂ ਦੱਖਣੀ ਭਾਰਤ ਵਿਚ ਉਹ ਅਛੂਤਾਂ ਦੀ ਮੰਦਭਾਗੀ ਹਾਲਤ 'ਤੇ ਉਹਨਾਂ ਨਾਲ ਕੀਤੇ ਜਾ ਰਹੇ ਬੁਰੇ ਸਲੂਕਾਂ ਨੂੰ ਸਹਿਣ ਨਾ ਕਰ ਸਕੇ ਤੇ ਉਹਨਾਂ ਨੇ ਛੂਆ-ਛਾਤ ਦੀਆਂ ਜੜ੍ਹਾਂ ਨੂੰ ਪੁੱਟਣ ਦੀ ਕਸਮ ਖਾਧੀ। ਕਾਫੀ ਹੱਦ ਤੱਕ ਆਦਿ ਧਰਮ ਲਹਿਰ ਦੀ ਸ਼ੁਰੂਆਤ ਨੂੰ ਬਾਬੂ ਮੰਗੂ ਰਾਮ ਦੇ ਰਾਜਨੀਤਿਕ ਦਾਖਲੇ ਨਾਲ ਜੋੜਿਆ ਜਾ ਸਕਦਾ ਹੈ।

ਅਸਲ ਵਿਚ ਆਦਿ-ਧਰਮ ਲਹਿਰ ਸੰਨ 1925 ਵਿਚ ਸ਼ੁਰੂ ਹੋਈ। ਨੌਜਵਾਨ ਅਛੂਤ ਨੇਤਾਵਾਂ ਨੇ ਮਿਲ ਕੇ ਕਾਫੀ ਜਲਸੇ ਕੀਤੇ, ਜਿਵੇਂ ਉਦਾਹਰਣ ਦੇ ਤੌਰ 'ਤੇ ਜਲੰਧਰ ਸ਼ਹਿਰ ਵਿਚ, ਕਸਬੇ ਸ਼ਾਮ ਚੁਰਾਸੀ ਵਿਚ, ਨੂਰਮਹਿਲ ਵਿਖੇ ਅਤੇ ਪਿੰਡ ਪੰਡੋਰੀ ਨਿੱਝਰਾਂ ਵਿਖੇ। ਪਿੰਡ ਨਿੱਝਰਾਂ ਵਿਚ ਮੀਟਿੰਗ ਚਾਰ ਦਿਨ ਤੱਕ ਚਲਦੀ ਰਹੀ। ਪਰ 11-12 ਜੂਨ 1926 ਦੀ ਕਾਨਫਰੰਸ ਅਛੂਤਾਂ ਲਈ ਇਕ ਬਹੁਤ ਵੱਡੀ ਯਾਦਗਾਰ ਹੈ। ਇਹ ਕਾਨਫਰੰਸ ਬਾਬੂ ਮੁੱਗੋਵਾਲੀਆ ਦੀ ਅਗਵਾਈ ਹੇਠ ਹੋਈ ਅਤੇ ਘੱਟ ਤੋਂ ਘੱਟ 10,000 ਲੋਕਾਂ ਨੇ ਇਸ ਕਾਨਫਰੰਸ ਵਿਚ ਹਿੱਸਾ ਲਿਆ। ਇਹ ਕਾਨਫਰੰਸ ਪਿੰਡ ਮੁੱਗੋਵਾਲ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹੋਈ ਅਤੇ ਇਸ ਕਾਨਫਰੰਸ ਵਿਚ ਵਧੇਰੇ ਆਰਥਿਕ ਹਾਲਾਤਾਂ ਅਤੇ ਵਧੇਰੇ ਹੱਕਾਂ ਦੀ ਮੰਗ ਕੀਤੀ ਗਈ। ਪੂਰੇ ਰਾਜ-ਪੱਧਰ 'ਤੇ ਇਕ ਸੰਸਥਾ 'ਆਦਿ-ਧਰਮ ਮੰਡਲ' ਦੀ ਸਥਾਪਨਾ ਕੀਤੀ ਗਈ। ਇਸੇ ਦਿਨ ਤੋਂ ਅਛੂਤਾਂ ਨੂੰ 'ਆਦਿ-ਧਰਮੀ' ਕਿਹਾ ਜਾਣ ਲੱਗਾ। ਇਸ ਕਾਨਫਰੰਸ ਵਿਚ ਕਿਹਾ ਗਿਆ ਹੈ ਕਿ ਨੀਵੀਂ ਜਾਤ ਦੇ ਸੰਤ-ਜਿਵੇਂ ਰਵਿਦਾਸ ਜੀ, ਮਹਾਂਰਿਸ਼ੀ ਵਾਲਮੀਕ ਜੀ, ਨਾਮਦੇਵ ਜੀ ਅਤੇ ਕਬੀਰ ਜੀ ਸਾਡੇ ਗੁਰੂ ਹਨ ਅਤੇ ਸਾਨੂੰ ਉਹਨਾਂ ਦੀਆਂ ਸਿੱਖਿਆਵਾਂ 'ਤੇ ਚੱਲਣਾ ਚਾਹੀਦਾ ਹੈ। ਇਸੇ ਦਿਨ ਤੋਂ ਹੀ ਆਦਿ-ਧਰਮੀ ਇਕ ਵੱਖਰੀ ਕੌਮ ਦੇ ਰੂਪ ਵਿਚ ਸਾਹਮਣੇ ਆਏ।

10 ਅਕਤੂਬਰ 1929 ਨੂੰ ਆਦਿ-ਧਰਮੀ ਨੇਤਾਵਾਂ ਨੇ ਸਰਕਾਰ ਨੂੰ 193 ਦੀ ਜਨਗਣਨਾ 'ਚ ਆਦਿ ਧਰਮ ਨੂੰ ਇਕ ਵੱਖਰੇ ਧਰਮ ਦੇ ਰੂਪ ਵਿਚ ਦਰਜ ਕਰਨ ਲਈ ਬੇਨਤੀ ਕੀਤੀ। 1931 ਦੀ ਗਣਨਾ ਦਾ ਅਛੂਤਾਂ ਲਈ ਬਹੁਤ ਮਹੱਤਵ ਹੈ। ਉਸ ਸਮੇਂ ਆਪਣੇ ਆਪ ਨੂੰ ਆਦਿ ਧਰਮੀ ਦੇ ਨਾਂ 'ਤੇ ਦਰਜ ਕਰਾਉਣਾ ਇਕ ਕੁਰਬਾਨੀ ਦੇਣ ਦੇ ਬਰਾਬਰ ਸੀ। ਇਸ ਸਮੇਂ ਵਿਚ ਆਦਿ ਧਰਮ ਲਹਿਰ ਬਹੁਤ ਸਫਲ ਹੋਈ। 1931 ਦੀ ਗਣਨਾ ਵਿਚ 4,18,789 ਅਛੂਤਾਂ ਨੇ ਆਪਣੇ ਆਪ ਨੂੰ ਆਦਿ-ਧਰਮੀ ਦਰਜ ਕਰਵਾਇਆ, ਜਿਹੜੇ ਕਿ ਉਸ ਵੇਲੇ ਦੇ ਹਿਸਾਬ ਨਾਲ ਕੁੱਲ ਆਬਾਦੀ ਦਾ 1.6 ਪ੍ਰਤੀਸ਼ਤ ਸਨ। ਇਕੱਲੇ ਜਲੰਧਰ ਤੇ ਹੁਸ਼ਿਆਰਪੁਰ ਜ਼ਿਲ੍ਹਿਆਂ 'ਚ ਲੱਗਭੱਗ 80 ਫੀਸਦੀ ਤੋਂ ਵੀ ਵੱਧ ਲੋਕਾਂ ਨੇ ਆਪਣੇ ਆਪ ਨੂੰ ਆਦਿ-ਧਰਮੀ ਦਰਜ ਕਰਵਾਇਆ।

ਫਿਰ ਸਤੰਬਰ 1932 ਨੂੰ ਭਾਰਤ ਸਰਕਾਰ ਵੱਲੋਂ ਪੂਨਾ ਪੈਕਟ ਪਾਸ ਕੀਤਾ ਗਿਆ, ਜਿਸ ਵਿਚ ਇਹ ਮੰਨਿਆ ਗਿਆ ਕਿ ਖੁੱਲ੍ਹੇ ਚੋਣ ਹਲਕਿਆਂ ਵਿਚ ਅਛੂਤਾਂ ਲਈ ਰਾਖਵੀਆਂ ਸੀਟਾਂ ਹੋਣਗੀਆਂ। ਇਸ ਦਾ ਮਤਲਬ ਸੀ ਕਿ ਕੁਝ ਰਾਖਵੇਂ ਹਲਕਿਆਂ ਤੋਂ ਸਿਰਫ ਅਛੂਤ ਹੀ ਚੋਣ ਲੜ ਸਕਣਗੇ ਤੇ ਬਿਨਾਂ ਜਾਤ-ਪਾਤ ਦੇ ਭੇਦਭਾਵ ਦੇ ਹਰ ਕੋਈ ਅਛੂਤ ਉਮੀਦਵਾਰ ਨੂੰ ਵੋਟ ਪਾਵੇਗਾ। (ਇਹ ਪ੍ਰਣਾਲੀ ਸਾਡੇ ਦੇਸ਼ ਵਿਚ ਅੱਜ ਵੀ ਲਾਗੂ ਹੈ)। ਇਸ ਨੂੰ ਆਦਿ-ਧਰਮ ਲਹਿਰ ਦੀ ਪਹਿਲੀ ਮਹਾਨ ਜਿੱਤ ਕਿਹਾ ਜਾ ਸਕਦਾ ਹੈ। ਕਿਉਂਕਿ ਉਹਨਾਂ ਨੂੰ ਰਾਜਨੀਤਿਕ ਖੇਤਰ ਵਿਚ ਕੁਝ ਥਾਂ ਪ੍ਰਾਪਤ ਹੋਈ।

ਭਾਰਤੀ ਸਰਕਾਰ ਦੇ 1935 ਦੇ ਐਕਟ ਦੇ ਪਾਸ ਹੋਣ ਤੋਂ ਬਾਅਦ ਸੰਨ 1936 ਵਿਚ ਪਹਿਲੀਆਂ ਚੋਣਾਂ ਕਰਵਾਈਆਂ ਗਈਆਂ। ਇਹਨਾਂ ਚੋਣਾਂ ਵਿਚ ਪੰਜਾਬ ਵਿਚ 8 ਸੀਟਾਂ ਆਦਿ-ਧਰਮੀਆਂ ਲਈ ਰਾਖਵੀਆਂ ਰੱਖੀਆਂ ਗਈਆਂ। ਇਹਨਾਂ ਸਾਰੀਆਂ ਸੀਟਾਂ ਤੇ ਆਦਿ-ਧਰਮੀ ਨੁਮਾਇੰਦੇ ਖੜ੍ਹੇ ਕੀਤੇ ਗਏ। ਇਹਨਾਂ ਅੱਠਾਂ ਸੀਟਾਂ ਵਿਚੋਂ ਆਦਿ-ਧਰਮ ਉਮੀਦਵਾਰਾਂ ਨੇ ਸੱਤ ਸੀਟਾਂ ਜਿੱਤੀਆਂ ਅਤੇ ਸਿਰਫ ਇਕ ਸੀਟ ਕਾਂਗਰਸ ਨੇ ਜਿੱਤੀ। ਇਹ ਸੀਟ ਕਾਂਗਰਸ ਦੇ ਉਮੀਦਵਾਰ ਮੂਲਾ ਸਿੰਘ ਨੇ ਹੁਸ਼ਿਆਰਪੁਰ ਹਲਕੇ ਤੋਂ ਆਦਿ-ਧਰਮ ਦੇ ਜਨਰਲ ਸਕੱਤਰ ਹਜ਼ਾਰਾ ਰਾਮ ਕੋਲੋਂ ਜਿੱਤੀ।ਜਿਹੜੇ ਆਦਿ-ਧਰਮੀ ਉਮੀਦਵਾਰ ਜੇਤੂ ਰਹੇ ਉਹ ਇਸ ਤਰ੍ਹਾਂ ਸਨ- ਮਾਸਟਰ ਹਰਨਾਮ ਦਾਸ (ਲਾਇਲਪੁਰ), ਭਗਤ ਹੰਸ ਰਾਜ (ਸਿਆਲਕੋਟ), ਗੋਪਾਲ ਸਿੰਘ ਖਾਲਸਾ (ਲੁਧਿਆਣਾ), ਚੌਧਰੀ ਫਕੀਰ ਚੰਦ (ਰੋਹਤਕ), ਜੁਗਲ ਕਿਸ਼ੋਰ (ਜਗਾਧਰੀ), ਚੌਧਰੀ ਪ੍ਰੇਮ ਸਿੰਘ (ਗੁੜਗਾਓਂ) ਅਤੇ ਸੇਠ ਕਿਸ਼ਨ ਦਾਸ (ਜਲੰਧਰ ਸ਼ਹਿਰੀ)। ਇਸ ਤੋਂ ਸਾਫ ਜ਼ਾਹਿਰ ਹੈ ਕਿ ਆਦਿ-ਧਰਮ ਲਹਿਰ ਬਹੁਤ ਲੋਕਪ੍ਰਿਆ ਹੋਈ। ਆਦਿ-ਧਰਮ ਗਰੁੱਪ ਦੇ ਇਹਨਾਂ ਜੇਤੂ ਉਮੀਦਵਾਰਾਂ ਨੇ, ਸਿਕੰਦਰ ਹਯਾਤ ਖਾਂ ਦੀ ਯੂਨੀਅਨਿਸਟ ਪਾਰਟੀ, ਜਿਹੜੀ ਕਿ ਉਸ ਵੇਲੇ ਸੱਤਾ ਵਿਚ ਆਈ, ਨੂੰ ਪੱਖ ਦਿੱਤਾ।

ਆਦਿ-ਧਰਮ ਦੀ ਰਾਜਨੀਤੀ ਵਿਚ ਦਖਲਅੰਦਾਜ਼ੀ ਨੇ ਬਿਨੇ ਕਿਸੇ ਸ਼ੱਕ ਦੇ ਇਸ ਨੂੰ ਸਮਾਜਿਕ ਲਹਿਰ ਦੇ ਰੂਪ ਤੋਂ ਕਮਜ਼ੋਰ ਬਣਾ ਦਿੱਤਾ। ਆਦਿ ਧਰਮ ਦੇ ਮੂਲ ਢਾਂਚੇ ਵਿਚ ਬਹੁਤ ਵੱਡੀ ਤਬਦੀਲੀ ਆ ਗਈ। ਆਦਿ-ਧਰਮ ਨੇ ਹੁਣ ਆਪਣੀ ਚਾਦਰ ਤੋਂ ਵੱਧ ਪੈਰ ਪਸਾਰਨੇ ਆਰੰਭ ਕਰ ਦਿੱਤੇ ਸਨ ਅਤੇ ਇਸਦੇ ਨੇਤਾਵਾਂ ਨੇ ਆਪੋ ਵਿਚ ਰਾਜਨੀਤਿਕ ਖੇਡਾਂ ਖੇਡਣੀਆਂ ਸ਼ੁਰੂ ਕਰ ਦਿੱਤੀਆਂ ਸੀ, ਜਿਸ ਕਰਕੇ ਉਹ ਆਮ ਜਨਤਾ ਨੂੰ ਬਹੁਤ ਪਿਛੇ ਛੱਡ ਗਏ।

ਸੰਨ 1941 ਦੀ ਗਣਨਾ ਵਿਚ ਆਦਿ ਧਰਮ ਨੂੰ ਬਹੁਤ ਧੱਕਾ ਲੱਗਾ। ਇਸ ਨੂੰ 1931 ਵਾਂਗ ਇਸ ਵਾਰ ਵੱਖ ਧਰਮ ਨਹੀਂ ਦਰਜ ਕੀਤਾ ਗਿਆ ਬਲਕਿ ਇਕ ਜਾਤ ਦੇ ਰੂਪ ਵਿਚ ਮੰਨਿਆ ਗਿਆ।ਇਸ ਗਣਨਾ ਦੌਰਾਨ ਸਿਰਫ 343685 ਆਦਿ-ਧਰਮੀ ਦਰਜ ਕੀਤੇ ਗਏ, ਜਿਹੜੇ ਕਿ ਕੁੱਲ ਅਛੂਤਾਂ ਦੀ ਗਿਣਤੀ (1298635) ਦੀ ਇਕ ਛੋਟੀ ਜਿਹੀ ਭਿੰਨ ਸੀ।

ਫਿਰ 1945-46 ਦੀਆਂ ਚੋਣਾਂ ਵਿਚ ਪੰਜਾਬ ਵਿਚ ਬਾਬੂ ਮੁੱਗੋਵਾਲੀਆ ਯੂਨੀਅਨਿਸਟ ਪਾਰਟੀ ਦੀ ਟਿਕਟ 'ਤੇ ਚੋਣ ਜਿੱਤੇ। ਉਹਨਾਂ ਦੇ ਨਾਲ ਤਿੰਨ ਹੋਰ ਉਘੇ ਆਦਿ ਧਰਮੀ ਵੀ ਜੇਤੂ ਰਹੇ- ਗੋਪਾਲ ਸਿੰਘ ਖਾਲਸਾ, ਪ੍ਰੇਮ ਸਿੰਘ ਅਤੇ ਮੂਲਾ ਸਿੰਘ। (ਮੂਲਾ ਸਿੰਘ ਹੁਣ ਆਦਿ-ਧਰਮ ਵੱਲ ਆ ਗਿਆ ਸੀ)। ਹੁਣ ਤੱਕ ਡਾ. ਅੰਬੇਡਕਰ ਨੇ ਪੰਜਾਬ ਦੀ ਰਾਜਨੀਤੀ ਵਿਚ ਸ਼ੌਂਕ ਵਧਾਉਣਾ ਸ਼ੁਰੂ ਕਰ ਦਿੱਤਾ ਤੇ ਆਦਿ ਧਰਮ ਨੇ ਇਹ ਫੈਸਲਾ ਕੀਤਾ ਕਿ ਧਾਰਮਿਕ ਮਾਮਲਿਆਂ ਤੱਕ ਹੀ ਸੀਮਤ ਰਿਹਾ ਜਾਵੇ। ਇਸ ਉਦੇਸ਼ ਲਈ ਉਹਨਾਂ ਨੇ ਆਦਿ-ਧਰਮ ਨੂੰ ਰਵਿਦਾਸ ਮੰਡਲ ਵਿਚ ਬਦਲ ਲਿਆ ਅਤੇ ਰਾਜਨੀਤੀ ਨੂੰ ਡਾ. ਅੰਬੇਡਕਰ ਦੀ ਪਾਰਟੀ ਸ਼ੈਡੂਲਡ ਕਾਸਟ ਫੈਡਰੇਸ਼ਨ ਲਈ ਛੱਡ ਦਿੱਤਾ। ਸੰਨ 1942 ਵਿਚ ਮਾਸਟਰ ਸਾਧੂ ਰਾਮ ਪੰਜਾਬ ਸ਼ੈਡੂਲਡ ਕਾਸਟ ਫੈਡਰੇਸ਼ਨ ਦੇ ਜਨਰਲ ਸਕੱਤਰ ਤੇ ਸੇਠ ਕਿਸ਼ਨ ਦਾਸ ਇਸਦੇ ਪ੍ਰਧਾਨ ਬਣ ਗਏ।

ਇਹ ਸੱਚ ਹੈ ਕਿ ਸੰਨ 1946 ਵਿਚ ਆਦਿ-ਧਰਮ ਰਾਜਨੀਤਿਕ ਤੌਰ 'ਤੇ ਖਤਮ ਹੋ ਗਈ ਅਤੇ ਇਸ ਨੇ ਆਪਣੇ ਆਪ ਨੂੰ ਸਿਰਫ ਸਮਾਜਿਕ, ਧਾਰਮਿਕ ਕੰਮਾਂ ਤੱਕ ਹੀ ਸੀਮਤ ਕਰ ਲਿਆ ਪਰ ਇਸ ਨੇ ਆਪਣੇ ਆਪ ਨੂੰ ਸਿਰਫ ਸਮਾਜਿਕ, ਧਾਰਮਿਕ ਕੰਮਾਂ ਤੱਕ ਹੀ ਸੀਮਤ ਕਰ ਲਿਆ ਪਰ ਇਸ ਲਹਿਰ ਦਾ ਆਦਿ-ਧਰਮੀਆਂ 'ਤੇ ਬਹੁਤ ਜ਼ਿਆਦਾ ਅਸਰ ਹੋਇਆ। ਇਸ ਦੇ ਨਾਲ ਆਦਿ-ਧਰਮੀਆਂ ਵਿਚ ਕੌਮੀ ਜਾਗ੍ਰਤੀ ਆ ਗਈ ਅਤੇ ਉਹਨਾਂ ਦੀ ਰਾਜਨੀਤੀ ਵਿਚ ਥਾਂ ਬਣ ਗਈ। ਇਹ ਕੌਮੀ ਜਜ਼ਬਾ ਉਦੋਂ ਤੱਕ ਰਹੇਗਾ, ਜਦੋਂ ਤੱਕ ਸ੍ਰੀ ਗੁਰੂ ਰਵਿਦਾਸ ਜੀ ਦਾ ਨਾਂ ਰਹੇਗਾ।

ਆਜ਼ਾਦੀ ਤੋਂ ਬਾਅਦ ਕੁਝ ਆਦਿ-ਧਰਮੀਆਂ ਨੇ ਸੱਤਾ ਵਿਚ ਆਈ ਕਾਂਗਰਸ ਪਾਰਟੀ ਨੂੰ ਅਪਣਾ ਲਿਆ ਅਤੇ ਜਿਹੜੇ ਸਿਰਫ ਅਨੁਸੂਚਿਤ ਜਾਤਾਂ ਦੇ ਮਸਲਿਆਂ ਨਾਲ ਸਬੰਧ ਰੱਖਣਾ ਚਾਹੁੰਦੇ ਸਨ, ਉਹ ਡਾ. ਅੰਬੇਡਕਰ ਦੀ ਸ਼ੈਡੂਲਡ ਕਾਸਟ ਫੈਡਰੇਸ਼ਨ ਵਿਚ ਜਾ ਮਿਲੇ।

# ਆਓ ਸਮਾਜ ਦੇ ਖੁਸ਼ਹਾਲ ਭਵਿੱਖ ਲਈ ਕਦਮ ਵਧਾਈਏ



ਕੁਲਦੀਪ ਚੰਦ
91-9417563054

ਸਾਡਾ ਦੇਸ਼ ਸਦੀਆਂ ਤੱਕ ਗੁਲਾਮ ਰਿਹਾ ਹੈ। ਗੁਲਾਮੀ ਦੌਰਾਨ ਸਮੇਂ ਦੀਆਂ ਹਕੂਮਤਾਂ ਨੇ ਆਮ ਜਨਤਾ ਦੀ ਭਲਾਈ ਬਾਰੇ ਕਦੇ ਕੁਝ ਨਹੀਂ ਕੀਤਾ ਸਗੋਂ ਅਪਣਾ ਰਾਜ ਕਾਇਮ ਰੱਖਣ ਲਈ ਜਾਤ-ਪਾਤ, ਧਰਮ ਆਦਿ ਦੇ ਅਧਾਰ ਤੇ ਲੋਕਾਂ ਨੂੰ ਵੰਡਿਆ ਅਤੇ ਸੱਤਾ ਤੇ ਕਾਬਜ਼ ਰਹੇ। ਇਸ ਵਿਚ ਵੀ ਕੋਈ ਦੋਰਾਏ ਨਹੀਂ ਹੈ ਕਿ ਇਸ ਦੇਸ਼ ਵਿੱਚ ਮੂਲ ਨਿਵਾਸੀਆਂ ਨੂੰ ਸ਼ਰੀਰਕ, ਸਮਾਜਿਕ, ਮਾਨਸਿਕ ਅਤੇ ਆਰਥਿਕ ਤੋਰ ਤੇ ਗੁਲਾਮ ਬਣਾਉਣ ਲਈ ਕੋਝੀਆਂ ਚਾਲਾਂ ਚੱਲੀਆਂ ਗਈਆਂ ਹਨ। ਦੇਸ਼ ਦੀ ਰਜਵਾੜਾਸ਼ਾਹੀ ਨੇ ਅਪਣੇ ਸੁੱਖ ਲਈ ਦੇਸ ਅਤੇ ਸਮਾਜ ਦੀ ਕਦੇ ਪਰਵਾਹ ਨਹੀਂ ਕੀਤੀ ਅਤੇ ਅਕਸਰ ਹੀ ਹਮਲਾਵਾਰਾਂ ਨਾਲ ਹੱਥ ਮਿਲਾਇਆ ਸੀ। ਇਸ ਦੇਸ ਵਿੱਚ ਮਨੂੰਵਾਦੀ ਪ੍ਰਥਾ ਕਾਰਨ ਇੱਕ ਵਰਗ ਜਿਸਨੂੰ ਸ਼ੂਦਰ, ਅਛੂਤ ਆਦਿ ਨਾਮ ਦਿਤੇ ਗਏ ਹਨ ਬਾਕੀ ਤਿੰਨ ਵਰਗਾਂ ਦੇ ਲੋਕਾਂ ਦਾ ਗੁਲਾਮ ਅਤੇ ਸੇਵਾਦਾਰ ਰਿਹਾ ਹੈ। ਇਸ ਵਰਗ ਨੂੰ ਕਦੇ ਵੀ ਅਜ਼ਾਦੀ ਹਾਸਲ ਨਹੀਂ ਹੋਈ। ਇਹ ਵਰਗ ਵਿਦੇਸ਼ੀਆਂ ਤੋਂ ਪਹਿਲਾਂ ਵੀ ਗੁਲਾਮ ਹੀ ਰਿਹਾ ਅਤੇ ਵਿਦੇਸ਼ੀ ਹਮਲਾਵਾਰਾਂ ਤੋਂ ਬਾਦ ਦੋਹਰੀ ਗੁਲਾਮੀ ਝੱਲਦਾ ਰਿਹਾ। ਅੰਗਰੇਜ਼ੀ ਹਕੂਮਤ ਨੇ ਇਸ ਵਰਗ ਨਾਲ ਸਬੰਧਿਤ ਲੋਕਾਂ ਨੂੰ ਕੁੱਝ ਹੱਦ ਤੱਕ ਅਧਿਕਾਰ ਦੇਣ ਦੀ ਪ੍ਰਥਾ ਸ਼ੁਰੂ ਕੀਤੀ ਜਿਸਦਾ ਭਾਰਤੀ ਆਗੂਆਂ ਨੇ ਕਈ ਵਾਰ ਵਿਰੋਧ ਕੀਤਾ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਅੰਗਰੇਜ਼ੀ ਹਕੂਮਤ ਵਲੋਂ ਭਾਰਤ ਵਿੱਚ ਸਦੀਆਂ ਤੋਂ ਲਿਤਾੜੇ ਲੋਕਾਂ ਸ਼ੂਦਰਾਂ ਦੇ ਸਥਿਤੀ ਜਾਨਣ ਲਈ ਭੇਜੇ ਗਏ ਸਾਇਮਨ ਕਮਿਸ਼ਨ ਦਾ ਸਥਾਨਕ ਆਗੂਆਂ ਨੇ ਕੱਟੜ ਵਿਰੋਧ ਕੀਤਾ ਸੀ।

ਅੰਗਰੇਜਾਂ ਵਲੋਂ ਬੁਲਾਈਆਂ ਗਈਆਂ ਗੋਲਮੇਜ਼ ਕਾਨਫਰੰਸਾਂ ਵਿੱਚ ਜਦੋਂ ਦਲਿਤ ਆਗੂ ਡਾਕਟਰ ਭੀਮ ਰਾਓ ਅੰਬੇਡਕਰ ਨੇ ਦਲਿਤਾਂ ਦੀ ਪ੍ਰਤੀਨਿਧਤਾ ਕੀਤੀ ਤਾਂ ਉਸ ਵੇਲੇ ਰਾਸ਼ਟਰ ਪਿਤਾ ਕਹੇ ਜਾਣ ਵਾਲੇ ਮਹਾਤਮਾ ਗਾਂਧੀ ਨੇ ਕੱਟੜ ਵਿਰੋਧ ਕੀਤਾ। ਪੰਜਾਬ ਵਿੱਚ ਦਲਿਤ ਆਗੂ ਅਤੇ ਉਸ ਵੇਲੇ ਆਦ ਧਰਮ ਆਗੂ ਬਾਬੂ ਮੰਗੂ ਰਾਮ ਮੁਗੋਵਾਲੀਆ ਦੀਆਂ ਕੋਸ਼ਿਸ਼ਾਂ ਸਦਕਾ ਅਤੇ ਪੰਜਾਬ ਤੋਂ ਭੇਜੀਆਂ ਟੈਲੀਗ੍ਰਾਮਾਂ ਸਦਕਾ ਡਾਕਟਰ ਭੀਮ ਰਾਓ ਅੰਬੇਡਕਰ ਨੂੰ ਗੋਲਮੇਜ਼ ਕਾਨਫਰੰਸਾਂ ਵਿੱਚ ਸ਼ੂਦਰਾਂ ਦੀ ਪ੍ਰਤੀਨਿਧਤਾ ਕਰਨ ਦਾ ਸੁਨਿਹਰੀ ਮੌਕਾ ਮਿਲਿਆ ਜਿਸ ਵਿੱਚ ਉਨ੍ਹਾਂ ਨੇ ਚੋਥੇ ਵਰਗ ਦਾ ਪੱਖ ਰੱਖਿਆ ਅਤੇ ਇਨ੍ਹਾਂ ਲਈ ਵਖਰੀ ਰਾਜਨੀਤਿਕ ਪ੍ਰਤੀਨਿਧਤਾ ਲਈ ਦੋਹਰੀ ਵੋਟ ਦੀ ਮੰਗ ਮਨਜ਼ੂਰ ਕਰਵਾਈ ਜਿਸਦੇ ਵਿਰੋਧ ਵਿੱਚ ਮਹਾਤਮਾ ਗਾਂਧੀ ਨੇ ਮਰਨ ਵਰਤ ਰੱਖ ਲਿਆ। ਬੇਸ਼ੱਕ ਮਹਾਤਮਾ ਗਾਂਧੀ ਦੇ ਬਰਾਬਰ ਕਈ ਆਦਧਰਮੀ ਆਗੂਆਂ ਨੇ ਵੀ ਮਰਨ ਵਰਤ ਰੱਖਿਆ ਪ੍ਰੰਤੂ ਡਾਕਟਰ ਅੰਬੇਡਕਰ ਨੇ 24 ਸਤੰਬਰ 1932 ਨੂੰ ਅਪਣੀ ਇਹ ਮੰਗ ਵਾਪਸ ਲੈ ਲਈ ਜਿਸਤੋਂ ਬਾਦ ਡਾਕਟਰ ਅੰਬੇਡਕਰ ਅਤੇ ਮਹਾਤਮਾ ਗਾਂਧੀ ਵਿੱਚ ਸਮਝੋਤਾ ਹੋ ਗਿਆ ਜਿਸਨੂੰ ਪੂਨਾ ਪੈਕਟ ਵੀ ਕਿਹਾ ਜਾਂਦਾ ਹੈ। ਇਸ ਤਰਾਂ ਸਮੇਂ ਸਮੇਂ ਤੇ ਮਨੂੰਵਾਦੀ ਲੀਡਰਾਂ ਨੇ ਇਸ ਵਰਗ ਨੂੰ ਹਰ ਤਰਾਂ ਨਾਲ ਗੁਲਾਮ ਰੱਖਣ ਦੀਆਂ ਕੋਸ਼ਿਸ਼ਾਂ ਜਾਰੀ ਰੱਖੀਆਂ ਹਨ। ਅੰਤ ਲੋਕਾਂ ਦੇ ਸੰਘਰਸ਼ ਅਤੇ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਬਾਦ 15 ਅਗਸਤ 1947 ਨੂੰ ਸਾਡਾ ਦੇਸ਼ ਅਜ਼ਾਦ ਹੋਇਆ। ਦੇਸ਼ ਅਜ਼ਾਦ ਕਰਵਾਉਣ ਵਾਲੇ ਦੇਸ਼ ਭਗਤਾਂ ਦਾ ਸੁਪਨਾ ਸੀ ਕਿ ਅਜ਼ਾਦੀ ਤੋਂ ਬਾਦ ਦੇਸ਼ ਵਿੱਚ ਹਰ ਵਰਗ ਅਤੇ ਵਿਅਕਤੀ ਦੀਆਂ ਮੁਢਲੀਆਂ ਜ਼ਰੂਰਤਾਂ ਪੂਰੀਆਂ ਹੋਣ ਅਤੇ ਕਿਸੇ ਵੀ ਵਿਅਕਤੀ ਦੀ ਦੂਜੇ ਵਿਅਕਤੀ ਦੁਆਰਾ ਲੁੱਟ ਖਸੁੱਟ ਨਾਂ ਹੋਵੇ। ਅਜ਼ਾਦ ਭਾਰਤ ਦਾ ਸੰਵਿਧਾਨ ਤਿਆਰ ਕਰਨ ਲਈ ਦਲਿਤ 26 ਜਨਵਰੀ 1950 ਨੂੰ ਦੇਸ਼ ਦਾ ਸੰਵਿਧਾਨ ਲਾਗੂ ਕੀਤਾ ਗਿਆ। ਸਾਡੇ ਦੇਸ਼ ਦੇ ਸੰਵਿਧਾਨ ਅਨੁਸਾਰ ਸਾਰੇ ਨਾਗਰਿਕ ਬਰਾਬਰ ਹਨ ਅਤੇ ਕਿਸੇ ਨਾਲ ਵੀ ਧਰਮ, ਲਿੰਗ, ਨਸਲ,ਜਾਤ ਆਦਿ ਦੇ ਅਧਾਰ ਤੇ ਵਿਤਕਰਾ ਨਹੀਂ ਕੀਤਾ ਜਾ ਸਕਦਾ। ਭਾਰਤ ਨੂੰ ਲੋਕ ਕਲਿਆਣਕਾਰੀ ਰਾਸ਼ਟਰ ਬਣਾਇਆ ਗਿਆ ਹੈ। ਦੇਸ਼ ਵਿੱਚ ਅਜ਼ਾਦੀ ਤੋਂ ਬਾਦ ਸਮੇਂ-ਸਮੇਂ ਦੀਆਂ ਸਰਕਾਰਾਂ ਨੇ ਲੋਕ ਭਲਾਈ ਦੀਆਂ ਸਕੀਮਾਂ ਬਣਾਈਆਂ ਅਤੇ ਇਨ੍ਹਾਂ ਸਕੀਮਾਂ ਨੂੰ ਲਾਗੂ ਕਰਨ ਲਈ ਸਮੇਂ ਸਮੇਂ ਤੇ ਅਰਬਾਂ ਰੁਪਏ ਖਰਚੇ ਗਏ ਹਨ। ਲੋਕ ਭਲਾਈ ਸਕੀਮਾਂ ਤੇ ਅਰਬਾਂ ਰੁਪਏ ਖਰਚਣ ਦੇ ਬਾਵਜੂਦ ਗਰੀਬੀ, ਅਨਪੜ੍ਹਤਾ ਅਤੇ ਹੋਰ ਕਈ ਕਾਰਨਾਂ ਕਰਕੇ ਇਨ੍ਹਾਂ ਸਕੀਮਾਂ ਦਾ ਲਾਭ ਅਸਲੀ ਲੋੜਵੰਦਾਂ ਤੱਕ ਨਹੀਂ ਪਹੁੰਚ ਸਕਿਆ।

ਸਾਡੇ ਦੇਸ਼ ਨੂੰ ਆਜ਼ਾਦ ਹੋਏ ਭਾਵੇਂ 70 ਸਾਲ ਤੋਂ ਜ਼ਿਆਦਾ ਦਾ ਸਮਾਂ ਬਤੀਤ ਹੋ ਗਿਆ ਹੈ ਪਰ ਅਜੇ ਤੱਕ ਵੀ ਆਮ ਗਰੀਬ ਲੋਕ ਆਪਣੇ ਅਧਿਕਾਰਾਂ ਅਤੇ ਸਰਕਾਰਾਂ ਵਲੋਂ ਚੱਲ ਰਹੀਆਂ ਲੋਕ ਭਲਾਈ ਸਕੀਮਾਂ ਬਾਰੇ ਪੂਰੀ ਤਰ੍ਹਾਂ ਜਾਣੂ ਨਹੀਂ ਹਨ। ਬੇਸ਼ੱਕ ਸਰਕਾਰ ਸਮੇਂ-ਸਮੇਂ ਤੇ ਗਰੀਬ ਲੋਕਾਂ ਦੀ ਭਲਾਈ ਲਈ ਸਕੀਮਾਂ ਨੂੰ ਬਣਾਉਂਦੀ ਰਹਿੰਦੀ ਹੈ ਪਰ ਆਮ ਗਰੀਬ ਲੋਕਾਂ ਨੂੰ ਇਹਨਾਂ ਸਕੀਮਾਂ ਬਾਰੇ ਪਤਾ ਹੀ ਨਹੀਂ ਲੱਗਦਾ ਹੈ ਜਿਸ ਕਰਕੇ ਇਹ ਸਕੀਮਾਂ ਕਾਗਜ਼ਾ ਤੱਕ ਹੀ ਸੀਮਿਤ ਰਹਿ ਜਾਂਦੀਆਂ ਹਨ। ਇਸ ਸਬੰਧੀ ਆਮ ਲੋਕਾਂ ਤੱਕ ਜਾਣਕਾਰੀ ਪਹੁੰਚਾਣ ਲਈ ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੋਸਾਇਟੀ ਯੂ ਏ ਈ ਦੀ ਸਮੂਹ ਪ੍ਰਬੰਧਕ ਕਮੇਟੀ ਵਲੋਂ ਚਲਾਈ ਜਾ ਰਹੀ ਉਪਕਾਰ ਵੈਬਸਾਇਟ ਦੁਆਰਾ ਯਤਨ ਸ਼ੁਰੂ ਕੀਤੇ ਜਾ ਰਹੇ ਹਨ ਜਿਸ ਵਿੱਚ ਆਮ ਲੋਕਾਂ ਲਈ ਬਣੀਆਂ ਯੋਜਨਾਵਾਂ ਅਤੇ ਕਨੂੰਨਾਂ ਬਾਰੇ ਜਾਣਕਾਰੀ ਸਰਲ ਭਾਸ਼ਾ ਵਿੱਚ ਦਿਤੀ ਜਾਵੇਗੀ। ਇਹ ਸਭ ਲਿਖਣ ਦਾ ਉਦੇਸ਼ ਆਮ ਲੋਕਾਂ ਤੱਕ ਸਰਕਾਰੀ ਸਕੀਮਾਂ ਅਤੇ ਲੋਕਾਂ ਦੇ ਕਨੂੰਨੀ ਅਧਿਕਾਰਾਂ ਬਾਰੇ ਜਾਣਕਾਰੀ ਪਹੁੰਚਾਣਾ ਹੈ ਤਾਂ ਜੋ ਇਨ੍ਹਾਂ ਸਕੀਮਾਂ ਦਾ ਲਾਭ ਅਸਲੀ ਲੋੜਵੰਦਾਂ ਤੱਕ ਪਹੁੰਚ ਸਕੇ ਤੇ ਦੇਸ਼ ਸੱਚਮੁਚ ਵਿਕਸਿਤ ਹੋ ਸਕੇ। ਇਹ ਸਭ ਕੁੱਝ ਕਰਨ ਦਾ ਮੰਤਵ ਲੋਕਾਂ ਤੱਕ ਜ਼ਰੂਰੀ ਜਾਣਕਾਰੀ ਪੰਹੁਚਾਣਾ ਹੈ ਤਾਂ ਜੋ ਉਹ ਇਹਨਾਂ ਸਕੀਮਾਂ ਦਾ ਲਾਭ ਲੈ ਸਕਣ ਅਤੇ ਆਪਣੇ ਅਧਿਕਾਰਾਂ ਪ੍ਰਤੀ ਜਾਗ੍ਰਿਤ ਹੋ ਸਕਣ। ਆਪ ਸਭਨੂੰ ਬੇਨਤੀ ਹੈ ਕਿ ਇਸ ਕੋਸ਼ਿਸ ਨੂੰ ਕਾਮਯਾਬ ਬਣਾਈਏ ਅਤੇ ਇਸ ਜਾਣਕਾਰੀ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਣ ਲਈ ਮੱਦਦ ਕਰੀਏ ਤਾਂ ਜੋ ਵਿਕਾਸ ਦੀਆਂ ਕਿਰਨਾਂ ਸਭਦੇ ਘਰਾਂ ਤੱਕ ਪਹੁੰਚ ਸਕਣ ਅਤੇ ਇੱਕ ਵਿਕਸਿਤ ਅਤੇ ਖੁਸ਼ਹਾਲ ਸਮਾਜ ਦਾ ਨਿਰਮਾਣ ਹੋ ਸਕੇ।

# ਗਰੇਟ ਹੀਲਰ ਚਰਚ ਹੈ..

ਗਰੇਟ ਹੀਲਰ ਚਰਚ ਹੈ ਕਾਲਾ ਸੰਘਾ ਰੋਡ ਉੱਤੇ..
ਚੜ੍ਹੇ ਮਨਾਂ ਤਾਈਂ ਵੱਖਰਾ ਸਰੂਰ..
ਕੋਟ ਸਦੀਕ ਨਹਿਰ ਕੰਢੇ, ਮੇਲਾ ਲੱਗ ਜਾਂਦਾ,
ਆ ਕੇ ਪਹੁੰਚਦੀ ਸੰਗਤ ਦੂਰੋਂ ਦੂਰ..
ਗਰੇਟ ਹੀਲਰ ਚਰਚ ਹੈ ਕਾਲਾ ਸੰਘਾ ਰੋਡ ਉੱਤੇ..

ਪਾਸਟਰ ਦੀਪਕ, ਸਿਸਟਰ ਸ਼ਾਂਤੀ ਦੀਪਕ,
ਸਾਰਾ ਬਾਈਬਲ ਦਾ ਹਾਲ ਨੇ ਸੁਣਾਂਵਦੇ,
ਮਹੇਸ਼ ਮਸੀਹ ਵੀ ਨਾ ਪਿੱਛੇ ਕਦੇ ਰਹੇ,
ਸਾਰੇ ਹਾਲੇ ਲੂਈਆ-ਹਾਲੇ ਲੂਈਆ ਗਾਂਵਦੇ,
ਪ੍ਰਾਰਥਨਾਂ 'ਚ ਆ ਕੇ ਦੁੱਖ, ਰੋਗ ਭੁੱਲ ਜਾਂਦੇ,
ਆਉਂਦਾ ਚਿਹਰਿਆਂ ਦੇ ਉੱਤੇ ਬੜਾ ਨੂਰ..।
ਗਰੇਟ ਹੀਲਰ ਚਰਚ ਹੈ ਕਾਲਾ ਸੰਘਾ ਰੋਡ ਉੱਤੇ..

ਜਾਵੇਜ਼ ਦੀਪਕ, ਅਤੇ ਯਸੋਆ ਦੀਪਕ
ਇਹ ਪ੍ਰਾਰਥਨਾਂ ਦੇ ਵਿੱਚ ਆ ਕੇ ਬਹਿੰਦੇ ਨੇ,
ਹਾਲੇ-ਲੂਈਆ ਗਾਉਂਣ, ਰਸਭਿੰਨੀ ਹੈ ਜ਼ੁਬਾਨ,
ਬੋਲ ਤੋਤਲੇ ਨਾ', ਜੈ ਮਸੀਹਾ ਕਹਿੰਦੇ ਨੇ,
ਬੱਚਿਆਂ ਦੇ ਵਿੱਚ ਖੁਦ ਵਸਦੇ ਮਸੀਹਾ,
ਇਨ੍ਹਾਂ ਵਿੱਚ ਵਸੇ ਹਾਜ਼ਰੇ- ਹਜ਼ੂਰ..।
ਗਰੇਟ ਹੀਲਰ ਚਰਚ ਹੈ ਕਾਲਾ ਸੰਘਾ ਰੋਡ ਉੱਤੇ..

ਯਿਸੂ ਹੀ ਦਿਖਾਉਂਦਾ ਰਾਹ, ਪਰਸ਼ੋਤਮ ਹੈ ਕਹਿੰਦਾ,
ਉਹਦੀ ਮਹਿਮਾ ਸਾਰੇ ਰਲ ਤਾਹੀਂ ਗਾਉਂਦੇ ਨੇ,
ਚਰਚ ਕਲੋਨੀ ਵਿਖੇ ਰੋਗੀ ਤੇ ਲਾਚਾਰ ਆ ਕੇ,
ਪ੍ਰਾਰਥਨਾ 'ਚ ਦੁਖੜੇ ਸੁਣਾਉਂਦੇ ਨੇ,
ਪ੍ਰਭੂ ਯਿਸੂ ਸੁਣ ਕੇ ਪੁਕਾਰ ਕਰੇ ਮਿਹਰ,
ਹੁੰਦੇ ਦੁੱਖ, ਰੋਗ, ਚਰਨਾ ਹੈ ਚੂਰ..।
ਗਰੇਟ ਹੀਲਰ ਚਰਚ ਹੈ ਕਾਲਾ ਸੰਘਾ ਰੋਡ ਉੱਤੇ..

ਹੋਰ ਭਾਈ ਬੰਧੂ ਵੀ, ਪ੍ਰਾਰਥਨਾ 'ਚ ਆਉਂਦੇ,
ਉਹ ਵੀ ਆ ਕੇ ਜਸ ਪ੍ਰਭੂ ਯਿਸੂ ਦਾ ਹੀ ਗਾਉਂਦੇ,
ਯਿਸੂ ਹੁੰਦਾ ਖ਼ੁਸ਼, ਉਹਦੀ ਮਹਿਮਾ ਹੁੰਦੀ ਦੇਖ,
ਕਰੀਏ ਸਲਾਮ, ਚਰਨਾਂ 'ਚ ਮੱਥਾ ਟੇਕ,
ਆਉਂਦਾ ਰੂਹਾਂ ਨੂੰ ਆਨੰਦ ਭਰਪੂਰ.. ।
ਗਰੇਟ ਹੀਲਰ ਚਰਚ ਹੈ ਕਾਲਾ ਸੰਘਾ ਰੋਡ ਉੱਤੇ..



- ਪਰਸ਼ੋਤਮ ਲਾਲ
ਸਰੋਏ
91-92175-44348

# 'ਮੈਂ ਗੋਬਿੰਦ ਦੀ ਧੀ ਹਾਂ'

ਮੈਨੂੰ ਗੋਬਿੰਦ ਆਣ ਮਿਲਾਇਆ ਹੈ ,
ਗੋਬਿੰਦ ਗੋਬਿੰਦ ਕਰਦੀ ਨੂੰ ਮੈਨੂੰ ,
ਗੋਬਿੰਦ ਵਿੱਚ ਸਮਾਇਆ ਹੈ ।

ਮਿਹਰ ਹੋ ਗਈ ਨਦਰ ਦੀ ,
ਦੁੱਖ ਮਿੱਟ ਗਏ ਮੇਰੇ ਸਾਰੇ ਨੇ ,
ਕਰ ਕਿਰਪਾ ਉਸ ਨੇ ਆਪਣੀ ,
ਮੇਰੇ ਕਿੱਲਵਿੱਖ ਕੱਟ ਤੇ ਸਾਰੇ ਨੇ ।

ਮੋਹ ਦੀਆਂ ਤੰਦਾਂ ਤੋਂ ਬਚਾਅ ,
ਮੈਨੂੰ ਚਰਣੀ ਆਪਣੀ ਲਾਇਆ ਹੈ ,
ਚਰਨਾ ਉਸਦਿਆਂ ਵਿੱਚ ਮੈਂ ,
ਬਹੁਤਾ ਹੀ ਸੁੱਖ ਪਾਇਆ ਹੈਂ ।

ਮਿੱਟ ਗਿਆ ਅਗਿਆਨ ਦਾ ਘੋਰ ਅੰਧੇਰਾ ,
ਜਦੋਂ ਦਾ ਉਸ ਨੇ ਗਿਆਨ ਕਰਵਾਇਆ ਹੈ ,
ਮਿਟ ਗਈ ਅੰਦਰ ਦੀ ਬੁਰਿਆਈ ,
ਜਦੋਂ ਦਾ ਖ਼ੁਦਾਈ ਨੂੰ ਗ.ਲ ਨਾਲ ਲਾਇਆ ਹੈ ।

ਅੰਗ ਸੰਗ ਮੇਰੇ ਸਦਾ ਹੀ ਰਹਿੰਦਾ ,
ਮੁਸ਼ਕਿਲਾਂ ਤੋਂ ਮੈਨੂੰ ਆਪ ਕੱਡ ਲੈਂਦਾ ,
ਮਿਹਰਾਂ ਵਾਲੀ ਕਰਕੇ ਨਜ਼ਰ ,
ਮੈਥੋਂ ਆਪਣਾ ਨਾਮ ਜਪਾਉਂਦਾ ।

ਮੈਂ ਗੋਬਿੰਦ ਦੀ ਧੀ ਹਾਂ ,
ਮੈਨੂੰ ਗੋਬਿੰਦ ਆਣ ਮਿਲਾਇਆ ਹੈ ,
ਗੋਬਿੰਦ ਗੋਬਿੰਦ ਕਰਦੀ ਨੂੰ ਮੈਨੂੰ ,
ਗੋਬਿੰਦ ਵਿਚ ਸਮਾਇਆ ਹੈ ॥



- ਕਿਰਨ ਪ੍ਰੀਤ ਕੌਰ
+436607370487

# ਨਵਾਂ ਸਾਲ

ਨਵਾਂ ਸਾਲ ਇੰਜ ਦਾ ਚੜ੍ਹਾਈਂ ਮੇਰੇ ਮਾਲਕਾ
ਹਰ ਪਾਸੇ ਠੰਢ ਵਰਤਾਈਂ ਮੇਰੇ ਮਾਲਕਾ

ਕੁੱਲੀ ਗੁੱਲੀ ਜੁੱਲੀ ਤੋਂ ਨਾ ਵਾਂਝਾ ਰਹੇ ਕੋਈ
ਨੇੜੇ ਹੋ ਕੇ ਸੁਣੀ ਜੋ ਵੀ ਕਰੇ ਅਰਜ਼ੋਈ
ਹਰ ਪਾਸੇ ਖੇੜੇ ਤੂੰ ਲਿਆਈਂ ਮੇਰੇ ਮਾਲਕਾ
ਨਵਾਂ ਸਾਲ ਇੰਜ ਦਾ ਚੜ੍ਹਾਈਂ ਮੇਰੇ ਮਾਲਕਾ

ਗੂੜ੍ਹਾ ਗਾੜ੍ਹਾ ਹੋ ਕੇ ਰਹੇ ਸਦਾ ਭਾਈਚਾਰਾ
ਪਾਪ ਪੁੰਨ ਵਾਲਾ ਕਰੀਂ ਆਪੇ ਤੂੰ ਨਿਤਾਰਾ
ਸਿੱਧੇ ਰਾਹੇ ਸਾਰਿਆਂ ਨੂੰ ਪਾਈਂ ਮੇਰੇ ਮਾਲਕਾ
ਨਵਾਂ ਸਾਲ ਇੰਜ ਦਾ ਚੜ੍ਹਾਈਂ ਮੇਰੇ ਮਾਲਕਾ

ਦੂਰ ਕਰੀਂ ਵੈਰ ਤੇ ਵਿਰੋਧ ਬੜਾ ਹਨੇਰਾ
ਜਾਤਾਂ ਪਾਤਾਂ ਬਾਲਾ ਕਰੀਂ ਆ ਕੇ ਤੂੰ ਨਿਬੇੜਾ
ਚਾਰੇ ਪਾਸੇ ਇੰਝ ਰੁਸ਼ਨਾਈਂ ਮੇਰੇ ਮਾਲਕਾ
ਨਵਾਂ ਸਾਲ ਇੰਜ ਦਾ ਚੜ੍ਹਾਈਂ ਮੇਰੇ ਮਾਲਕਾ

ਨਸ਼ਿਆਂ ਤੋਂ ਰਹਿਤ ਕਰ ਮੇਰੇ ਪੰਜਾਬ ਨੂੰ
ਕਰ ਫਿਰ ਮਿੱਠਾ ਦਰਿਆਵਾਂ ਦੇ ਤੂੰ ਆਬ ਨੂੰ
ਹੱਦਾਂ ਸਰਹੱਦਾਂ ਵੀ ਮਿਟਾਈਂ ਮੇਰੇ ਮਾਲਕਾ
ਨਵਾਂ ਸਾਰਜ ਦਾ ਚੜ੍ਹਾਈਂ ਮੇਰੇ ਮਾਲਕਾ
ਹਰ ਪਾਸੇ ਠੰਢ ਵਰਤਾਈਂ ਮੇਰੇ ਮਾਲਕਾ



- ਮਦਨ ਬੰਗੜ
91-95015-75511

# ਦੋ ਹਜ਼ਾਰ ਸੰਨ ਉਨੀ ਆਵੇ

ਦੋ ਹਜ਼ਾਰ ਸੰਨ ਉਨੀ ਆਵੇ
ਖੁਸ਼ੀਆਂ ਖੇੜੇ ਨਾਲ ਲਿਆਵੇ
ਭਾਗਾਂ ਵਾਲਾ ਸੰਨ ਉਨੀ ਹੋਵੇ
ਸਾਂਝਾ ਪਿਆਰਾਂ ਨੂੰ ਹੋਰ ਵਧਾਵੇ
ਹੋਣ ਨਾ ਕਿਧਰੇ ਝਗੜੇ ਲੜਾਈਆਂ
ਮਿਟਣ ਦਿਲਾਂ 'ਚੋਂ ਸਭ ਜੁਦਾਈਆਂ
ਕੋਈ ਨਾ ਦਿੱਸੇ ਇੱਥੇ ਬੇਗਾਨਾ
ਨਫਰਤ ਦਾ ਜਾਏ ਬਦਲ ਜ਼ਮਾਨਾ
ਕੋਈ ਨਾ ਢਿੱਡੋਂ ਭੁੱਖਾ ਹੋਵੇ
ਜਾਤਾਂ-ਪਾਤਾਂ ਦਾ ਇੱਥੋਂ ਮੁੱਕੇ ਹਨੇਰਾ
ਇਨਸਾਨੀਅਤ ਦਾ ਚੜ੍ਹ ਜਾਏ ਸਵੇਰਾ
ਧੀਆਂ ਪੁੱਤਾਂ ਦਾ ਫਰਕ ਮੁੱਕ ਜਾਵੇ
ਚੁੰਨੀ ਨੂੰ ਕੋਈ ਹੱਥ ਨਾ ਪਾਵੇ
ਨਸ਼ਿਆਂ ਨਾਲ ਰੁੜ੍ਹਦੀ ਜਵਾਨੀ
ਨੂੰ ਦਾਤਾ ਕਰ ਮਿਹਰ ਬਚਾਵੇ
ਵੱਡਿਆਂ ਦਾ ਹੋਵੇ ਆਦਰ ਸਤਿਕਾਰ
ਛੋਟਿਆਂ ਨੂੰ ਸਭ ਕਰਨ ਪਿਆਰ
ਦੁਸ਼ਮਣ ਕੋਈ ਨਾ ਲੱਗੇ ਸਾਨੂੰ
ਬਣ ਜਾਣ ਸਾਰੇ ਸੱਜਣ ਯਾਰ
ਵੱਡਿਆਂ ਤੋਂ ਸਦਾ ਸਿੱਖਦੇ ਰਹੀਏ
ਕੌੜਾ ਲਫਜ਼ ਨਾ ਮੂੰਹੋਂ ਕਹੀਏ
ਧੀਆਂ ਭੈਣਾਂ, ਮਾਣ ਨੇ ਸਾਡਾ
ਗੱਲ ਫਕਰ ਨਾਲ ਇਹੋ ਕਹੀਏ
ਨੀਵਿਆਂ ਰੁੱਖਾਂ ਨੂੰ ਫਲ ਲੱਗਦੇ ਨੇ
ਸਦਾ ਹੀ ਨੀਵੇਂ ਬਣ ਕੇ ਰਹੀਏ
ਨੇਕੀ ਨਾਮ ਕੰਮ ਆਉਣੇ ਸਾਡੇ
ਨਾਮ ਸਿਮਰਨਸਦਾ ਕਰਦੇ ਰਹੀਏ
ਰੱਬਾ ਪਿਆਰ ਦਾ ਮੀਂਹ ਵਰ੍ਹਾ ਦੇਈਂ
ਅੱਗ ਨਫਰਤ ਦੀ ਤੂੰ ਬੁਝਾ ਦੇਵੀਂ
ਕਲਯੁਗ ਦੇ ਰਾਹ ਤੁਰ ਪਏ ਲੋਕੀ
ਆਪਣੇ ਰਾਹੇ ਆਪੇ ਪਾ ਦੇਈਂ
ਦੋ ਹਜ਼ਾਰ ਉਨੀ 'ਚ ਰੱਬਾ ਇੱਥੇ
ਹਰ ਕੋਈ ਹੱਸੇ ਨੱਚੇ ਗਾਵੇ
ਦੋ ਹਜ਼ਾਰ ਉਨੀ ਦੇ ਵਿਚ 'ਧਾਮੀ'
ਪੱਤਾ ਪੱਤਾ ਗੀਤ ਪਿਆਰ ਦੇ ਗਾਵੇ
ਦੋ ਹਜ਼ਾਰ ਸੰਨ ਉਨੀ ਆਵੇ
ਖੁਸ਼ੀਆਂ ਖੇੜੇ ਨਾਲ ਲਿਆਵੇ
ਭਾਗਾਂ ਵਾਲਾ ਸੰਨ ਉਨੀ ਹੋਵੇ
ਸਾਂਝਾਂ, ਪਿਆਰ ਨੂੰ ਹੋਰ ਵਧਾਵੇ।
ਦੇਸ਼ ਦੁਆਬਾ ਨਿਊਜ਼ ਪੇਪਰ ਵੀ
ਖਬਰਾਂ ਸਾਨੂੰ ਦੱਸ ਦਸਾਵੇ
ਜੁਗਿੰਦਰ ਧਾਮੀ ਤੇ ਪ੍ਰੇਮ ਚੁੰਬਰ ਦਾ,
ਵਾਂਗ ਭਰਾਵਾਂ ਪਿਆਰ ਵਧਾਵੇ
ਦੋ ਹਜ਼ਾਰ ਸੰਨ ਉਨੀ ਆਵੇ
ਖੁਸ਼ੀਆਂ ਖੇੜੇ ਨਾਲ ਲਿਆਵੇ।



- ਜੁਗਿੰਦਰ ਧਾਮੀ
'ਪਿੱਪਲਾਂਵਾਲੀਆ'
530- 844-0987

# "ਯੋਗਦਾਨ - ਇੱਕ ਪਿੰਡ ਦੀ ਐਸੀ ਕਹਾਣੀ ਜੋ ਰੱਖ ਦਿੰਦੀ ਹੈ ਆਪਣੇ ਸਾਹਮਣੇ ਇੱਕ ਅਨੋਖਾ ਪ੍ਰਸ਼ਨ"

ਇਕ ਪਿੰਡ ਵਿੱਚ ਲਾਈਬ੍ਰੇਰੀ ਖੋਲ੍ਹਣ ਦੀ ਚਰਚਾ ਹੋ ਰਹੀ ਸੀ । ਵਿਚਾਰ ਚਰਚਾ ਹੋ ਰਹੀ ਸੀ ਕਿ ਕਿਸ ਤਰ੍ਹਾਂ ਲਾਇਬ੍ਰੇਰੀ ਖੋਲ੍ਹੀ ਜਾਵੇ, ਕਿਸ ਤਰ੍ਹਾਂ ਪੈਸੇ ਇਕੱਠੇ ਕੀਤੇ ਜਾਣ । ਵਿਚਾਰ ਵਿਮਰਸ਼ ਕਰਨ ਤੋਂ ਫੈਸਲਾ ਇਹ ਹੋਇਆ ਕਿ ਪਿੰਡ ਵਿੱਚ ਸਾਰੇ ਘਰਾਂ ਵਿੱਚ ਜਾਇਆ ਜਾਵੇਗਾ ਅਤੇ ਲਾਇਬ੍ਰੇਰੀ ਵਾਸਤੇ ਫੰਡ ਇਕੱਠਾ ਕੀਤਾ ਜਾਵੇਗਾ । ਹਰ ਕਿਸੇ ਨੂੰ ਇਹ ਕਿਹਾ ਜਾਵੇਗਾ ਕਿ ਜਿੰਨੀ ਜਿਸਦੀ ਸ਼ਰਧਾ ਹੈ, ਉਹ ਉਹਨਾਂ ਹੀ ਦਾਨ ਕਰ ਸਕਦਾ ਹੈ ਅੱਤੇ ਜੇ ਕੋਈ ਦਾਨ ਨਹੀਂ ਕਰ ਸਕਦਾ ਤਾਂ ਇਹ ਉਸਦੀ ਮਰਜੀ ਹੋਵੇਗੀ। ਅਗਲੇ ਦਿਨ ਕੁਝ ਆਗੂ ਫੰਡ ਇਕੱਠਾ ਕਰਨ ਵਾਸਤੇ ਘਰੋ ਘਰੀ ਜਾਂਦੇ ਹਨ । ਪਹਿਲਾ ਘਰ ਉਹਨਾਂ ਨੂੰ ਸੋ ਰੁਪਏ ਦੇ ਦਿੰਦਾ ਹੈ । ਦੂਜਾ ਘਰ ਉਹਨਾਂ ਨੂੰ ਪੰਜ ਸੋ ਰੁਪਏ ਦੇ ਦਿੰਦਾ ਹੈ। ਤੀਜਾ ਘਰ ਇੱਕ ਹਜ਼ਾਰ ਰੁਪਏ ਵੀ ਦੇ ਦਿੰਦਾ ਹੈ । ਪਰ ਜਦੋਂ ਉਹ ਚੌਥੇ ਘਰ ਜਾਂਦੇ ਹਨ ਤਾਂ ਚੌਥੇ ਘਰ ਵਾਲਾ ਪੈਸੇ ਦੇਣ ਤੋਂ ਮਨਾ ਕਰ ਦਿੰਦਾ ਹੈ । ਆਗੂ ਕਹਿੰਦੇ ਹਨ, "ਵੈਸੇ ਜੇ ਤੁਸੀਂ ਵੀ ਕੁਝ ਦੇ ਦਿੰਦੇ ਤਾਂ ਵਧੀਆ ਹੈ, ਪਰ ਜੇ ਨਹੀਂ ਵੀ ਦੇਣਾ ਚਾਹੁੰਦੇ ਤਾਂ ਇਹ ਤੁਹਾਡੀ ਮਰਜੀ ਹੈ ।"

ਚੌਥੇ ਬੰਦੇ ਬਿੰਦਰ ਨੇ ਕਿਹਾ, "ਨਹੀਂ, ਮੈਂ ਪੈਸੇ ਦੇਣਾ ਨਹੀਂ ਚਾਹੁੰਦਾ।" ਆਗੂ ਉਥੋਂ ਚਲੇ ਜਾਂਦੇ ਹਨ । ਪਰ ਜਦੋਂ ਸਾਰੇ ਆਗੂ ਇਕੱਠੇ ਹੁੰਦੇ ਹਨ, ਉਹਨਾਂ ਵਿੱਚ ਗੱਲ ਚਲਦੀ ਹੈ ਕਿ ਸਾਰੇ ਪਿੰਡ ਨੇ ਕੁਝ ਨਾ ਕੁਝ ਦਿੱਤਾ ਹੈ, ਪਰ ਬਿੰਦਰ ਨੇ ਕੁਝ ਵੀ ਨਹੀਂ ਦਿੱਤਾ । ਉਹਨਾਂ ਨੇ ਕਿਹਾ ਇਹ ਬਿੰਦਰ ਦੀ ਬਹੁਤ ਮਾੜੀ ਗੱਲ ਹੈ । ਇਸਨੂੰ ਸਬਕ ਸਿਖਾਉਣਾ ਪਵੇਗਾ । ਇਹ ਬਣਿਆ ਕੀ ਫਿਰਦੈ । ਕੋਈ ਮੌਕਾ ਆਉਣ ਦਿਓ, ਫਿਰ ਦਿਖਾਂਦੇ ਹਾ ਇਸਨੂੰ ਇਹਦੀ ਔਕਾਤ ।

ਇੱਕ ਦਿਨ ਬਿੰਦਰ ਦਾ ਪਿੰਡ ਦੇ ਇੱਕ ਬੰਦੇ ਨਾਲ ਰੌਲਾ ਪੈ ਗਿਆ । ਦੋਵਾਂ ਵਿੱਚ ਝੜਪ ਹੋ ਗਈ । ਇਸ ਲੜਾਈ ਵਿੱਚ ਬਿੰਦਰ ਬਿਲਕੁਲ ਠੀਕ ਸੀ ਅਤੇ ਦੂਜਾ ਬੰਦਾ ਬਿਲਕੁਲ ਗਲਤ । ਜਦੋਂ ਰੌਲਾ ਵੱਧ ਗਿਆ, ਤਾਂ ਪਿੰਡ ਦੇ ਆਗੂਆਂ ਨੂੰ ਬੁਲਾਇਆ ਗਿਆ। ਹੁਣ ਇਹਨਾਂ ਆਗੂਆਂ ਵਿੱਚ ਪੁਰਾਣੇ ਆਗੂ ਵੀ ਸ਼ਾਮਿਲ ਸੀ ।

ਸਾਰਿਆਂ ਨੂੰ ਪਤਾ ਸੀ ਕਿ ਬਿੰਦਰ ਸਹੀ ਹੈ ਅਤੇ ਦੂਜਾ ਬੰਦਾ ਗਲਤ । ਪਰ ਹੁਣ ਉਹਨਾਂ ਆਗੂਆਂ ਨੂੰ ਬਦਲਾ ਲੈਣ ਦਾ ਮੌਕਾ ਮਿਲ ਗਿਆ ਸੀ । ਬਿੰਦਰ ਜੋ ਵੀ ਗੱਲ ਕਹੇ, ਆਗੂ ਉਸਦੀ ਗੱਲ ਨੂੰ ਹੀ ਝੂਠਾ ਪਾ ਦੇਣ ।

ਦਿਖਦੀ ਜਿਹੀ ਗੱਲ ਹੈ ਕਿ ਜਦੋਂ ਫੈਸਲਾ ਕਰਨ ਵਾਲੇ ਪਹਿਲਾਂ ਹੀ ਆਪਣੇ ਮਨ ਵਿੱਚ ਫੈਸਲਾ ਧਾਰਕੇ ਬੈਠੇ ਹੋਣਗੇ, ਤਾਂ ਫੈਸਲਾ ਤਾਂ ਉਹੋ ਹੀ ਹੋਵੇਗਾ ਜੋ ਉਹਨਾਂ ਨੇ ਪਹਿਲਾਂ ਹੀ ਧਾਰਿਆ ਹੋਵੇਗਾ।

ਅੰਤ ਉਹਨਾਂ ਨੇ ਬਿੰਦਰ ਨੂੰ ਹੀ ਗਲਤ ਸਾਬਿਤ ਕਰ ਦਿੱਤਾ । ਬਿੰਦਰ ਬਹੁਤ ਦੁਖੀ ਹੋਇਆ। ਬਿੰਦਰ ਨੂੰ ਪੂਰੀ ਗੱਲ ਸਮਝ ਆ ਗਈ ਕਿ ਪੂਰੀ ਕਹਾਣੀ ਕਿਥੋਂ ਸ਼ੁਰੂ ਹੋਈ ਸੀ ਅਤੇ ਕਿਥੇ ਖਤਮ ਅਤੇ ਇਹ ਕਹਾਣੀ ਇਸ ਤਰ੍ਹਾਂ ਹੀ ਖਤਮ ਕਿਉਂ ਹੋਈ ।



ਅਮਨਪ੍ਰੀਤ ਸਿੰਘ
91- 9465554088

ਪਰ ਬਿੰਦਰ ਦੇ ਦਿਮਾਗ ਵਿੱਚ ਕੁਝ ਸਵਾਲ ਰਹਿ ਗਏ, ਜਿਹਨਾਂ ਦਾ ਜਵਾਬ ਦੇਣਾ ਥੋੜ੍ਹਾ ਔਖਾ ਹੈ।

"ਜੇ ਬਿੰਦਰ ਨੂੰ ਦਾਨ ਨਾ ਦੇਣ ਦੀ ਹੀ ਸਜਾ ਮਿਲੀ ਹੈ, ਤਾਂ ਇਸਦਾ ਮਤਲਬ ਇਹ ਹੋਇਆ ਕਿ ਉਸ ਵਕਤ ਉਸ ਤੋਂ ਦਾਨ ਨਹੀਂ ਬਲਕਿ ਬਦਮਾਸ਼ੀ ਨਾਲ ਰਕਮ ਮੰਗੀ ਜਾ ਰਹੀ ਸੀ ? ਕਿਉਂਕਿ ਪਹਿਲਾਂ ਬਦਮਾਸ਼ ਪੈਸਾ ਮੰਗਦੇ ਹਨ, ਜੇ ਪੈਸਾ ਉਹਨਾਂ ਨੂੰ ਨਾ ਦਿੱਤਾ ਜਾਵੇ ਤਾਂ ਬਦਮਾਸ਼ ਪੈਸੇ ਨਾ ਦੇਣ ਵਾਲੇ ਦਾ ਨੁਕਸਾਨ ਕਰਦੇ ਹਨ।"

"ਸ਼ਾਇਦ ਇਹ ਸਭਿਅਕ ਬਦਮਾਸ਼ੀ ਅਸਲੀ ਬਦਮਾਸ਼ੀ ਨਾਲੋਂ ਵੀ ਖਤਰਨਾਕ ਹੈ ? ਕਿਉਂਕਿ ਘਟੋ ਘਟ ਅਸਲੀ ਬਦਮਾਸ਼ ਨੂੰ ਪਤਾ ਹੁੰਦਾ ਹੈ ਕਿ ਉਹ ਬਦਮਾਸ਼ੀ ਕਰ ਰਿਹਾ ਹੈ, ਅਤੇ ਸਮਾਜ ਵੀ ਉਸ ਬਦਮਾਸ਼ੀ ਨੂੰ ਬਦਮਾਸ਼ੀ ਕਰਾਰ ਦਿੰਦਾ ਹੈ। ਪਰ ਇਸ ਸਭਿਅਕ ਬਦਮਾਸ਼ੀ ਦਾ ਕੀ ਕਰੋਂਗੇ ! ਕਿਉਂਕਿ ਇਸ ਵਿੱਚ ਬਦਮਾਸ਼ੀ ਕਰਨ ਵਾਲਾ ਆਪਣੇ ਆਪ ਨੂੰ ਪਰਉਪਕਾਰੀ ਸਮਝ ਰਿਹਾ ਹੈ, ਅਤੇ ਇਸ ਵਿੱਚ ਅਜਿਹੇ ਬਦਮਾਸ਼ ਦਾ ਸਮਾਜ ਵੀ ਉਸਦਾ ਸਾਥ ਦੇ ਰਿਹਾ ਹੈ ।"


"ਹਾਲਾਂਕਿ ਇਹ ਬਿੰਦਰ ਮੰਨਦਾ ਹੈ ਕਿ ਅਜਿਹੇ ਕੰਮ ਵਿੱਚ ਦਾਨ ਦੇਣਾ ਕੋਈ ਬੁਰੀ ਗੱਲ ਨਹੀਂ । ਪਰ ਜੇ ਕੋਈ ਦਾਨ ਨਾ ਦੇਵੇ, ਉਸ ਦਾ ਬੁਰਾ ਹਸ਼ਰ ਕਰਨਾ, ਇਸ ਤਾਂ ਇਸ ਤੋਂ ਵੀ ਕਈ ਗੁਣਾ ਜ਼ਿਆਦਾ ਘਿਨੌਨੀ ਗੱਲ ਹੈ ।"

ਤੁਹਾਨੂੰ ਕੀ ਲਗਦਾ ਹੈ, ਇਸ ਵਿੱਚ ਬਿੰਦਰ ਸਹੀ ਹੈ ਯਾ ਫਿਰ ਗਲਤ ?

# ਸਦੀ ਇੱਕੀਵੀਂ

(ਇੱਕੀਵੀਂ ਦੇ ਇੱਕ ਹੋਰ ਨਵੇਂ ਸਾਲ ਨੂੰ ਸਲਾਮ)
ਉਠੋਂ ਬਾਰੀਆਂ ਬੂਹੇ ਖੋ੍ਹਲੋ ਨਿੱਕਲੋ ਬਾਹਰ ਦੇਖੋ ਸੁਣੋ ਜੋ
ਵਾਂਗ ਹਵਾ ਦੇ ਖ਼ਬਰ ਹੈ ਫਿਰ ਗਈ ਗਲੀਆਂ ਰਾਹਾਂ ਜੂਹਾਂ 'ਤੇ।
ਧੂਮ ਧਾਮ ਧਰਤੀ ਅੰਬਰ 'ਤੇ ਚਹਿਲ ਪਹਿਲ ਮੱਚ ਕੂਕ ਰਹੀ,
ਸਦੀ ਇੱਕੀਵੀਂ ਗੁਜ਼ਰ ਰਹੀ ਹੈ ਆਦਮ ਦੀਆਂ ਬਰੂਹਾਂ 'ਤੇ।
ਪ੍ਰਸ਼ਨ ਜੋ ਪਿਆਰ ਤੇ ਰੋਗ 'ਚ ਮਿਟ ਗਈ ਰੇਖਾ ਉੱਤੇ ਉੱਗੇਗਾ,
ਹੀਰ ਰਾਂਝੇ ਦੇ ਨਾਲ ਨਾਲ ਉਹ ਚੂਚਕ ਤਾਈਂ ਵੀ ਪੁੱਜੇਗਾ।
ਵਾਰਿਸਸ਼ਾਹ ਦੀ ਹੀਰ ਉੱਤੇ ਹੀਰਾਂ ਦਾ ਹਾਸਾ ਡੁੱਲ੍ਹੇਗਾ,
ਹੁਣ ਗੋਰਖ਼ਨਾਥ ਦੇ ਟਿੱਲੇ ਉੱਤੇ ਹਸਪਤਾਲ ਇਕ ਖੁੱਲ੍ਹੇਗਾ।
ਜਿੱਥੇ ਮਨ-ਵਿਗਿਆਨੀ ਦੂਰ ਕਰਨਗੇ ਰੋਗ ਜੋ ਟਿਕ ਗਏ ਰੂਹਾਂ 'ਤੇ
ਸਦੀ ਇੱਕੀਵੀਂ ਗੁਜ਼ਰ ਰਹੀ ਹੈ ਆਦਮ ਦੀਆਂ ਬਰੂਹਾਂ 'ਤੇ।
ਹੁਣ ਬੱਕਰਾ ਜੋ ਬੁਲਾਵੇਗਾ ਜਾਂ ਸ਼ੇਰ ਦਾ ਪੁੱਤ ਕਹਾਵੇਗਾ
ਉਹ ਬੰਦਾ ਪਿੰਡ ਦੀ ਅੱਖ ਸਾਹਮਣੇ ਪਸ਼ੂ ਪਸ਼ੂ ਹੋ ਜਾਵੇਗਾ।
ਅਣਗਹਿਲੀ ਬੇਪ੍ਰਵਾਹੀ ਨੂੰ ਕਹਿ ਦਿਲ ਖੁੱਲ੍ਹੇ ਕਹਿ ਵਡਿਆਵੇਗਾ
ਓਹ ਨਿੱਤਨੇਮ ਹਕੀਕਤ ਦੇ ਹੱਥੋਂ ਖਾਖਾਂ 'ਤੇ ਥੱਪੜ ਖਾਵੇਗਾ।
ਹੁਣ ਸੋਚ ਨੇ ਭੰਗੜਾ ਪਾਉਣਾ ਹੈ ਹਰ ਪਹਿਆਂ, ਰਾਹਾਂ, ਖੂਹਾਂ 'ਤੇ
ਸਦੀ ਇੱਕੀਵੀਂ ਗੁਜ਼ਰ ਰਹੀ ਹੈ ਆਦਮ ਦੀਆਂ ਬਰੂਹਾਂ 'ਤੇ।
ਜੋ ਪੰਡਾਂ ਅਸੀਂ ਫ਼ਰੋਲੀਆਂ ਨਾਂ, ਉਹ ਪੰਡਾਂ ਨਾ ਹੁਣ ਚੁੱਕਣੀਆਂ,
ਅਸੀਂ ਉਨ੍ਹਾਂ ਪਿੱਛੇ ਹੁਣ ਤੁਰ ਪੈਣਾਂ ਜੋ ਦਿਲੋਂ ਉਮੰਗਾਂ ਉੱਠਣੀਆਂ।
ਜੋ ਦਿਲ ਵਿਚ ਹੈ ਉਹ ਕਹਿਣਾ ਹੈ ਜੋ ਕਹਿਣਾ ਹੈ ਉਹ ਕਰਨਾ ਹੈ,
ਹੁਣ ਮਾਨਵਤਾ ਨੇ ਇੰਝ ਖੁੱਲ੍ਹਣਾ ਜਿਉਂ ਕੋਈ ਚਟਾਨੋਂ ਝਰਨਾ ਹੈ।
ਦਿਲ ਵਿਚ ਦੱਬੇ ਭੇਦ ਸੱਭੇ ਆ ਨੱਚ ਪੈਣੇ ਨੇ ਮੂੰਹਾਂ 'ਤੇ
ਨਵੇਂ ਵਰ੍ਹੇ ਨੂੰ ਆਇਆਂ ਆਖਣ ਦੇ ਇਸ ਸ਼ੁੱਭ ਅਵਸਰ 'ਤੇ:
ਸਦੀ ਇੱਕੀਵੀਂ ਗੁਜ਼ਰ ਰਹੀ ਹੈ ਆਦਮ ਦੀਆਂ ਬਰੂਹਾਂ 'ਤੇ।
ਜੋ ਗੱਡੀ ਅੜੀ ਹੈ ਸਦੀਆਂ ਤੋਂ ਉਹਤੋਂ ਥੱਲੇ ਉੱਤਰ ਜਾਵਾਂਗੇ,
ਖੁਦ ਆਪਣੀ ਮੰਜ਼ਲ ਮਿੱਥਾਂਗੇ, ਖੁਦ ਨਵੀਆਂ ਪੈੜਾਂ ਪਾਵਾਂਗੇ।
ਜਿੱਥੇ ਲੋੜ ਹੈ ਸੋਚ ਦੁੜਾਉਣੇ ਦੀ, ਉੱਥੇ ਡਾਂਗ ਜੇ ਉੱਲਰੀ ਲਾਹਣਤ ਹੋਊ,
ਨਾ ਟੋਪੀ ਤੇ ਨਾ ਪਗੜੀ ਵਿਚ, ਹੁਣ ਇੱਜ਼ਤ ਸਿਆਣਪ ਵਿੱਚ ਵਸੂ।
ਹੁਣ ਹਰ ਬੰਦੇ ਦੀ ਬੁੱਕਤ ਹੋਊ, ਇਕਲੌਤਿਆਂ ਅਤੇ ਸਮੂਹਾਂ 'ਚੇ
ਸਦੀ ਇੱਕੀਵੀਂ ਗੁਜ਼ਰ ਰਹੀ ਹੈ ਆਦਮ ਦੀਆਂ ਬਰੂਹਾਂ 'ਤੇ।
ਹੁਣ ਬੇਕਦਰੇ ਜਿਹੇ ਰੁੱਖ ਬਣਕੇ ਨਹੀਂ ਝੂਲਦੇ ਟੁੱਟਦੇ ਜਾਵਾਂਗੇ,
ਕਦ ਸਾਹ ਤੇ ਕਦ ਤੂਫ਼ਾਨ ਬਣੇ, ਹਰ ਹਵਾ ਤਾਈਂ ਸਮਝਾਵਾਂਗੇ।
ਹੱਥ ਖਿੱਚ ਕੇ ਪੂਜਾ ਦੇ ਵਿੱਚੋਂ ਅਸਮਾਨ ਦੇ ਨਾਲ ਮਿਲਾਵਾਂਗੇ,
ਹੁਣ ਝੁਕਿਆ ਸਿਰ ਉਤਾਂਹ ਚੁੱਕ ਕੇ ਹੋਣੀ ਸੰਗ ਮੱਥਾ ਲਾਵਾਂਗੇ।
ਫਿਰ ਤਰਕਾਂ ਦੀ ਬਰਸਾਤ ਹੋਊ, ਵਹਿਮਾਂ ਦੀਆਂ ਵਗਦੀਆਂ ਲੂਹਾਂ 'ਤੇ
ਸਦੀ ਇੱਕੀਵੀਂ ਗੁਜ਼ਰ ਰਹੀ ਹੈ ਆਦਮ ਦੀਆਂ ਬਰੂਹਾਂ 'ਤੇ।
ਜਦ ਜਸ਼ਨ ਮਨਾਏ ਅਰਥਾਂ ਦੇ, ਸਭ ਛੱਡ ਕੇ ਪੂਜਾ ਸ਼ਬਦਾਂ ਦੀ,
ਫਿਰ ਉਂਗਲਾਂ ਨੇ ਥਾਹ ਪਾ ਲੈਣੀ, ਚੱਲ ਰਹੇ ਵਕਤ ਦੀਆਂ ਨਬਜ਼ਾਂ ਦੀ।
ਨਾ ਚੋਣਾਂ ਲਹੂ ਕਿਤਾਬਾਂ 'ਚੋਂ, ਨਾ ਧਰਮ ਸਥਾਨਾਂ ਮਚਣਾ ਏਂ,
ਫਿਰ ਹਰ ਦਿਲ ਦੇ ਵਿਚ ਬੁੱਲ੍ਹੇ ਨੇ, ਕਰ ਥਈਆ ਥਈਆ ਨੱਚਣਾ ਏਂ।
ਫਿਰ 'ਪਾਲ' ਵੀ ਖੁੱਲ੍ਹ ਕੇ ਹੱਸੂਗਾ ਖੁਦ ਆਪਣੇ ਦਿਲ ਦੀਆਂ ਧੂਹਾਂ 'ਤੇ।
ਸਦੀ ਇੱਕੀਵੀਂ ਆਣ ਢੁੱਕੀ ਹੈ ਆਦਮ ਦਿਆਂ ਬਰੂਹਾਂ 'ਤੇ।

- ਡਾ. ਸੁਖਪਾਲ ਸੰਘੇੜਾ
E-mail: dr.sukhpal.sanghera@gmail.com




ਮਰਨਾ ਸ਼ਾਨ ਨਾਲ

# ਨਾ ਹਮ ਹਿੰਦੂ ਨਾ ਮੁਸਲਮਾਨ
# ਸਾਡੀ ਮੰਜ਼ਿਲ ਖਾਲਿਸਤਾਨ

ਖਾਲਿਸਤਾਨ ਜ਼ਿੰਦਾਬਾਦ ਖਾਲਿਸਤਾਨ ਜ਼ਿੰਦਾਬਾਦ ਖਾਲਿਸਤਾਨ ਜ਼ਿੰਦਾਬਾਦ

## ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ



ਜੀਣਾ ਅਣਖ ਨਾਲ

# ਸ੍ਰੀ ਗੁਰੂ ਗੋਬਿੰਦ ਸਿੰਘ ਜੀ

## ਦੇ ਪ੍ਰਕਾਸ਼ ਪੁਰਬ ਅਤੇ

# ਨਵੇਂ ਸਾਲ 2019

## ਦੀਆਂ

# ਲੱਖ-ਲੱਖ ਵਧਾਈਆਂ



ਸ: ਰੇਸ਼ਮ ਸਿੰਘ
ਸੀਨੀ. ਮੀਤ ਪ੍ਰਧਾਨ ਅਮਰੀਕਾ

ਸ੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ.ਐਸ.ਏ. (ਵੈਸਟ) ਵਲੋਂ

## 6 ਜਨਵਰੀ 2019 (ਐਤਵਾਰ)

ਨੂੰ ਦੁਪਹਿਰ 1 ਵਜੇ ਪਾਰਟੀ ਦੀ ਮੀਟਿੰਗ ਹੇਠ ਲਿਖੇ ਪਤੇ 'ਤੇ ਬੁਲਾਈ ਜਾ ਰਹੀ ਹੈ।

## MOGA PALACE 3510 WIBLE RD BAKERSFIELD

ਇਸ ਮੌਕੇ ਨਵੀਂ ਮੈਂਬਰਸ਼ਿਪ ਵੀ ਦਿੱਤੀ ਜਾਵੇਗੀ।



ਸ: ਜਸਵੀਰ ਸਿੰਘ ਤੱਖਰ
ਸੀਨੀਅਰ ਵਾਈਸ ਪ੍ਰਧਾਨ, ਕੈਲੀਫੋਰਨੀਆ



ਸ: ਜਗਤਾਰ ਸਿੰਘ ਗਿੱਲ
ਪ੍ਰਧਾਨ ਯੂਥ ਯੂ. ਐਸ. ਵੈਸਟ



ਸ: ਸਮਪ੍ਰੀਤ ਸਿੰਘ



ਸ: ਤਰਨਜੀਤ ਸਿੰਘ ਘੁਮਾਣ



ਸ: ਜਰਨੈਲ ਸਿੰਘ



ਸ: ਬਲਜਿੰਦਰ ਸਿੰਘ ਘੁਮਾਣ



ਸ: ਲਵਦੀਪ ਸਿੰਘ



ਸ: ਮਨਦੀਪ ਸਿੰਘ ਬੋਲ਼ਾ



ਸ: ਸਤਨਾਮ ਸਿੰਘ

ਪੁੱਛਗਿੱਛ ਅਤੇ ਪਾਰਟੀ ਮੈਂਬਰਸ਼ਿਪ ਲਈ ਸੰਪਰਕ ਕਰੋ

**ਰੇਸ਼ਮ ਸਿੰਘ ਸੀਨੀਅਰ ਮੀਤ ਪ੍ਰਧਾਨ ਅਮਰੀਕਾ (661) 209-0118 (ਬੇਕਰਸਫੀਲਡ),**
**ਜਸਵੀਰ ਸਿੰਘ ਤੱਖਰ (510) 755-2132 (ਹੇਵਰਡ),**
**ਜਗਤਾਰ ਸਿੰਘ ਗਿੱਲ (559) 273-9735 (ਫਰਿਜ਼ਨੋ) ਸਮਪ੍ਰੀਤ ਸਿੰਘ (510) 766-9382**

ਜੇਹਾ ਚੀਰੀ ਲਿਖਿਆ ਤੇਹਾ ਹੁਕਮ ਕਮਾਇ। ਘਲੇ ਆਵਏ ਨਾਨਕਾ ਸਦਿ ਉਠੀ ਜਾਹਿ।।

# ਸ. ਜਸਵੀਰ ਸਿੰਘ ਤੱਖਰ ਨੂੰ ਅਸਹਿ ਸਦਮਾ
# ਪਿਤਾ ਸ. ਮੁਖਤਿਆਰ ਸਿੰਘ ਤੱਖਰ ਦਾ ਅਕਾਲ ਚਲਾਣਾ



**ਹੇਵਰਡ (ਦੇਸ਼ ਦੁਆਬਾ ਬਿਊਰੋ)–** ਇਹ ਖ਼ਬਰ ਬੜੇ ਦੁਖੀ ਹਿਰਦੇ ਨਾਲ ਪੜ੍ਹੀ ਜਾਵੇਗੀ ਕਿ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਅਤੇ ਏਏਏ ਆਟੋ ਐਂਡ ਬਾਡੀ ਵਰਕਸ ਦੇ ਮਾਲਕ ਸ. ਜਸਵੀਰ ਸਿੰਘ ਤੱਖਰ ਦੇ ਪੂਜਨੀਕ ਪਿਤਾ ਸ. ਮੁਖਤਿਆਰ ਸਿੰਘ ਤੱਖਰ (76) ਦਾ ਲੰਘੇ ਐਤਵਾਰ ਉਹਨਾਂ ਦੇ ਜੱਦੀ ਪਿੰਡ ਰਾਮੂਵਾਲ ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ (ਪੰਜਾਬ) ਭਾਰਤ ਵਿਖੇ ਸਵਰਗਵਾਸ ਹੋ ਗਿਆ। ਸਵਰਗੀ ਸ. ਮੁਖਤਿਆਰ ਸਿੰਘ ਤੱਖਰ 76 ਸਾਲ ਦੀ ਸੰਸਾਰਕ ਯਾਤਰਾ ਪੂਰੀ ਕਰਦਿਆਂ ਗੁਰੂ ਸਾਹਿਬਾਨ ਦੇ ਚਰਨਾਂ 'ਚ ਜਾ ਬਿਰਾਜੇ। ਉਹ ਆਪਣੇ ਪਿੱਛੇ ਆਪਣੀ ਪਤਨੀ ਸਰਦਾਰਨੀ ਸੁਰਿੰਦਰ ਕੌਰ, ਤਿੰਨੇ ਲੜਕੇ ਅਤੇ ਦੋ ਲੜਕੀਆਂ ਤੋਂ ਇਲਾਵਾ ਪੋਤੇ, ਪੋਤੀਆਂ, ਦੋਹਤੇ, ਦੋਹਤੀਆਂ ਦਾ ਹਰਿਆ-ਭਰਿਆ ਪਰਿਵਾਰ ਛੱਡ ਗਏ। ਉਹਨਾਂ ਦੇ ਦੋ ਲੜਕੇ ਜਸਵੀਰ ਸਿੰਘ ਤੱਖਰ ਕੈਲੇਫੋਰਨੀਆ ਅਤੇ ਸੁਰਜੀਤ ਸਿੰਘ ਤੱਖਰ ਨਿਊਯਾਰਕ ਅਤੇ ਸਤਨਾਮ ਸਿੰਘ ਤੱਖਰ (ਨੰਬਰਦਾਰ) ਪੰਜਾਬ 'ਚ ਰਹਿ ਰਹੇ ਹਨ ਅਤੇ ਭੈਣਾਂ ਇਕ ਕੈਲੇਫੋਰਨੀਆ 'ਚ ਅਤੇ ਦੂਜੀ ਪੰਜਾਬ 'ਚ ਆਪੋ-ਆਪਣੇ ਪਰਿਵਾਰ ਨਾਲ ਰਹਿ ਰਹੇ ਹਨ।

ਸਵਰਗੀ ਸ. ਮੁਖਤਿਆਰ ਸਿੰਘ ਤੱਖਰ ਦਾ 25 ਦਸੰਬਰ ਨੂੰ ਪਿੰਡ ਵਿਖੇ ਸਸਕਾਰ ਕਰ ਦਿੱਤਾ ਗਿਆ, ਜਿੱਥੇ ਭਾਰੀ ਗਿਣਤੀ ਵਿਚ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਸਕੇ-ਸਬੰਧੀ, ਇਲਾਕਾ ਨਿਵਾਸੀ ਹਾਜ਼ਰ ਸਨ। ਵਿੱਛੜੀ ਰੂਹ ਦੀ ਆਤਮਕ ਸ਼ਾਂਤੀ ਲਈ ਤੱਖਰ ਪਰਿਵਾਰ ਵੱਲੋਂ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਰਖਾਏ 30 ਦਸੰਬਰ 2018 ਨੂੰ ਰਖਾਏ ਜਾਣਗੇ ਅਤੇ ਪਹਿਲੀ ਜਨਵਰੀ 2019 ਨੂੰ ਭੋਗ ਪਾਏ ਜਾਣਗੇ।

ਅਦਾਰਾ 'ਦੇਸ਼ ਦੁਆਬਾ' ਸਮੂਹ ਤੱਖਰ ਪਰਿਵਾਰ ਨਾਲ ਇਸ ਅਸਹਿ ਦੁੱਖ ਦੀ ਘੜੀ ਵਿਚ ਖੜ੍ਹਾ ਹੈ ਅਤੇ ਵਾਹਿਗੁਰੂ, ਅਕਾਲ ਪੁਰਖ ਅੱਗੇ ਸਨਿਮਰ ਬੇਨਤੀ ਕਰਦਾ ਹੈ ਕਿ ਇਸ ਵਿੱਛੜੀ ਰੂਹ ਨੂੰ ਆਪਣੇ ਚਰਨਾਂ 'ਚ ਨਿਵਾਸ ਬਖਸ਼ੇ ਅਤੇ ਸਮੂਹ ਤੱਖਰ ਪਰਿਵਾਰ, ਸਕੇ ਸਬੰਧੀਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

## ਹੋਰ ਜਾਣਕਾਰੀ ਅਤੇ ਦੁੱਖ ਸਾਂਝਾ ਕਰਨ ਲਈ

ਉਹਨਾਂ ਦੇ ਸਪੁੱਤਰ ਸ. ਜਸਵੀਰ ਸਿੰਘ ਤੱਖਰ 510-755-2132

ਸ. ਸੁਰਜੀਤ ਸਿੰਘ ਤੱਖਰ 917-513-5513 'ਤੇ ਸੰਪਰਕ ਕੀਤਾ ਜਾ ਸਕਦਾ ਹੈ।